# ਵਤਨ

www.watanpunjabi.ca

ਸਤੰਬਰ 2011-ਫਰਵਰੀ 2012

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਅੰਜੂ ਹੁੰਦਲ ਅਤੇ ਪਾਲ ਬਿਨਿੰਗ

ਇਸ ਅੰਕ ਵਿੱਚ


| ਇਸ ਅੰਕ ਵਿੱਚ | | | ਸਫਾ |
|---|---|---|---|
| ਸੰਪਰਕ | | | 2 |
| ਸ਼ਰਧਾਂਜਲੀ | | | |
| | ਭਾਜੀ ਗੁਰਸ਼ਰਨ ਸਿੰਘ | ਸਾਧੂ ਬਿਨਿੰਗ | 3 |
| | ਕਰਤਾਰ ਸਿੰਘ ਦੁੱਗਲ | ਸੰਪਾਦਕ | 4 |
| | ਕਰਿਸਟੋਫਰ ਹਿਚਨਜ਼ | ਸਾਧੂ ਬਿਨਿੰਗ | 55 |
| ਲੇਖ | | | |
| | ਡਰਾਮੇ ਵਾਲਾ ਬਾਬਾ | ਸੁਖਦੇਵ ਸਿੱਧੂ | 5 |
| | ਮੈਥੋਂ ਮੇਰਾ ਬਿਰਹਾ ਵੱਡਾ: ਸ਼ਿਵ ਕੁਮਾਰ ਨਾਲ ਕੀਤੇ ਸਫਰ ’ਤੇ ਇਕ ਝਾਤ | ਪ੍ਰੇਮ ਕੁਮਾਰ | 11 |
| | ਸਾਡੇ ਸਮਿਆਂ ’ਚ ਮਾਰਕਸ ਤੇ ਉਸ ਦਾ ਚਿੰਤਨ | ਤਸਕੀਨ | 35 |
| | ਕਾਲਾ ਕਾਦਰ ਦੇ ਵਜ਼ੀਰ ਚਰਵਾਹੇ ਦਾ ਕਵੀ ਪੁੱਤਰ | ਅਹਿਮਦ ਨਦੀਮ ਕਾਸਮੀ ਪੰਜਾਬੀ ਰੂਪ: ਜੋਗਿੰਦਰ ਸ਼ਮਸ਼ੇਰ | 43 |
| | ਫ਼ੈਜ਼ ਅਹਿਮਦ ਫ਼ੈਜ਼ ਦੀ ਪੰਜਾਬੀ ਕਵਿਤਾ | ਸਾਧੂ ਬਿਨਿੰਗ | 53 |
| ਸਵੈਕਥਨ | | | |
| | ਗੁਰਸ਼ਰਨ ਸਿੰਘ ਦਾ ਬਚਪਨ ਅਤੇ ਉਹਨਾਂ ਦੇ ਰੰਗਮੰਚ ਦੀ ਸ਼ੁਰੂਆਤ ਉਹਨਾਂ ਦੀ ਆਪਣੀ ਜ਼ਬਾਨੀ | | 9 |
| ਮੁਲਾਕਾਤ | | | |
| | ਪੰਜਾਬ ਦੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨਾਲ ਮੁਲਾਕਾਤ | ਸਾਧੂ ਬਿਨਿੰਗ | 17 |
| ਕਹਾਣੀ | | | |
| | ਸੂਰਾ ਸੋ ਪਹਿਚਾਨੀਐ | ਹਰਪ੍ਰੀਤ ਸੇਖਾ | 27 |
| ਫਿਲਮ ਰਿਵੀਊ | | | |
| | ਬੋਲ | ਸਾਧੂ ਬਿਨਿੰਗ | 57 |
| | ਨੀਰੋਜ਼ ਗੈੱਸਟ | ਸੁਖਵੰਤ ਹੁੰਦਲ | 58 |

### ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | sukhwanthundal123@gmail.com | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---


## ਕਾਪੀਰਾਇਟ ਨੋਟਿਸ

ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – ਅਦਾਰਾ ਵਤਨ


---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan. All officeholders and members of Watan, past and present, have been and are honorary associates.


---

# ਪਾਠਕਾਂ ਦੇ ਨਾਂ

ਜਿਵੇਂ ਤੁਸੀਂ ਜਾਣਦੇ ਹੋ ਕਿ ਅਸੀਂ ਵਤਨ ਦਾ ਹਰ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਉਹਨਾਂ ਪਾਠਕਾਂ ਨੂੰ ਈ-ਮੇਲ ਰਾਹੀਂ ਸੂਚਨਾ ਭੇਜਦੇ ਹਾਂ ਜਿਹਨਾਂ ਦੇ ਈ-ਮੇਲ ਐਡਰਸ ਸਾਡੀ ਈ-ਮੇਲ ਲਿਸਟ ਵਿੱਚ ਸ਼ਾਮਲ ਹਨ। ਜੇ ਤੁਸੀਂ ਵਤਨ ਆਨਲਾਈਨ ਪੜ੍ਹਦੇ ਹੋ ਪਰ ਤੁਹਾਨੂੰ ਇਸ ਦੇ ਅਪਲੋਡ ਹੋਣ ਬਾਰੇ ਸੂਚਨਾ ਨਹੀਂ ਮਿਲਦੀ ਤਾਂ ਤੁਸੀਂ ਸਾਨੂੰ ਆਪਣਾ ਈ-ਮੇਲ ਐਡਰਸ ਜ਼ਰੂਰ ਭੇਜੋ। ਅਸੀਂ ਤੁਹਾਨੂੰ ਹਰ ਵਾਰੀ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਨਾਲ ਤੁਹਾਨੂੰ ਵਤਨ ਦੇ ਨਵੇਂ ਅੰਕ ਦੇ ਅਪਲੋਡ ਹੋਣ ਬਾਰੇ ਜਾਣਕਾਰੀ ਮਿਲੇਗੀ ਅਤੇ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ: sukhwanthundal123@gmail.com ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: **Please add my name to the Watan mailing list.** ●

ਸ਼ਰਧਾਂਜਲੀ

# ਭਾਜੀ ਗੁਰਸ਼ਰਨ ਸਿੰਘ



ਪੰਜਾਬੀ ਰੰਗ ਮੰਚ ਦੇ ਸਭ ਤੋਂ ਵੱਧ ਜਾਣੇ ਤੇ ਸਤਿਕਾਰੇ ਜਾਂਦੇ ਸਿਤਾਰੇ ਭਾਅ ਜੀ ਗੁਰਸ਼ਰਨ ਸਿੰਘ 27 ਸਤੰਬਰ 2011 ਨੂੰ ਸਾਥੋਂ ਸਦਾ ਲਈ ਵਿਛੜ ਗਏ। ਉਹਨਾਂ ਦਾ ਜਨਮ16 ਸਤੰਬਰ 1929 ਨੂੰ ਹੋਇਆ ਸੀ।

ਭਾਅ ਜੀ ਗੁਰਸ਼ਰਨ ਸਿੰਘ ਦਾ ਨਾਂ ਪੰਜਾਬ ਅਤੇ ਭਾਰਤ ਦੇ, ਸਗੋਂ ਸਮੁੱਚੀ ਮਨੁੱਖਤਾ ਦੇ ਉਨ੍ਹਾਂ ਮਹਾਨ ਨਾਇਕਾਂ ’ਚ ਲਿਆ ਜਾਵੇਗਾ ਜਿਨ੍ਹਾਂ ਆਪਣੇ ਜੀਵਨ ਦਾ ਬਹੁਤਾ ਸਮਾਂ ਆਪਣੇ ਸਮਾਜੀ ਆਲੇ ਦੁਆਲੇ ਨੂੰ ਬਿਹਤਰ ਬਣਾਉਣ ਵਿਚ ਲਾਇਆ। ਆਪਣੇ ਇਸ ਲਖਸ਼ ਨੂੰ ਪੂਰਾ ਕਰਨ ਲਈ ਜਿਸ ਕਿਸਮ ਦੀ ਵੀ ਕੁਰਬਾਨੀ ਦੀ ਲੋੜ ਸੀ ਉਹ ਕੀਤੀ।

ਗੁਰਸ਼ਰਨ ਸਿੰਘ ਨੇ ਨਾਟਕ ਕਲਾ ਰਾਹੀਂ ਸਮਾਜਿਕ, ਆਰਥਿਕ ਤੇ ਸਿਆਸੀ ਬੇਇਨਸਾਫੀਆਂ ਨੂੰ ਲੋਕਾਂ ਦੇ ਸਾਹਮਣੇ ਉਘਾੜ ਕੇ ਰੱਖਿਆ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਲੋਕਾਂ ਨੂੰ ਚੇਤਨ ਹੋਣ ਦਾ ਸੁਨੇਹਾ ਦਿੱਤਾ। ਇਕ ਬਰਾਬਰਤਾ ਵਾਲਾ ਸਮਾਜ ਉਸਾਰਨ ਦਾ ਸੁਨੇਹਾ ਦਿੱਤਾ ਜਿੱਥੇ ਹਰ ਵਿਅਕਤੀ ਨੂੰ ਬਿਨਾਂ ਕਿਸੇ ਕਿਸਮ ਦੇ ਭਿੰਨ ਭੇਦ ਦੇ ਸਤਿਕਾਰ ਮਿਲੇ। ਭਾਅ ਜੀ ਹੋਰਾਂ ਆਪਣਾ ਇਹ ਕੰਮ ਲੰਮਾ ਸਮਾਂ ਇਮਾਨਦਾਰੀ, ਸੁਹਿਰਦਤਾ ਤੇ ਪ੍ਰਤੀਬੱਧਤਾ ਨਾਲ ਕੀਤਾ।

ਗੁਰਸ਼ਰਨ ਸਿੰਘ ਨੇ ਰੰਗਮੰਚ ਵਰਗੀ ਕਲਾ ਨੂੰ ਸ਼ਹਿਰੀ ਉੱਚ ਵਰਗ ਦੇ ਕਬਜ਼ੇ ਵਿੱਚੋਂ ਕੱਢ ਕੇ ਉਨ੍ਹਾਂ ਇਸ ਨੂੰ ਪੰਜਾਬ ਦੇ ਹਰ ਪਿੰਡ ਦੇ ਲੋਕਾਂ ਦੀ ਪਹੁੰਚ ਵਿਚ ਕਰ ਦਿੱਤਾ। ਭਾਅ ਜੀ ਹੋਰਾਂ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਆਲੇ ਦੁਆਲੇ ਵਿਚ ਨਾਟਕ ਦਿਖਾਏ ਹੀ ਨਹੀਂ ਸਗੋਂ ਆਪਣੀ ਚੁੰਬਕੀ ਸ਼ਖਸੀਅਤ ਨਾਲ ਵੱਡੀ ਗਿਣਤੀ ਵਿਚ ਲੋਕਾਂ ਨੂੰ ਨਾਟਕ ਦੀ ਸਰਗਰਮੀ ਨਾਲ ਜੋੜਿਆ ਜਿਹੜੇ ਸ਼ਾਇਦ ਉਂਜ ਕਦੇ ਨਾਟਕ ਕਰਨ ਦਾ ਹੌਂਸਲਾ ਨਾ ਕਰ ਸਕਦੇ। ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬ ਦੀ ਧਰਤੀ ਅੰਦਰ ਉਹ ਬੀਜ ਬੀਜੇ ਹਨ ਜਿਹੜੇ ਆਉਣ ਵਾਲੇ ਸਮਿਆਂ ਵਿਚ ਵੀ ਪੰਜਾਬ ਦੀ ਧਰਤੀ ’ਤੇ ਆਪਣਾ ਅਸਰ ਦਿਖਾਉਂਦੇ ਰਹਿਣਗੇ।

ਆਪਣੇ ਨਾਟਕਾਂ ਵਿਚ ਲੋਕਾਂ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਆਮ ਲੋਕਾਂ ਦੇ ਸਮਝ ਆਉਣ ਵਾਲੀ ਬੋਲੀ ਤੇ ਕਲਾਤਮਕਤਾ ਵਿਚ ਪੇਸ਼ ਕਰਕੇ ਗੁਰਸ਼ਰਨ ਸਿੰਘ ਨੇ ਮਿਸਾਲ ਕਾਇਮ ਕੀਤੀ ਕਿ ਕਿਸ ਤਰ੍ਹਾਂ ਸਾਹਿਤ ਅਤੇ ਕਲਾ ਨੂੰ ਜੀਵਨ ਵਾਸਤੇ ਵਰਤਿਆ ਜਾ ਸਕਦਾ ਹੈ ਅਤੇ ਵਰਤਿਆ ਜਾਣਾ ਚਾਹੀਦਾ ਹੈ। ਇਸ ਨਾਲ ਸਾਹਿਤ ਤੇ ਕਲਾ ਦੀ ਕਦਰ ਘਟਦੀ ਨਹੀਂ ਸਗੋਂ ਵਧ ਲੋਕਾਂ ਦੇ ਮਨਾਂ ’ਚ ਵਸ ਕੇ ਵਧਦੀ ਹੈ। ਭਾਅ ਜੀ ਹੋਰਾਂ ਇਹ ਗੱਲ ਸਿਰਫ ਕਹੀ ਨਹੀਂ ਅਮਲ ਵਿਚ ਕਰ ਕੇ ਦਿਖਾਈ।

ਨਾਟਕਾਂ ਰਾਹੀਂ ਹੀ ਨਹੀਂ ਆਪਣੇ ਕੰਮਾਂ ਕਾਰਾਂ ਤੇ ਆਪਣੀ ਹਰ ਗੱਲਬਾਤ ਵਿਚ ਵੀ ਭਾਅ ਜੀ ਹੋਰਾਂ ਦਾ ਸੁਨੇਹਾ ਹਮੇਸ਼ਾਂ ਇਹੀ ਹੁੰਦਾ ਸੀ ਕਿ ਜੋ ਕੁਝ ਤੁਹਾਡੇ ਆਲੇ ਦੁਆਲੇ ਗਲਤ ਹੋ ਰਿਹਾ ਹੈ ਉਹਨੂੰ ਦੇਖੋ, ਸਮਝੋ ਤੇ ਸਮਾਜ ਨੂੰ ਬਦਲਣ ਲਈ ਇਕੱਠੇ ਹੋ ਕੇ ਕਦਮ ਚੁੱਕੋ। ਸਮਾਜ ਨੂੰ ਸਮਝਣ ਲਈ ਉਨ੍ਹਾਂ ਸਦਾ ਮਾਰਕਸਵਾਦੀ ਪਹੁੰਚ ਅਪਣਾਈ ਤੇ ਸਮਾਜ ਨੂੰ ਬਦਲਣ ਲਈ ਦ੍ਰਿੜ ਇਰਾਦੇ ਨਾਲ ਕੰਮ ਕੀਤਾ। ਆਪਣੀ ਇਸ ਵਿਗਿਆਨਕ ਸੂਝ ਨੂੰ ਲੋਕਾਂ ਵਿਚ ਇਕ ਆਮ ਬੰਦੇ ਦੇ ਸਮਝ ਆਉਣ ਵਾਲੇ ਤਰੀਕੇ ਨਾਲ ਪਹੁੰਚਾਇਆ। ਉਨ੍ਹਾਂ ਦੱਸਿਆ ਕਿ ਜੇ ਇਨਸਾਨ ਵਿਗਿਆਨਕ ਪਹੁੰਚ ਨਾਲ ਦਰਿਆਵਾਂ ਦੇ ਵਹਿਣ ਮੋੜ ਸਕਦਾ ਹੈ ਤਾਂ ਉਹ ਸਮਾਜ ਨੂੰ ਵੀ ਬਦਲ ਸਕਦਾ ਹੈ। ਭਾਵ ਕਿ ਲੋਕਾਂ ਵਿਚ ਇਹ ਸ਼ਕਤੀ ਹੈ ਕਿ ਜੇ ਉਹ ਚੇਤਨ ਹੋ ਕੇ ਕਦਮ ਉਠਾਉਣ ਤਾਂ ਉਹ ਸਮਾਜਿਕ ਤਬਦੀਲੀ ਲਿਆ ਸਕਦੇ ਹਨ ਅਤੇ ਆਪਣਾ ਆਲਾ ਦੁਆਲਾ ਹਰ ਕਿਸੇ ਦੇ ਮਾਣਮੱਤਾ ਜੀਵਨ ਜੀਣ ਯੋਗ ਬਣਾ ਸਕਦੇ ਹਨ।

ਸਾਨੂੰ ਵੀ ਉਨ੍ਹਾਂ ਦੀਆਂ ਕਨੇਡਾ ਫੇਰੀਆਂ ਦੌਰਾਨ ਅਤੇ ਜਦੋਂ ਵੀ ਪੰਜਾਬ ਜਾਣ ਦਾ ਮੌਕਾ ਮਿਲਿਆ ਉਨ੍ਹਾਂ ਨਾਲ ਮਿਲ ਬੈਠਣ ਦਾ ਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਦਾ ਰਿਹਾ। ਉਨ੍ਹਾਂ ਤੋਂ ਉਤਸ਼ਾਹ ਲੈ ਕੇ ਅਸੀਂ ਵੈਨਕੂਵਰ ਸੱਥ ਰਾਹੀਂ ਕਨੇਡਾ ਵਿੱਚ ਲੰਮਾ ਸਮਾਂ ਰੰਗਮੰਚ ਦੀਆਂ ਸਰਗਰਮੀਆਂ ਕਰਦੇ ਰਹੇ। ਅਸੀਂ ਉਨ੍ਹਾਂ ਦੇ ਲਿਖੇ ਨਾਟਕ "ਤੂਤਾਂ ਵਾਲਾ ਖੂਹ", "ਬਾਬਾ ਬੋਲਦਾ ਹੈ", "ਕੁਰਸੀ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ" ਆਦਿ ਵੀ ਕੀਤੇ ਅਤੇ ਏਥੇ ਕਨੇਡੀਅਨ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਸਰਲ ਸ਼ੈਲੀ ਵਿਚ ਨਾਟਕਾਂ ਰਾਹੀਂ ਪੇਸ਼ ਵੀ ਕੀਤਾ। ਅਸੀਂ ਸਮਝਦੇ ਹਾਂ ਕਿ ਉਨ੍ਹਾਂ ਵਲੋਂ ਮਿਲੀ ਸੇਧ ਤੇ ਉਤਸ਼ਾਹ ਨੇ ਸਾਨੂੰ ਸਹੀ ਦਿਸ਼ਾ ਵਿਚ ਕੁਝ ਕਦਮ ਤੁਰਨ ਦਾ ਹੌਂਸਲਾ ਦਿੱਤਾ। ਉਨ੍ਹਾਂ ਨਾਲ ਰਹੀ ਇਸ ਨੇੜਤਾ ਨਾਲ ਇਕ ਵਿਸ਼ੇਸ਼ ਕਿਸਮ ਦੀ ਤਸੱਲੀ ਮਹਿਸੂਸ ਹੁੰਦੀ ਹੈ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ।

ਭਾਅ ਜੀ ਹੋਰੀਂ ਬੜੀ ਵਿਲੱਖਣ ਸ਼ਖਸੀਅਤ ਸਨ। ਉਨ੍ਹਾਂ ਨੂੰ ਮਿਲਣਾ ਤੇ ਉਨ੍ਹਾਂ ਨਾਲ ਗੱਲਾਂ ਕਰਨੀਆਂ ਹਰ ਵਾਰ ਇਕ ਸਿੱਖਣ ਵਾਲਾ ਤੇ ਯਾਦ ਰੱਖਣ ਵਾਲਾ ਵਾਕਿਆ ਹੁੰਦਾ। ਉਹ ਆਮ ਬੰਦੇ ਦੀ ਗੱਲ ਬੜੇ ਧਿਆਨ ਨਾਲ ਸੁਣਦੇ ਤੇ ਅਗਲੇ ਨੂੰ ਅਹਿਸਾਸ ਕਰਾ ਦਿੰਦੇ ਕਿ ਉਹ ਤੇ ਉਹਦੀ ਗੱਲ ਕਿੰਨੀ ਮਹੱਤਵਪੂਰਨ ਹੈ। ਦੂਜੇ ਪਾਸੇ ਉਹ ਵੱਡੇ ਤੋਂ ਵੱਡੇ ਲੀਡਰ ਨੂੰ ਉਹਦੇ ਸਾਹਮਣੇ ਮੂੰਹ ਤੇ ਦੱਸ ਦਿੰਦੇ ਸਨ ਕਿ ਉਸ ਦੀ ਅਸਲੀਅਤ ਕੀ ਹੈ। ਇਸ ਵਾਸਤੇ ਭਾਵੇਂ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ ਹੋਵੇ ਭਾਵੇਂ ਸਰਕਾਰੀ ਨੌਕਰੀ ਤੋਂ ਹੱਥ ਧੋਣੇ ਪਏ ਹੋਣ, ਉਨ੍ਹਾਂ ਪਰਵਾਹ ਨਹੀਂ ਕੀਤੀ। ਇਹੋ ਜਿਹੇ ਵਧੀਆ ਗੁਣ ਹਰ ਕਿਸੇ ਵਿਚ ਨਹੀਂ ਹੁੰਦੇ।

ਅਜੋਕੇ ਸਮੇਂ ਭਾਅ ਜੀ ਵਰਗੇ ਇਨਸਾਨ ਬਹੁਤ ਘੱਟ ਨਜ਼ਰ ਆਉਂਦੇ ਹਨ ਜਿਹੜੇ ਖੁਦ, ਆਪਣੇ ਪਰਿਵਾਰ ਸਣੇ ਆਪਣੀ ਸਾਰੀ ਸ਼ਕਤੀ ਲੋਕਾਂ ਲਈ ਲਾ ਦੇਣ। ਉਨ੍ਹਾਂ ਵਰਗੇ ਸੱਚੇ ਸੁੱਚੇ ਇਨਸਾਨ ਕਦੇ ਮਰਦੇ ਨਹੀਂ। ਉਹ ਸਦਾ ਉਨ੍ਹਾਂ ਲੋਕਾਂ 'ਚ ਜ਼ਿੰਦਾ ਰਹਿੰਦੇ ਹਨ ਜਿਨ੍ਹਾਂ ਵਿਚ ਤੇ ਜਿਨ੍ਹਾਂ ਵਾਸਤੇ ਉਹ ਵਿਚਰੇ ਹੁੰਦੇ ਹਨ। ਇਹ ਦਿਲਚਸਪ ਇਤਫਾਕ ਦੀ ਗੱਲ ਹੈ ਕਿ ਜਿਸ ਦਿਨ ਗੁਰਸ਼ਰਨ ਸਿੰਘ ਜਿਸਮਾਨੀ ਤੌਰ 'ਤੇ ਸਾਥੋਂ ਦੂਰ ਹੋਏ ਉਸ ਦਿਨ ਨੂੰ ਹੀ ਪੰਜਾਬ ਦੇ ਸਭ ਤੋਂ ਵੱਡੇ ਨਾਇਕ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਸੀ। ਜਿਸ ਤਰ੍ਹਾਂ ਭਗਤ ਸਿੰਘ ਵਾਰ ਵਾਰ ਜਨਮ ਲੈਂਦਾ ਹੈ ਅਤੇ ਲੋਕਾਂ ਦੇ ਮਨਾਂ 'ਚ ਸਦਾ ਜਵਾਨੀਆਂ ਮਾਣਦਾ ਹੈ ਇਸੇ ਤਰ੍ਹਾਂ ਭਾਅ ਜੀ ਗੁਰਸ਼ਰਨ ਸਿੰਘ ਹੋਰੀਂ ਵੀ ਸਦਾ ਜੀਉਂਦੇ ਰਹਿਣਗੇ। ਪੰਜਾਬ ਦੇ ਇਸ ਮਹਾਨ ਕਲਾਕਾਰ ਅਤੇ ਲੋਕ ਪੱਖੀ ਲਹਿਰਾਂ ਦੇ ਯੋਧੇ ਨੂੰ ਸਾਡਾ ਸਲਾਮ। – ਸਾਧੂ ਬਿਨਿੰਗ

•••

# ਕਰਤਾਰ ਸਿੰਘ ਦੁੱਗਲ



(1917–2012)

26 ਜਨਵਰੀ 2012 ਨੂੰ ਪੰਜਾਬੀ ਦੇ ਸਿਰਮੌਰ ਲੇਖਕ ਕਰਤਾਰ ਸਿੰਘ ਦੁੱਗਲ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਸ ਸਮੇਂ ਉਹਨਾਂ ਦੀ ਉਮਰ 94 ਸਾਲ ਸੀ।

ਕਰਤਾਰ ਸਿੰਘ ਦੁੱਗਲ ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿੱਚੋਂ ਇਕ ਸਨ। ਆਪਣੇ ਪੌਣੀ ਸਦੀ ਦੇ ਕਰੀਬ ਲੰਮੇ ਸਾਹਿਤਕ ਸਫਰ ਦੌਰਾਨ ਉਹਨਾਂ ਨੇ ਕਵਿਤਾ, ਕਹਾਣੀ, ਨਾਵਲ, ਨਾਟਕ ਅਤੇ ਸਾਹਿਤ ਦੇ ਹੋਰ ਰੂਪਾਂ ਵਿੱਚ ਦਰਜਨਾਂ ਕਿਤਾਬਾਂ ਲਿਖੀਆਂ। ਪੰਜਾਬੀ ਦੇ ਨਾਲ ਨਾਲ ਉਹ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਲਿਖਦੇ ਸਨ। ਉਨ੍ਹਾਂ ਦੀਆਂ ਕੁਝ ਜ਼ਿਆਦਾ ਜਾਣੀਆਂ ਜਾਂਦੀਆਂ ਕਿਤਾਬਾਂ ਦੇ ਨਾਂਅ ਹਨ – ਸਵੇਰ ਸਾਰ, ਕੱਚਾ ਦੁੱਧ, ਨਵਾਂ ਘਰ, ਕਰਾਮਾਤ (ਕਹਾਣੀਆਂ), ਬੰਦ ਦਰਵਾਜੇ (ਕਵਿਤਾ), ਦਿਲ ਦਰਿਆ, ਇਕ ਦਿਲ ਵਿਕਾਊ ਹੈ, ਮੇਰਾ ਦਿਲ ਮੋੜ ਦੇ (ਨਾਵਲ)। ਪੁਰਾਣੀਆਂ ਬੋਤਲਾਂ, ਮਿੱਠਾ ਪਾਣੀ (ਨਾਟਕ)।

ਲਾਹੌਰ ਦੇ ਫੋਰਮੈਨ ਕ੍ਰਿਸਚੀਅਨ ਕਾਲਜ ਤੋਂ ਅੰਗਰੇਜ਼ੀ ਦੀ ਐਮ ਏ ਕਰਨ ਤੋਂ ਬਾਅਦ ਉਹਨਾਂ 1942 ਵਿੱਚ ਆਲ ਇੰਡੀਆ ਰੇਡੀਓ ਵਿੱਚ ਨੌਕਰੀ ਸ਼ੁਰੂ ਕੀਤੀ ਅਤੇ ਸੰਨ 1966 ਤੱਕ ਆਲ ਇੰਡੀਆ ਰੇਡੀਓ ਨਾਲ ਕੰਮ ਕਰਦੇ ਰਹੇ। 1966 – 1973 ਤੱਕ ਉਹ ਨੈਸ਼ਨਲ ਬੁੱਕ ਟਰੱਸਟ ਆਫ ਇੰਡਿਆ ਦੇ ਸਕੱਤਰ/ਡਾਇਰੈਕਟਰ ਰਹੇ ਅਤੇ 1973 ਤੋਂ ਲੈ ਕੇ 1976 ਤੱਕ ਉਹਨਾਂ ਨੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸਲਾਹਕਾਰ ਵਜੋਂ ਕੰਮ ਕੀਤਾ।

ਉਹਨਾਂ ਦੀਆਂ ਲਿਖਤਾਂ ਕਾਰਨ ਉਹਨਾਂ ਨੂੰ ਬਹੁਤ ਸਾਰੇ ਸਾਹਿਤਕ ਇਨਾਮ ਮਿਲੇ ਜਿਹਨਾਂ ਵਿੱਚ ਸਾਹਿਤ ਅਕਾਡਮੀ ਅਵਾਰਡ, ਭਾਰਤੀ ਭਾਸ਼ਾ ਪ੍ਰੀਸ਼ਦ ਅਵਾਰਡ, ਗਾਲਿਬ ਅਵਾਰਡ, ਭਾਈ ਮੋਹਨ ਸਿੰਘ ਵੈਦ ਅਵਾਰਡ ਅਤੇ ਸੋਵੀਅਤ ਲੈਂਡ ਨਹਿਰੂ ਐਵਾਰਡ ਸ਼ਾਮਲ ਸਨ। ਸੰਨ 1988 ਵਿੱਚ ਉਹਨਾਂ ਨੂੰ ਪਦਮ ਭੂਸ਼ਨ ਦਾ ਐਵਾਰਡ ਦਿੱਤਾ ਗਿਆ ਅਤੇ ਸੰਨ 2007 ਵਿੱਚ ਉਹਨਾਂ ਨੂੰ ਸਾਹਿਤ ਅਕਾਦਮੀ ਦੀ ਫੈਲੋਸ਼ਿੱਪ ਦਿੱਤੀ ਗਈ।

ਕਰਤਾਰ ਸਿੰਘ ਦੁੱਗਲ ਵਲੋਂ ਪੰਜਾਬੀ ਸਾਹਿਤ ਵਿੱਚ ਪਾਏ ਵੱਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਅਸੀਂ ਅਦਾਰਾ ਵਤਨ ਵਲੋਂ ਉਹਨਾਂ ਨੂੰ ਸਤਿਕਾਰ ਭਰੀ ਸ਼ਰਧਾਂਜਲੀ ਅਰਪਣ ਕਰਦੇ ਹਾਂ। – ਸੰਪਾਦਕ

# ਡਰਾਮੇ ਵਾਲਾ ਬਾਬਾ



**(ਸੰਨ 1983 ਵਿੱਚ ਕਨੇਡਾ ਦੀ ਆਪਣੀ ਪਹਿਲੀ ਫੇਰੀ ਦੌਰਾਨ ਭਾਜੀ ਗੁਰਸ਼ਰਨ ਸਿੰਘ, ਭਾਬੀ ਜੀ ਕੈਲਾਸ਼ ਕੌਰ ਅਤੇ ਉਹਨਾਂ ਦੀ ਟੀਮ ਦੇ ਮੈਂਬਰ – ਕੇਵਲ ਧਾਲੀਵਾਲ, ਪਰਮਜੀਤ ਸਿੰਘ, ਨਵਸ਼ਰਨ ਕੌਰ, ਅਰੀਤ, ਅਤੇ ਦਲੀਪ ਭਨੋਟ– ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਵਿਦਿਆਰਥੀ ਸੁਖਪਾਲ ਸੰਘੇੜਾ ਅਤੇ ਸ਼ਿੰਦਰ ਪੁਰੇਵਾਲ । ਪਿੱਛੇ ਖੜ੍ਹੇ ਹਨ: ਡਾ: ਹਰੀ ਸ਼ਰਮਾ। ਇਹ ਫੋਟੋ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖੇ ਖਿੱਚੀ ਗਈ ਸੀ।)**

## ਸੁਖਦੇਵ ਸਿੱਧੂ

ਗੁਰਸ਼ਰਨ ਸਿੰਘ ਦਾ ਸਾਡੇ ਵਿਚ ਨਾ ਹੋਣ ਦਾ ਯਕੀਨ ਨਹੀਂ ਆ ਰਿਹਾ। ਇਨ੍ਹਾਂ ਬਜ਼ੁਰਗੀ ’ਚ ਪੈਰ ਧਰਨ ਦੀ ਗੱਲ ਪਹਿਲੀ ਵਲੈਤ ਫੇਰੇ ਵੇਲੇ ਕਹੀ ਸੀ, 83 ’ਚ। ਅਠਾਈ ਸਾਲ ਪਹਿਲਾਂ, 54 ਸਾਲ ਦੀ ਉਮਰੇ। ਪੰਜਾਬ ਦੇ ਬਹੁਤ ਥੋੜ੍ਹੇ ਲੋਕ ਨੇ ਜਿਨ੍ਹਾਂ ਨੂੰ ਪੰਜਾਬੀਆਂ ਏਨਾਂ ਮਾਣ ਸਤਿਕਾਰ ਦਿੱਤਾ ਹੋਵੇ। ਗੁਰਸ਼ਰਨ ਸਿੰਘ ਹੋਰਾਂ ਪਹਿਲਾਂ ਇਹ ਮਾਣ ਸਤਿਕਾਰ ਬੜੀ ਮਿਹਨਤ ਤੇ ਦਿਆਨਤਦਾਰੀ ਨਾਲ ਕਮਾਇਆ; ਫਿਰ ਪੂਰੀ ਤਨ ਦੇਹੀ ਨਾਲ ਨਿਭਾਇਆ; ਸਿਰੇ ਚੜ੍ਹਾਇਆ। ਬੜੇ ਮੁਲਕਾਂ ਚ ਇਹ ਪਾਪੂਲਰ ਹੋਏ। ਹੁਣ ਇਨ੍ਹਾਂ ਦੀਆਂ ਅਸਥੀਆਂ ਹੁਸੈਨੀਵਾਲੇ ਲੈ ਕੇ ਜਾਂਦਿਆਂ ਰਾਹ ’ਚ ਲੋਕਾਂ ਦੇ ਮਿਲੇ ਪਿਆਰ–ਸਤਿਕਾਰ ਨੂੰ ਦੇਖ ਕੇ ਭਾਬੀ ਜੀ ਬਹੁਤ ਰੋਏ, ਕਹਿੰਦੇ: ਮੈਨੂੰ ਪਤਾ ਨਹੀਂ ਸੀ ਕਿ ਗੁਰਸ਼ਰਨ ਏਨੇ ਮਹਾਨ ਬਨ ਗਏ ਸਨ। ਏਨਾ ’ਕੱਠ ਤਾਂ ਬਹੁਤ ਵੱਡੇ ਬੰਦਿਆਂ ਦਾ ਵੀ ਨਹੀਂ ਹੁੰਦਾ। ਪਾਸ਼ ਗੁਰਸ਼ਰਨ ਭਾਜੀ ਦੀਆਂ ਗੱਲਾਂ ਕਰਦਾ ਕਹਿੰਦਾ ਹੁੰਦਾ ਸੀ: ਭਾਜੀ ਪੰਜਾਬ ਦਾ ਫ਼ਿਨੋਮਨਾ ਨੇ। ਏਦਾਂ ਕਦੇ ਕਦੇ ਹੀ ਹੁੰਦਾ ਹੈ। ਇਹ ਅਪਣੇ ਪਿੱਛੇ ਬੜਾ ਕੁਝ ਛੱਡ ਗਏ ਨੇ। ਨਾਟ–ਕਰਮੀਆਂ ਦੀਆਂ ਡਾਰਾਂ। ਅਮੀਰ ਵਿਰਾਸਤ ਦੀ ਪੈੜ। ਸਾਹਿਤਕ ਖ਼ਜ਼ਾਨਾ। ਜਿਹਦੀ ਨਿਰਖ–ਪਰਖ ਹੁੰਦੀ ਰਹੇਗੀ।

ਬਾਬੇ ਬੋਹੜ, ਰੰਗਮੰਚ ਦੇ ਭੀਸ਼ਮ ਪਿਤਾਮੇ, ਪੰਜਾਬੀ ਰੰਗਮੰਚ ਦੇ ਸੂਹੇ ਸੂਰਜ, ਲੋਕਾਂ ਦੇ ਨਾਟਕਕਾਰ, ਪੇਂਡੂ ਰੰਗਮੰਚ ਦੇ ਬਾਦਸ਼ਾਹ, ਪੰਜਾਬੀ ਦੇ ਸ਼ੇਕਸਪੀਅਰ, ਸੂਰਮੇ ਨਾਟਕਕਾਰ, ਨੁਕੜ ਨਾਟਕ ਦੇ ਪਿਤਾਮੇ, ਪੰਜਾਬੀ ਰੰਗਮੰਚ ਦੇ ਮਹਾਰਾਜਾ ਰਣਜੀਤ ਸਿੰਘ, ਗ਼ਰੀਬ ਰੰਗਮੰਚ ਦੀ ਅਮੀਰ ਪਰੰਪਰਾ, ਨਾਟਕ ਦੇ ਸੂਹੇ ਸੂਰਜ, ਲੋਕ ਨਾਟਕਕਾਰ ਵਰਗੇ ਲਕਬਾਂ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ। ਮੈਨੂੰ ਨਹੀਂ ਲੱਗਦਾ ਕਿਸੇ ਹੋਰ ਨੂੰ ਏਨੇ ਵਿਸ਼ੇਸ਼ਣੀ ਨਾਂ ਮਿਲ਼ੇ ਹੋਣਗੇ। ਜੇ ਕੁਝ ਲੰਮੇ ਸਮੇਂ ਲਈ ਨਿਭਿਆ, ਤਾਂ ਮੰਨਾ ਸਿੰਘ ਤੇ ਜਾਂ ਭਾਜੀ ਗੁਰਸ਼ਰਨ ਸਿੰਘ। ਇਸ ਹਿਸਾਬ ਨਾਲ ਇਹ ਜਗਤ ਭਾਜੀ ਹੋ ਗਏ; ਇਨ੍ਹਾਂ ਦੇ ਅਪਣੇ ਹਾਣੀ, ਧੀਆਂ, ਦੋਹਤੀ ਦੇ ਹਾਣੀ ਤੇ ਓਦੂੰ ਅਗਲੀ ਪੀੜ੍ਹੀ ਵਾਲ਼ੇ ਵੀ ਇਨ੍ਹਾਂ ਨੂੰ ਭਾਜੀ ਹੀ ਸੱਦਦੇ ਰਹੇ। ਇਨ੍ਹਾਂ ਦੀ ਅਪਣੀ ਰੀਝ ਵੀ ਕੁਝ ਹੋਰ ਬਣਨ–ਅਖਵਾਉਣ ਦੀ ਹੋਣੀ ਐ। ਹੋਰ ਕਿਤੇ ਇਨ੍ਹਾਂ ਕਿਹਾ ਸੀ: ਏਅਅ ਮੈਨੂੰ ਸਿਰਫ਼ ਨਾਟਕਕਾਰ ਹੀ ਸਮਝਦੇ ਨੇ, ਕਮਿਉਨਿਸਟ ਨਾਟਕਕਾਰ ਨਹੀਂ ਸਮਝਿਆ ਏਅਅਨ੍ਹਾਂ ਨੇ ਹਾਲੀ ਤਕ। ਅਪਣਿਆਂ ’ਤੇ ਗਿਲੇ ਦੀ ਭਾਅ ਮਾਰਦੀ ਇਸ ਗੱਲ ਚੋਂ ਸੱਚਾਈ ਵੀ ਝਲਕਦੀ ਹੈ।

ਉਹ ਪੰਦਰਾਂ ਸਾਲ ਦੀ ਛੋਟੀ ਉਮਰੇ ਹੀ ਕਮਿਉਨਿਸਟ ਪਾਰਟੀ ਦੇ ਕਾਰਡ ਹੋਲਡਰ ਬਣ ਗਏ ਸੀ। ਘਰੋਂ ਮਿਲ਼ਦੇ ਜੇਬ ਖ਼ਰਚ ਤੋਂ ਪੈਸੇ ਜੋੜ–ਬਚਾ ਕੇ ਪਾਰਟੀ ਨੂੰ ਦਿਆ ਕਰਦੇ ਸੀ। ਖਾਂਦੇ–ਪੀਂਦੇ ਘਰ ਦੇ ਮੁੰਡੇ ਨੂੰ ਸਭ ਸੁੱਖ ਸਹੂਲਤਾਂ ਮਿਲਦੀਆਂ ਸੀ। ਸਭ ਤੋਂ ਛੋਟਾ ਹੋਣ ਕਰਕੇ, ਲਾਡ ਪਿਆਰ ਵੀ। ਮਨ ਤਾਂ ਹੋਰ ਪਾਸੇ ਲੱਗਣਾ ਚਾਹੀਦਾ ਸੀ। ਪਰ ਇਹ ਗਰੀਬ ਗੁਰਬਿਆਂ ਵੱਲ ਖਿੱਚੇ ਗਏ। ਇਸ ਮੋੜ ਦਾ ਕਾਰਣ ਭਾਜੀ ਅਪਣੇ

ਸਕੂਲ ਦੇ ਹਮਜਮਾਤੀ ਮੁੰਡੇ ਨੂੰ ਮੰਨਦੇ ਸੀ। ਕੋਈ ਬਹੁਤ ਜ਼ਹੀਨ ਪਰ ਗ਼ਰੀਬ ਜਮਾਂਦਾਰਾਂ ਦਾ ਮੁੰਡਾ ਏਸ ਕਰਕੇ ਪੜ੍ਹਨੋਂ ਹੱਟ ਗਿਆ ਕਿ ਉਹਦੇ ਮਾਂ-ਬਾਪ ਕੋਲ਼ ਉਹਨੂੰ ਪੜ੍ਹਾਉਣ ਦੀ ਹਿੰਮਤ ਨਹੀਂ ਸੀ ਤੇ ਉਸੇ ਬੁਧਵੇ ਨਾਲ ਅਗਲੀ ਵਾਰੀ ਮੇਲ਼ ਉਦੋਂ ਹੋਇਆ, ਜਦ ਓਹੀ ਜ਼ਹੀਨ ਮੁੰਡਾ ਸਫ਼ਾਈ ਸੇਵਕਾਂ ਵਾਲ਼ੇ ਕਪੜੇ ਪਾਈ ਕਿਤੇ ਝਾੜੂ ਫੇਰ ਰਿਹਾ ਸੀ। ਇਹ ਬੁਧਵੇ ਨੂੰ ਅਣਜਾਣ ਸੁਆਲ ਪੁਛ ਬੈਠੇ ਕਿ ਉਹ ਸਕੂਲ ਆਉਣੋਂ ਕਿਉਂ ਹਟ ਗਿਆ। ਇਸੇ ਮੁੰਡੇ ਦੇ ਜੁਆਬ ਨੇ ਇਨ੍ਹਾਂ ਨੂੰ ਝੰਜੋੜ ਦਿੱਤਾ। ਜ਼ਿੰਦਗੀ ਪ੍ਰਤੀ ਰਵੱਈਆ ਹੀ ਬਦਲ ਦਿੱਤਾ। ਵਿਚਾਰਧਾਰਾ ਦਾ ਬਹੁਤਾ ਸਿਲਾ ਉਹ ਅਪਣੇ ਭਰਾਤਾ ਡਾਕਟਰ ਇੰਦਰਜੀਤ ਸਿੰਘ ਤੇ ਪ੍ਰੀਤਲੜੀ ਵਾਲ਼ੇ ਗੁਰਬਖ਼ਸ਼ ਸਿੰਘ ਦੇ ਵੇਲਿਆਂ ਨੂੰ ਵੀ ਦਿੰਦੇ ਸੀ।

ਤਿੰਨ ਹੋਰ ਗੱਲਾਂ ਭਾਜੀ ਨੇ ਕਈ ਵਾਰ ਸੁਣਾਈਆਂ; ਇਕ ਤਾਂ ਜਦੋਂ ਇਹ ਕਾਲ਼ੇ ਸੰਘਿਆਂ ਨਾਟਕ ਕਰਨ ਗਏ ਡਰਾਮੇ ਦੀ ਸਹੀ ਜਗ੍ਹਾ ਦੇਖ ਪਰਖ ਰਹੇ ਸੀ, ਤਾਂ ਲਾਗੇ ਬੈਠੇ ਕਿਸੇ ਬਜ਼ੁਰਗ ਨੇ ਅਪਣੇ ਚਿੱਤੋਂ ਸੱਚੀ ਗੱਲ ਕਹੀ: ਸਰਦਾਰਾ ਕਰਨਾ ਤਾਂ ਕੰਜਰਖਾਨਾ ਈ ਆਂ, ਜਿੱਥੇ ਮਰਜ਼ੀ ਕਰ ਲੈ। ਖੈਰ ਨਾਟਕ ਹੋਏ। ਲੋਕਾਂ ਪਸੰਦ ਕੀਤੇ। ਇਨ੍ਹਾਂ ਦੇ ਨਾਟਕ ਦੇਖ ਕੇ ਉਹੀ ਬੰਦਾ ਫਿਰ ਭਾਜੀ ਕੋਲ ਆ ਕੇ ਕਹਿੰਦਾ: ਸਰਦਾਰ ਜੀ ਮੈਂ ਤਾਂ ਹੋਰ ਹੀ ਗੱਲ ਸਮਝੀ ਬੈਠਾ ਸੀ, ਤੁਸੀ ਤਾਂ ਕਮਾਲ ਦੀਆਂ ਗੱਲਾਂ ਕੀਤੀਆਂ। ਦੂਜੀ, ਜਦੋਂ ਇਨ੍ਹਾਂ ਨੂੰ ਅਪਣੇ ਕਿਸੇ ਖਾਸ ਕੀਤੇ ਕਰਾਏ ਤੇ ਮਾਣ ਹੋਣ ਦੀ ਗੱਲ ਪੁੱਛਦਾ ਤਾਂ ਇਹ ਕਹਿੰਦੇ: ਏਅਅ, ਬਈ ਮੈ ਨਾਟਕ ਨੂੰ ਪਿੰਡਾਂ ਤੀਕ ਲੈ ਕੇ ਗਿਆਂ ਹਾਂ, ਹੁਣ ਪੰਜਾਬ ਚ ਕਈ ਨਾਟ ਟੋਲੀਆਂ ਨੇ, ਅਪਣਾ ਅਪਣਾ ਕੰਮ ਕਰਦੇ ਨੇ। ਸਸਤੀ ਕੀਮਤ ਤੇ ਉੱਚ ਪਾਏ ਦੀਆਂ ਕਿਤਾਬਾਂ ਛਾਪੀਆਂ ਨੇ। ਅਖ਼ੀਰ ’ਤੇ ਕਹਿੰਦੇ ਮੈਨੂੰ ਅਪਣੀਆਂ ਧੀਆਂ ’ਤੇ ਮਾਣ ਹੈ, ਤੇ ਕੇਵਲ ਧਾਲੀਵਾਲ ’ਤੇ। ਕੇਵਲ ਲਈ ਏਦੂੰ ਵੱਡਾ ਮਾਣ-ਸਨਮਾਣ ਕੋਈ ਨਹੀਂ ਹੋ ਸਕਣਾ। ਤੀਜੀ ਗੱਲ ਕਰਦਿਆਂ ਇਹ ਵੱਧ ਭਾਵੁਕ ਹੋ ਜਾਇਆ ਕਰਦੇ ਸੀ, ਕਿ ਜਦ 47 ’ਚ ਇਸੇ ਅਮ੍ਰਿਤਸਰ ’ਚ ਸਿੱਖਾਂ ਨੇ ਮੁਸਲਮਾਨਾਂ ਔਰਤਾਂ ਨੂੰ ਕਟੜਾ ਜੈਮਲ ਸਿੰਘ ਤੋਂ ਨਗਨ ਕਰਕੇ ਜਲੂਸ ਕੱਢਿਆ ਸੀ। ਕਿਹੜੇ ਸੁਆਬ ਦੀ ਆਸ ਨਾਲ ਇਹ ਔਰਤਾਂ ਹੀ ਹੇਠੀ ਕਰ ਰਹੇ ਸੀ, ਇਨ੍ਹਾਂ ਦਾ ਰੱਬ ਜਾਣੇ। ਉਸ ਵੇਲੇ ਦੇ ਮਸ਼ਹੂਰ ਨੇਤਾ ਵੀ ਜਲੂਸ ਦੇ ਨਾਲ਼-ਨਾਲ਼ ਘੋੜਿਆਂ ’ਤੇ ਜਾ ਰਹੇ ਸੀ। ਇਨ੍ਹਾਂ ਦੀ ਹਮਸ਼ੀਰਾਂ ਨੇ ਅੱਗੇ ਹੋ ਕੇ ਕਿਹਾ ਸੀ: ਬੰਦ ਕਰੋ ਇਹ ਸਭ ਕੁਝ, ਨਹੀਂ ਤਾਂ ਮੈਂ ਵੀ ਅਪਣੇ ਕੱਪੜੇ ਉਤਾਰ ਕੇ ਇਨ੍ਹਾਂ ਨਾਲ਼ ਹੋ ਤੁਰਾਂਗੀ। ਤੇ ਉਹ ਜਲੂਸ ਰੁਕ ਗਿਆ ਸੀ। ਇਹ ਆਪ ਵੀ ਨਾਲ ਸੀ।

ਇਕ ਵਾਰੀ ਭਾਬੀ ਜੀ ਕਹਿੰਦੇ, ਮੈਂ ਬੜਾ ਸੋਹਣਾ ਕੁੜਤਾ ਇਨ੍ਹਾਂ ਲਈ ਲਿਆਂਦਾ ਤੇ ਇਹ ਨਾਟਕ ਚ ਵਰਤਣ ਲਈ ਲੈ ਗਏ। ਓਥੇ ਰੋਲ ਕਰਦਿਆਂ ਕੁੜਤੇ ਨੂੰ ਲਾਲ ਰੰਗ (ਲਹੂ) ਲਾ ਲਿਆਏ। ਭਾਬੀ ਜੀ ਖਪੇ। ਰੋਣਹਾਕੇ, ਪਰੇਸ਼ਾਨ, ਨਾਰਾਜ਼ ਹੋਏ। ਭਾਜੀ ਕਹਿੰਦੇ: ਤੂੰ ਇਕ ਕੁੜਤੇ ਨੂੰ ਰੋਈ ਜਾਨੀ ਐ, ਮੈਂ ਤਾਂ ਸਾਰੀ ਜ਼ਿੰਦਗ਼ੀ ਏਧਰ ਲਾਈ ਹੋਈ ਹੈ। ਓਸ ਤੋਂ ਬਾਅਦ ਭਾਬੀ ਜੀ ਨੇ ਸਮਝ ਲਿਆ ਤੇ ਮੋਢੇ ਨਾਲ਼ ਮੋਢਾ ਲਾ ਕੇ ਤੁਰ ਪਏ। ਭਾਬੀ ਜੀ ਅਕਸਰ ਕਹਿੰਦੇ: ਤੁਹਾਡੇ ਭਾਜੀ ਸੋਸ਼ਲ ਨਹੀਂ ਹੋ ਸਕਦੇ, ਇਨ੍ਹਾਂ ਨੂੰ ਗੱਲ ਹੀ ਸਿਆਸਤ ਜਾਂ ਬਰਾਬਰੀ ਦੀ ਆਉਂਦੀ ਹੈ; ਜਾਂ ਸਾਹਿਤ ਦੀ। ਭਾਜੀ ਨੇ ਸੀ ਪੀ ਆਈ ’ਚੋ ਸਿੱਧਾ ਛੜੱਪਾ ਨਕਸਲਬਾੜੀ ’ਚ ਜਾ ਮਾਰਿਆ। ਬਹੁਤੇ ਸੀ ਪੀ ਐੱਮ ’ਚੋਂ ਆਏ ਸੀ। ਵਜ੍ਹਾ ਸੀ ਪੀ ਆਈ ਦੀ ਕਾਂਗਰਸ ਨਾਲ਼ ਨੇੜਤਾ ਸੀ। ਅੰਬਰਸਰ ਦਾ ਕੋਈ ਬਦਨਾਮ ਲੀਡਰ ਕਾਮਰੇਡਾਂ ਨਾਲ ਸਟੇਜਾਂ ਸਾਂਝੀਆਂ ਕਰੇ, ਇਨ੍ਹਾਂ ਤੋਂ ਜਰ ਨਾ ਹੋਇਆ ਤੇ ਉੱਠ ਕੇ ਬਾਹਰ ਆ ਗਏ। ਅਮਰਜੀਤ ਚੰਦਨ ਦੇ ਕੱਢੇ ਪਰਚੇ ‘ਦਸਤਾਵੇਜ਼’ ਰਾਹੀਂ ਨਵੇਂ ਰਾਹ ਤੁਰ ਪਏ। ਇਨ੍ਹਾਂ ਦੇ ਦਫ਼ਤਰੋਂ ਹੀ ਕਿਸੇ ਨੇ ਮੁਖ਼ਬਰੀ ਕਰਕੇ ਵਰਿਆਮ ਸੰਧੂ ਦੀ ਕਿਤਾਬ ਦਾ ਖਰੜਾ ਦੇਣ ਆਏ ਅਮਰਜੀਤ ਨੂੰ ਫੜਵਾਇਆ ਸੀ। ਮੁਖ਼ਬਰ ਇਨ੍ਹਾਂ ਦੀ ਨਾਟਕ ਮੰਡਲ਼ੀ ’ਚ ਹੀ ਸੀ। ਭਾਜੀ ਨੇ ਮੁੜਕੇ ਉਸ ਮੁਖ਼ਬਰ ਨੂੰ ਮੂੰਹ ਨਾ ਲਾਇਆ। ਚੰਦਨ ਕੋਲ਼ ਕਾਗ਼ਜ਼ਾਂ ’ਚ ਲਪੇਟਿਆ ਹੈਂਡ ਗਰਨੇਡ ਸੀ, ਇਸੇ ਗੱਲੋਂ ਭਾਬੀ ਜੀ ਨੇ ਅਮਰਜੀਤ ਨੂੰ ਅੱਜ ਤਕ ਮੁਆਫ਼ ਨਹੀਂ ਕੀਤਾ। ਫਿਰ 1975 ’ਚ ਐਮਰਜੈਂਸੀ ਲੱਗ ਗਈ ਤੇ ਸਰਕਾਰ ਨੇ ਇਨ੍ਹਾਂ ਦੀ ਨੌਕਰੀ ਖੋਹ ਲਈ ਤੇ ਫੜ ਕੇ ਜੇਲ ਚ ਬੰਦ ਕਰ ਦਿੱਤਾ; ਇਹ 45 ਦਿਨ ਜੇਹਲ ’ਚ ਰਹੇ। ਨਾਲ ਹੀ ਗੁਰਚਰਨ ਸਿੰਘ ਟੌਹੜਾਂ ਵੀ ਸੀ। ਟੌਹੜਾ ਭਾਜੀ ਨੂੰ ਕਹਿੰਦਾ: ਜਿੰਨਾ ਚਿਰ ਸਾਡੇ ਕੋਲ ਦਰਬਾਰ ਸਾਹਿਬ ਹੈ, ਕਾਮਰੇਡ ਭੁੱਲ ਜਾਣ ਕਿ ਪੰਜਾਬ ’ਚ ਰਾਜ ਕਰ ਲੈਣਗੇ।

ਇੰਗਲੈਂਡ ਦੇ ਪਹਿਲੇ ਗੇੜੇ ਵੇਲੇ ਆਏ ਭਾਜੀ ਕਹਿੰਦੇ: ਜੇ ਕਿਧਰੇ ਲਾਗੇ ਹੈ ਤਾਂ, ਤੁਸੀਂ ਸਾਨੂੰ ਕੇਂਬ੍ਰਿਜ ਦਿਖਾਓ। ਭਾਜੀ ਦੇ ਕੇਂਬ੍ਰਿਜ ਕੰਨੈਕਸ਼ਨ ਦਾ ਸਾਨੂੰ ਕੋਈ ਗਿਆਨ ਨਹੀਂ ਸੀ। ਅਸੀਂ ਸੋਚਦੇ ਸਾਂ ਕਿ ਇਹਦੀ ਇੰਟਰਨੈਸ਼ਨਲ ਸ਼ਹਿਰ ਵਜੋਂ ਭੱਲ ਕਰਕੇ ਦੇਖਣਾ ਚਾਹੁੰਦੇ ਹੋਣਗੇ। ਅਸੀਂ ਚਾਰ ਪੰਜ ਗੱਡੀਆਂ ਭਰਕੇ ਓਥੇ ਚਲੇ ਗਏ, ਤਾਂ ਭਾ ਜੀ ਹੋਰਾਂ ਦੱਸਿਆ: ਮੇਰੇ ਪਿਤਾ ਜੀ ਏਥੇ ਪੜ੍ਹਨ ਆਏ ਸੀ। ਭਾ ਜੀ ਦੀ ਸਾਰੀ ਟੀਮ ਨਾਲ ਸੀ, ਭਾਬੀ ਜੀ, ਵੱਡੀ ਧੀ, ਕੇਵਲ ਤੇ ਹੋਰ ਵੀ। ਬਾਕੀ ਸਾਰੇ ਬੋਟਿੰਗ ਤੇ ਪੰਟਿੰਗ ਕਰਦੇ ਰਹੇ ਤੇ ਭਾਜੀ ਲਾਗਲੇ ਕਾਲਜ ਦੇਖਣ ਲੱਗ ਪਏ। ਫਿਰ ਬੈਠਿਆਂ-ਬੈਠਿਆਂ ਸਮਤਾ ਲਈ ਲੇਖ ਲਿਖ ਲਿਆ ਸੀ।

ਪਹਿਲੀ ਫੇਰੀ ਸਮੇਂ, ਭਾਜੀ ਬਹੁਤਾ ਸਮਾਂ ਸਾਡੇ ਕੋਲ਼ ਰਹੇ ਸੀ। ਬਹੁਤ ਸਾਰੇ ਸ਼ਹਿਰੀਂ ਅਸੀਂ ਭਾਜੀ ਨੂੰ ਲੈ ਜਾਂਦੇ ਤੇ ਪਰੋਗਰਾਮ ਕਰਵਾ ਕੇ ਵਾਪਿਸ ਲੈ ਆਉਂਦੇ। ਮੇਰੀ ਧੀ ਲਗਾਤਾਰ ਇਨ੍ਹਾਂ ਦੇ ਡਰਾਮੇ ਦੇਖ ਦੇਖ ਇਕ ਦਿਨ ’ਕੱਲੀ ਬੈਠੀ ਨਾਟਕ ‘ਟੋਏ’ ਵਿਚਲੇ ਡਾਇਲਾਗ ਬੋਲੇ: ਮੈਂ ਟੋਏ ’ਚ ਡਿੱਗ ਪਈ ਆਂ, ਮੈਨੂੰ ਕੋਈ ਟੋਏ ’ਚੋਂ ਬਾਹਰ ਕੱਢੋ; ਮੈਂ ਟੋਏ ’ਚ ਡਿੱਗ ਪਈ ਆਂ, ਮੈਨੂੰ ਕੋਈ ਟੋਏ ’ਚੋਂ ਬਾਹਰ ਕੱਢੋ। ਜਸਬੀਰ ਤੇ ਇਹ ਨਜ਼ਾਰਾ ਦੇਖ ਕੇ ਲੋਟ ਪੋਟ ਹੋਈ ਜਾਵੇ। ਅਗਲੇ ਦਿਨ ਮੈਂ ਕਿਹਾ: ਭਾਜੀ ਅਗਲੀ ਵਾਰੀ ਤੁਹਾਨੂੰ ਗੁੰਗੀ ਨੂੰ ਨਾਲ ਲਿਆਉਣ ਦੀ ਲੋੜ ਨਹੀਂ, ਇਕ ਐਕਟਰ ਏਥੋਂ ਤਿਆਰ ਹੋ ਗਈ ਹੈ। ਭਾਜੀ ਮੁਸਕ੍ਰਾਏ ਤੇ ਭਾਬੀ ਜੀ ਬਹੁਤ ਹੱਸੇ।

ਪਹਿਲੀ ਵਾਰੀ ਆਏ ਤਾਂ ਭਾਜੀ ਨੇ ਹਰਪਾਲ ਬਰਾੜ ਨੂੰ ਕਹਿਣਾ: ਮੇਰੇ ਸਿਰ ਤੇ ਪੱਗ ਹੈ, ਖ਼ਾਲਿਸਤਾਨ ਵਾਲੀ ਗੱਲ ਮੈਨੂੰ ਹੀ ਕਰਨ ਦਿਓ। ਅਪਣੇ ਭਾਵੁਕ ਅੰਦਾਜ਼ ’ਚ ਪੰਜਾਬ ’ਚ ਸਰਕਾਰੀ ਤੇ ਖ਼ਾਲਿਸਤਾਨੀ ਦਹਿਸ਼ਤਗਰਦੀ ਦੀ ਗੱਲ ਕਰਦੇ, ਉਲਾਰ ਹੋ ਜਾਂਦੇ। ਬਾਬੇ ਨਾਨਕ ਦੀ ਕਿਛੁ ਸੁਣੀਏ, ਕਿਛੁ ਕਹੀਏ ਵਾਲੀ ਬਾਤ ’ਤੇ ਜ਼ੋਰ ਦਿੰਦੇ। ਆਮ ਲੋਕਾਂ ਦੀ ਤੰਗੀ ਦੀ ਗੱਲ ਕਰਦੇ। ਬਹੁਤੀ ਵਾਰ ਮਿੱਥੇ ਸਮੇਂ ਤੋਂ ਵੱਧ ਸਮਾਂ ਲੈ ਜਾਂਦੇ।

ਜਦੋ ਬਾਕੀ ਦੇ ਲੀਡਰ ਤੇ ਸਿਆਸੀ ਗੁਰੂ ਏਸ ਗੱਲ ਤੇ ਹੀ ਟੇਕ ਲਾ ਕੇ ਬੈਠੇ ਰਹੇ ਕਿ ਜਦੋਂ ਇਨਕਲਾਬ ਆ ਗਿਆ ਸਭ ਠੀਕ ਹੋ ਜਾਣਾ ਹੈ। ਇਹ ਵਰਤਮਾਨ ’ਚ ਵਸਦੇ ਰਹੇ। ਗ਼ਰੀਬ ਔਰਤਾਂ ਨੂੰ ਕਈ ਬੀਮਾਰੀਆਂ ਦਾ ਕਾਰਨ ਇਹ ਸਮੇਂ ਸਿਰ ਪੈਖਾਨੇ ਦਾ ਪ੍ਰਬੰਧ ਨਾ ਹੋ ਸਕਣਾ ਦਸਦੇ ਸੀ ਤੇ ਓਹਦਾ ਇਲਾਜ ਵੀ ਬੜਾ ਸੌਖਾ ਸੀ। ਓਸ ਲਈ ਵੀ ਇਹ ਗੱਲਾਂ ਕਰਦੇ। ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਵੀ ਸਾਇੰਸਦਾਨ ਵਜੋਂ ਸਮਝਦੇ-ਦਸਦੇ ਤੇ ਲੋਕਾਂ ਦੀ ਵਿਤ ਮੁਤਾਬਕ ਅਪਣਾ ਅਪਣਾ ਹੱਲ ਸੋਚਣ ਦੀ ਗੱਲ ਕਰਦੇ ਸੀ।

ਭਾਜੀ ਨੂੰ ਭਾਬੀ ਜੀ ਤੇ ਇਨ੍ਹਾਂ ਦੀਆਂ ਧੀਆਂ ਦਾ ਵੱਡਾ ਆਸਰਾ ਸੀ। ਇਨ੍ਹਾਂ ਕਰਕੇ ਏਨਾ ਕੰਮ ਕਰ ਸਕੇ ਸੀ। ਜਦੋਂ ਡਰਾਮਿਆਂ 'ਚ ਔਰਤਾਂ ਦੇ ਪਾਰਟ ਮਰਦ ਹੀ ਕਰਿਆ ਕਰਦੇ ਸੀ, ਇਨ੍ਹਾਂ ਭਾਬੀ ਜੀ ਨੂੰ ਨਾਲ ਤੋਰਿਆ। ਫਿਰ ਦੋਹਾਂ ਧੀਆਂ ਨੂੰ ਵੀ। ਜਦੋਂ ਇਹ ਖ਼ੁਸ਼ ਹੁੰਦੇ, ਇਨ੍ਹਾ ਦੇ ਐਕਟਰ ਕਦੇ ਕਦੇ ਇਨ੍ਹਾਂ ਨੂੰ ਛੇੜ ਵੀ ਲੈਂਦੇ: ਭਾਜੀ ਜੇ ਤੁਹਾਡੇ ਦੋ ਪੁੱਤਰ ਵੀ ਹੁੰਦੇ, ਸਾਡਾ ਨੰਬਰ ਤਾਂ ਕੱਟਿਆ ਜਾਣਾ ਸੀ ਫਿਰ। ਇਹ ਸਿਰਫ ਮੁਸਕਰਾ ਦਿੰਦੇ। ਧੀਆਂ ਮੰਨਦੀਆਂ ਨੇ ਕਿ ਖ਼ੂਨ ਦੇ ਰਿਸ਼ਤੇ ਤੋਂ ਅਸੀਂ ਭਾਵੇ ਦੋਵੇਂ ਭੈਣਾਂ ਹਾਂ, ਪਰ ਭਾਜੀ ਅਪਣਾ ਪਰਿਵਾਰ ਬਹੁਤ ਵੱਡਾ ਕਰ ਗਏ ਨੇ। ਭਾਜੀ ਦੀ ਦੋਹਤੀ, ਨਦੀਆ ਨੂੰ ਅਪਣੇ ਨਾਨੇ ਦੀ ਅਹਿਮੀਅਤ ਦਾ ਹੁਣ ਵਧੇਰੇ ਪਤਾ ਲੱਗਾ ਹੈ, ਓਹ ਕਹਿੰਦੀ ਹੈ: ਬੜੇ ਲੋਕਾਂ ਦੀਆਂ ਉਨ੍ਹਾਂ ਨਾਲ ਫੋਟੋਆਂ ਨੇ, ਪਰ ਮੇਰੀਆਂ ਨਹੀਂ।

ਮੈਂ 84 'ਚ ਪੰਜਾਬ ਗਿਆ ਤਾਂ ਭਾ ਜੀ ਹੋਰਾਂ ਨੂੰ ਮਿਲਣ ਅਮ੍ਰਿਤਸਰ ਗਏ। ਮੈਂ ਜਗੀਰ ਜੋਸਣ ਨੂੰ ਨਾਲ ਲੈ ਗਿਆ। ਇਹਨੇ ਅਪਣੀ ਕਵਿਤਾਵਾਂ ਦੀ ਕਿਤਾਬ ਛਪਾਉਣੀ ਸੀ। ਮੈਂ ਕਿਹਾ ਤੈਨੂੰ ਭਾਜੀ ਹੋਰਾਂ ਨਾਲ ਮਿਲਾ ਲਿਆਉਨਾਂ। ਉਹ ਔਖੇ ਡਾਢੇ ਦਿਨ ਸੀ। ਹਰਿਮੰਦਰ ਸਾਹਿਬ 'ਤੇ ਹਮਲਾ ਹੋ ਚੁੱਕਿਆ ਸੀ, ਇੰਦਰਾ ਗਾਂਧੀ ਦਾ ਕਤਲ ਹੋ ਚੁੱਕਾ ਸੀ ਤੇ ਦਿੱਲੀ ਤੇ ਹੋਰ ਸ਼ਹਿਰਾਂ 'ਚ ਸਿੱਖਾਂ ਦਾ ਘਾਣ ਬੱਚਾ ਘਾਣ। ਜਦੋਂ ਤਾਈਂ ਅਸੀਂ ਪਹੁੰਚੇ, ਭਾਜੀ ਹੋਰੀਂ ਨਾਟਕਾਂ ਦੀਆਂ ਰਿਹਰਸਲਾਂ 'ਚ ਰੁੱਝਣ ਵਾਲੇ ਸੀ। ਕੇਵਲ ਦੀ ਜ਼ਿੰਮੇਵਾਰੀ ਲਾ ਕੇ ਕਹਿੰਦੇ: ਅੱਜ ਏਅਅਨਾਂ ਗੱਲਾਂ 'ਤੇ ਧਿਆਨ ਦੇ ਕੇ ਰਿਹਸਰਲ ਕਰਵਾਓ। ਮੈਂ ਕਿਹਾ: ਤੁਸੀਂ ਰਿਹਰਸਲ ਕਰੋ ਅਸੀਂ ਬਾਹਰ ਫਿਰ ਤੁਰ ਆਉਂਨੇ ਆਂ। ਅਸੀਂ ਓਨਾ ਚਿਰ ਜਗੀਰ ਦੇ ਜਾਣੂੰਆਂ-ਰਿਸ਼ਤੇਦਾਰਾਂ ਦੇ ਚਲੇ ਗਏ। ਓਥੇ ਗਏ, ਤਾਂ ਉਹ ਬਹੁਤ ਗਰਮ ਸਿੱਖ ਸਿਆਸਤ ਦੀਆਂ ਗੱਲਾਂ ਕਰਨ। ਭਿੰਡਰਾਂਵਾਲ਼ੇ ਦੀਆਂ, ਮੁੰਡਿਆਂ ਦੀ ਬਹਾਦਰੀ ਦੀਆਂ। ਸਾਨੂੰ ਬਹੁਤ ਛੇਤੀ ਪਤਾ ਲੱਗ ਗਿਆ ਕਿ ਅਸੀਂ ਗ਼ਲਤ ਥਾਂ 'ਤੇ ਆ ਗਏ ਆਂ। ਅਸੀਂ ਛੇਤੀ ਭਾਂਜੀ ਵੱਲ ਮੋੜੇ ਪਾ ਲਏ।

ਮੈਨੂੰ ਯਾਦ ਹੈ ਕਿ ਦੂਜੀ ਵਾਰੀ ਭਾਜੀ 'ਕੱਲੇ ਆਏ, ਕਨੇਡੇ ਤੋਂ ਹੋ ਕੇ। ਸ਼ਾਇਦ ਨੱਬੇ ਦੇ ਏੜ ਗੇੜ ਦੀ ਗੱਲ ਹੈ। ਵਲੈਤ ਤਿੰਨ ਚਾਰ ਕੁ ਦਿਨਾਂ ਦਾ ਸਟੇਅ ਸੀ। ਇਹ ਮੇਰੇ ਕੋਲ ਹੀ ਰਹੇ। ਇਕ ਹੀ ਛੋਟੀ ਜਿਹੀ ਮੀਟਿੰਗ ਹੀ ਹੋ ਸਕਦੀ ਤੇ ਓਹ ਅਸੀਂ ਹੀ ਕੀਤੀ। ਉਦੋਂ ਅਕਾਲ ਤਖ਼ਤ ਢਹਿ ਕੇ ਬਣ ਚੁੱਕਾ ਸੀ। ਭਾਜੀ ਭਾਵੁਕ ਹੋ ਕੇ ਬੋਲੇ: ਇਹ ਕੋਈ ਲੜਾਈ ਕਰਨ ਦੀ ਜਗ੍ਹਾ ਸੀ। ਜੇ ਇਨ੍ਹਾਂ ਲੜਾਈ ਕਰਨੀ ਸੀ ਕਿਤੇ ਹੋ ਜਾ ਕੇ ਕਰ ਲੈਂਦੇ। ਕਹਿੰਦੇ: ਮੇਰਾ ਅਮ੍ਰਿਤਸਰ ਨਾਲ ਬੜਾ ਮੋਹ ਏ, ਸਰਕਾਰ ਨੂੰ ਵੀ ਕੋਈ ਹੋਰ ਤਰੀਕਾ ਅਪਨਾਣਾ ਚਾਹੀਦਾ ਸੀ। ਭਾ ਜੀ ਸਵੇਰੇ ਏਅਰਪੋਰਟ ਨੂੰ ਤੁਰਨ ਵੇਲੇ ਬਹੁਤ ਕਾਹਲੀ ਪਾਉਣ ਲੱਗੇ। ਜਸਬੀਰ ਤਿਆਰ ਹੁੰਦੀ ਸੀ। ਇਨ੍ਹਾਂ ਨੂੰ ਲੇਟ ਹੋਣ ਦਾ ਖ਼ਦਸ਼ਾ ਸੀ; ਘਾਬਰ ਗਏ। ਕਾਹ਼ਲੀ ਕਾਹ਼ਲੀ ਏਧਰ ਓਧਰ ਫਿਰਨ ਲੱਗੇ - ਕਵੈਦ ਕਰ ਰਹੇ ਹੋਣ। ਘਰੋਂ ਤੁਰਨ ਦੀ ਦੇਰ ਸੀ ਫਿਰ ਸਹਿਜ। ਕਾਰ 'ਚ ਜਾਂਦਿਆ, ਫਿਰ ਸਿਆਸਤ ਦੀਆਂ ਗੱਲਾਂ, ਬਰਾਬਰੀ, ਨਾਬਰਾਬਰੀ ਦੀਆਂ ਕਹਾਣੀਆਂ। ਗ਼ਰੀਬਾਂ ਦੇ ਭਲੇ ਦੀਆਂ ਗੱਲਾਂ, ਇਨ੍ਹਾਂ ਦੇ ਉਪਰ ਉਠਣ ਦੇ ਮਸਲੇ।

ਭਾਈ ਮੰਨਾ ਸਿੰਘ ਸੀਰੀਅਲ ਦੀ ਚੜ੍ਹਤ ਏਨੀ ਹੋਈ ਕਿ ਟੀ ਵੀ ਵਾਲ਼ਾ ਸਵਿਤੋਜ (ਦੁਰਗਾ ਦੱਤ) ਅਪਣੀ ਪ੍ਰਾਪਤੀ ਇਸ ਸੀਰੀਅਲ ਨੂੰ ਹੀ ਮੰਨਣ ਲੱਗ ਪਿਆ। ਕਹਿੰਦਾ: ਭਾਈ ਮੰਨਾ ਸਿਓਂ ਦੀਆਂ ਗੱਲਾਂ ਘਰ-ਘਰ ਹੁੰਦੀਆਂ, ਕਵਿਤਾ ਇਹਦੇ ਮੋਹਰੇ ਕੀ ਹੁੰਦੀ ਆ। ਲੋਕ ਇਸ ਕਰਕੇ ਮੈਨੂੰ ਯਾਦ ਰੱਖਣਗੇ, ਮੈਂ ਇਹ ਸੀਰੀਅਲ ਬਣਾਇਆ ਨਾ ਕਿ ਮੈਂ ਸਵਿਤੋਜ ਕਵੀ ਵੀ ਸੀ। ਨਾ਼ਲੇ ਸ਼ੂਟਿੰਗ ਦੌਰਾਨ ਹੋਈਆਂ ਹਾਸੇ ਠੱਠੇ ਦੀਆਂ ਗੱਲਾਂ ਦੱਸਦਾ। ਭਾਜੀ ਇਸ ਕਰੈਕਟਰ ਨੂੰ ਪਹਿਲਾਂ ਵੀ ਖੇਲਦੇ ਰਹੇ ਸੀ ਪਰ ਟੀ ਵੀ ਸੀਰੀਅਲਾਂ ਨੇ ਭਾਜੀ ਨੂੰ ਗੁਰਸ਼ਰਨ ਸਿੰਘ ਤੋਂ ਭਾਈ ਮੰਨਾ ਸਿੰਘ ਬਣਾ ਦਿੱਤਾ ਸੀ। ਕਈ ਬੀਬੀਆਂ, ਨਾਟਕ ਕਰਨ ਗਏ ਭਾਜੀ ਨੂੰ ਬਾਬਾ ਸਮਝ ਕੇ ਦੁਆਨੀ-ਚੁਆਨੀ ਮੱਥਾ ਵੀ ਟੇਕ ਦਿੰਦੀਆਂ ਸੀ।

ਭਾਜੀ ਦੇ ਨਾਟਕਾਂ ਨੂੰ ਦੇਖ ਕੇ ਦਲੀਪ ਕੁਮਾਰ, ਬਲਰਾਜ ਸਾਹਣੀ, ਮਨਮੋਹਨ ਕ੍ਰਿਸ਼ਨ ਵਰਗੇ ਬੰਬੱਈਆਂ ਫ਼ਿਲਮੀ ਜੱਗ ਦੇ ਮਹਾਂਰਥੀ ਜ਼ਰੂਰ ਕਿਸੇ ਵਜਾਹ ਕਰਕੇ ਹੀ ਇਨ੍ਹਾਂ ਦੀ ਕਲਾ ਦੀ ਸਿਫ਼ਤ ਕਰਦੇ ਹੋਣਗੇ। ਬਲਰਾਜ ਸਾਹਣੀ ਨਾਲ ਨੇੜਤਾ ਦੀ ਮਾਣ ਮਰਿਯਾਦਾ ਹਿੱਤ ਇਨ੍ਹਾਂ ਇੱਕ ਦੋ ਪੰਜਾਬੀ ਫ਼ਿਲਮਾਂ 'ਚ ਵੀ ਕੰਮ ਕੀਤਾ ਸੀ। ਪਰ ਮੁੱਖ ਟੇਕ ਪਿੰਡਾਂ 'ਚ ਨਾਟਕ ਕਰਨ ਤੇ ਹੀ ਰਹੀ। ਇਨ੍ਹਾਂ ਬਹੁਤ ਦੇਰ ਪਹਿਲਾਂ ਜਾਣ ਲਿਆ ਸੀ ਕਿ ਇਨ੍ਹਾਂ ਦਾ ਥੀਏਟਰ ਸ਼ਹਿਰੀ ਦਰਸ਼ਕਾਂ ਲਈ ਨਹੀਂ ਹੈ। ਪਿੰਡ ਦੇ ਲੋਕਾਂ ਦਾ ਮਨੋਰੰਜਨ ਵੀ ਹੋ ਜਾਂਦਾ। ਸੁਨੇਹਾ ਵੀ ਪਹੁੰਚ ਜਾਂਦਾ। ਨਾ਼ਲੇ ਭਾ ਜੀ ਖ਼ੁਸ਼ ਨਾ਼ਲੇ ਦਰਸ਼ਕ।

ਤੀਜੀ ਵਾਰ ਆਏ ਤਾਂ ਉਦੋਂ ਤੀਕ ਦੋਵੇਂ ਮਜ਼ਦੂਰ ਸਭਾਵਾਂ ਵੀ 'ਕੱਠੀਆ ਹੋ ਗਈਆਂ ਸੀ। ਵਲੈਤ ਦੇ ਸਾਰੇ ਪਰੋਗਰਾਮ ਬਹੁਤ ਕਾਮਯਾਬ ਰਹੇ। ਜਿਸ ਦਿਨ ਤੁਰਨਾ ਸੀ, ਭਾਜੀ ਤਲਖ਼ੀ 'ਚ ਹੱਥ ਉਪਰ ਕਰਕੇ ਬੋਲੇ: ਏਅਅ ਜਿਹੜੇ ਖਰੜੇ ਨੇ ਨਾ ਇਹ ਪਹਿਲਾਂ ਸੂਟਕੇਸ 'ਚ ਇਹੀ ਪੈਕ ਹੋਣਗੇ, ਬਾਕੀ ਸਮਾਨ ਜਗ੍ਹਾ ਹੋਈ ਤਾਂ ਹੀ ਜਾਏਗਾ। ਸੱਭ ਆਏ ਹੋਏ ਘਾਬਰ ਜਾਂਦੇ ਨੇ। ਭਾਬੀ ਜੀ ਵੀ ਗੁੱਸੇ ਹੋਏ। ਅਸੀਂ ਭਾਜੀ ਦੇ ਇਸ ਸੁਭਾਅ ਤੋਂ ਜਾਣੂੰ ਹਾਂ। ਭਾਬੀ ਜੀ ਵੀ ਤਾਂ ਜਾਣੂੰ ਹੀ ਸਨ। ਸਭ ਨੂੰ ਪਤਾ ਹੈ ਕਿ ਇਹ ਥੋੜ੍ਹ ਚਿਰਾ ਉਬਾਲ ਛੇਤੀ ਸ਼ਾਂਤ ਹੋ ਜਾਣਾ ਹੈ। ਸਭ ਨਾਰਮਲ ਹੋ ਜਾਣਾ ਹੈ। ਜਸਬੀਰ ਤੇ ਮੈਂ ਭਾਬੀ ਜੀ ਨੂੰ ਗੱਡੀ 'ਚ ਲੈ ਕੇ ਚਲੇ ਗਏ। ਜਦੋਂ ਤਾਂਈ ਅਸੀਂ ਮੁੜ ਕੇ ਆਏ ਸਭ ਸ਼ਾਂਤ ਹੋ ਚੁੱਕਾ ਸੀ। ਭਾਜੀ ਹੋਰੀ ਆਪ ਤਾਂ ਕਮਿਊਨਿਸਟ ਵਿਚਾਰਧਾਰਾ ਨਾ਼ਲ ਪ੍ਰਤੀਬੱਧ ਸੀ, ਭਾਬੀ ਹੋਰੀਂ ਤਾਂ ਨਹੀਂ ਸੀ। ਭਾਬੀ ਜੀ ਹੋਰਾਂ ਇਹ ਗੱਲ ਇਕ ਵਾਰ ਦੱਸੀ ਵੀ। ਬਈ ਅਸੀਂ ਤਾਂ ਇਨ੍ਹਾਂ ਨੂੰ ਸੁਪੋਰਟ ਕਰਦੇ ਆਂ। ਭਾਬੀ ਜੀ ਨੇ ਵੀ ਅਪਣਾ ਗੁੱਭ-ਗਲ੍ਹਾਟ ਕੱਢ ਲਿਆ।

ਸਭ ਤੋਂ ਪਹਿਲਾਂ ਭਾਜੀ ਦੇ ਦਰਸ਼ਨ 1974-75 'ਚ ਕੀਤੇ ਹੋਣੇ ਨੇ। ਇਨ੍ਹਾਂ ਸਾਡੇ ਨਕੋਦਰ ਕਾਲਜ ਅਪਣੇ ਨਾਟਕ ਖੇਡੇ ਸੀ - ਇਹ ਲਹੂ ਕਿਸਦਾ ਹੈ ਤੇ ਕਿਵ ਕੂੜੇ ਤੁਟਿ ਪਾਲਿ। ਉਦੋਂ ਭਾਜੀ ਹੋਰਾਂ ਨਾਲ ਜਤਿੰਦਰ ਕੌਰ ਅਰੋੜਾ ਹੋਰੀਂ ਤੇ ਹੋਰ ਸੀਨੀਅਰ ਆਰਟਿਸਟ ਕੰਮ ਕਰਿਆ ਕਰਦੇ ਸੀ। ਕਾਲਜ ਆਉਣ ਤੋਂ ਪਹਿਲਾਂ ਮੈਂ ਰਾਮ ਲੀਲਾ ਵਰਗੀ ਨਾਟ ਮੰਡਲੀ 'ਚ ਆਪ ਰੋਲ ਕਰਦਾ ਰਿਹਾ ਸਾਂ। ਨਾਟਕ ਦੇਖ ਕੇ ਮੈਨੂੰ ਲੱਗਿਆ, ਕਲਾ ਤਾਂ ਏਦਾਂ ਦੀ ਹੁੰਦੀ ਹੈ। ਮੈਂ ਐਵੇਂ ਸਮਾਂ ਬਰਬਾਦ ਕਰਦਾ ਰਿਹਾ ਸੀ। ਇਹ ਪੰਜਾਬ 'ਚ ਨਕਸਲਬਾੜੀ ਚੜ੍ਹਤ ਦੇ ਦਿਨਾਂ ਦੀਆਂ ਗੱਲਾਂ ਨੇ। ਅਗਲੀ ਵਾਰ ਆਏ, ਤਾਂ ਅਸੀਂ ਕਾਲਜ ਦੇ ਸੀਨੀਅਰ ਵਿਦਿਆਰਥੀ ਹੋ ਗਏ ਸਾਂ। ਪ੍ਰਬੰਧ 'ਚ ਸਾਡਾ ਹੱਥ ਸੀ। ਭਾਜੀ ਨਾ਼ਲ ਮੇ਼ਲ-ਮਿਲਾਪ ਹੋਇਆ। ਸੰਗ-ਸੰਗਾਅ 'ਚ ਕੁਝ ਗੱਲਾਂ ਬਾਤਾਂ ਵੀ ਹੋਈਆਂ। ਫਿਰ ਇਨ੍ਹਾਂ ਪਰਚੇ ਕੱਢੇ। ਮੈਂ ਕਵਿਤਾਵਾਂ ਭੇਜੀਆਂ, ਇਨ੍ਹਾਂ ਛਾਪੀਆਂ। ਤਰਜਮੇ ਛਾਪੇ। ਨੇੜ

ਵਧਿਆ। ਵਲੈਤ ਆ ਜਾਣ 'ਤੇ ਰਾਬਤਾ ਵਧਿਆ। ਭਾਜੀ ਦੇ ਆਖੇ ਮੈਂ ਲੋਕ ਸੱਥ ਸੰਪਾਦਿਤ ਕੀਤੀ, ਇਨ੍ਹਾਂ ਆਪ ਰੀਝ ਨਾਲ਼ ਛਾਪੀ। ਸਮਤਾ ਲਈ ਮੈਨੂੰ ਹੋਰ ਲਿਖਣ ਲਈ ਉਕਸਾਇਆ।

ਮੇਰੀਆਂ ਧੀਆਂ ਨਿੱਕੀਆਂ ਹੁੰਦੀਆਂ ਹੀ ਮੇਰੇ ਬਾਪ ਨੂੰ ਦੇਖ ਕੇ, ਹਰ ਪੱਗ ਵਾਲ਼ੇ ਸਿਆਣੇ ਬੰਦੇ ਨੂੰ ਬਾਬਾ ਹੀ ਕਹਿੰਦੀਆ ਆਈਆਂ ਨੇ। ਭਾਜੀ ਨੂੰ ਵੀ ਇਨ੍ਹਾਂ ਬਾਬਾ ਮੰਨ ਲਿਆ। ਡਰਾਮੇ ਵਾਲ਼ਾ ਬਾਬਾ। ਅਜੇ ਵੀ ਘਰ ਜਦੋਂ ਗੱਲ ਚੱਲੇ ਤਾਂ ਇਹ ਡਰਾਮੇ ਵਾਲੇ ਬਾਬਾ ਹੀ ਆਖਕੇ ਸਿਆਣ ਕਰਾਉਂਦੀਆਂ ਨੇ। ਅਖ਼ੀਰਲੀ ਗੇੜੀ ਵੇਲੇ ਭਾਬੀ ਜੀ ਪੁੱਛਦੇ: ਨਿੱਕੀਆਂ ਦੇ ਕੀ ਹਾਲ ਨੇ। ਮੈਂ ਕਿਹਾ ਜੀ ਹੁਣ ਨਿੱਕੀਆਂ ਨਹੀਂ ਰਹੀਆਂ। ਮੇਰੇ ਮੂੰਹੋਂ ਕਾਹਲ਼ੀ ਨਾਲ਼ ਗੱਲ ਫੜਕੇ ਫ਼ਿਕਰ 'ਚ ਭਾਬੀ ਜੀ ਕਹਿੰਦੇ: ਕੀ ਹੋ ਗਿਆ ਉਨ੍ਹਾਂ ਨੂੰ? ਮੈ ਠਰੰਮ੍ਹੇ ਨਾਲ਼ ਕਿਹਾ: ਹੁਣ ਵੱਡੀਆਂ ਹੋ ਗਈਆਂ ਨੇ।

ਪੰਜਾਬ ਜਦੋਂ ਵੀ ਜਾਣਾ, ਤਾਂ ਭਾਜੀ ਹੋਰਾਂ ਨੂੰ ਤਾਂ ਮਿਲ਼ ਹੋ ਜਾਣਾ; ਇਨ੍ਹਾਂ ਨਾਟਕ ਕਰਦਿਆਂ ਲਾਗੇ ਬੰਨ੍ਹੇ ਆਏ ਹੋਣਾ। ਮੈਂ ਓਥੇ ਮਿਲ਼ ਲੈਣਾ। ਗੱਲਾਂਬਾਤਾਂ ਹੋ ਜਾਣੀਆਂ। ਬਹੁਤੀ ਵਾਰੀ ਭਾਬੀ ਜੀ ਨੂੰ ਮਿਲਣਾ ਰਹਿ ਜਾਂਦਾ ਰਿਹਾ। ਪਿਛਲੇ ਸਾਲ ਕਿਤਾਬ 'ਮੇਰੇ ਅਪਣੇ' ਛਪੀ, ਤਾਂ ਮੈਂ ਚੰਡੀਗੜ੍ਹ ਜਾਣਾ ਸੀ। ਮੇਰੇ ਮਕਸਦ ਦੋ ਸੀ। ਭਾਜੀ-ਭਾਬੀ ਜੀ ਨੂੰ ਮਿਲਣਾ ਤੇ ਕਿਤਾਬ ਲੈਣੀ। ਨਾਲ਼ੇ ਮੁੰਝ ਬਗੜ ਨਾਲ਼ੇ ਦੇਵੀ ਦੇ ਦਰਸ਼ਨ। ਐਤਕੀਂ ਮੈਂ ਧਾਰ ਕੇ ਗਿਆ ਸੀ ਕਿ ਭਾਬੀ ਜੀ ਨੂੰ ਵੀ ਜ਼ਰੂਰ ਮਿਲਣਾ ਹੀ ਮਿਲਣਾ ਹੈ। ਪਹੁੰਚ ਕੇ ਮੈਂ ਅਪਣਾ ਮਨਸ਼ਾ ਦੱਸਿਆ ਤਾਂ ਭਾਬੀ ਜੀ ਕਹਿੰਦੇ: ਆਓ ਆਓ, ਤੁਹਾਡੇ ਭਾਜੀ ਹੁਣ ਘਰ ਹੀ ਹੁੰਦੇ ਨੇ, ਜਦ ਮਰਜ਼ੀ ਆ ਜਾਓ। ਮੈਂ ਚੰਡੀਗੜ੍ਹ ਪਹੁੰਚ ਕੇ ਫਿਰ ਦੱਸਿਆ। ਭਾਬੀ ਜੀ ਨੇ ਕਿਹਾ: ਭਾਵੇਂ ਅੱਜ ਹੀ ਆ ਜਾਓ। ਭਾਜੀ ਨੂੰ ਉਨ੍ਹਾਂ ਦੇ ਸ਼ਗਿਰਦਾਂ ਇਸ਼ਨਾਨ ਕਰਾ ਕੇ, ਕਪੜੇ ਪੁਆ ਕੇ ਮੰਜੇ ਤੇ ਬਿਠਾ ਦਿੱਤਾ ਸੀ, ਸਰ੍ਹਾਣੇ ਦੀ ਢੋਅ ਨਾਲ। ਮੈਂ ਸਾਹਬ-ਸਲਾਮ ਕੀਤੀ। ਭਾਜੀ ਹਮੇਸ਼ਾਂ ਵਾਂਗ ਤਪਾਕ ਨਾਲ਼ ਮਿਲੇ। ਬਹੁਤ ਖੁਸ਼ ਹੋਏ। ਥੋੜੀਆਂ ਰਾਜ਼ੀ ਖ਼ੁਸ਼ੀ ਦੀਆਂ ਗੱਲਾਂ ਤੋਂ ਬਾਅਦ, ਇਨ੍ਹਾਂ ਸਿੱਧੀਆਂ ਮਜ਼ਦੂਰ ਸਭਾ ਦੇ ਕੰਮ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸੰਗੀਆਂ ਸਾਥੀਆਂ ਦੀਆਂ। ਭਾਬੀ ਜੀ ਕਹਿੰਦੇ: ਇਹ ਹੁਣ ਸਾਰੀਆਂ ਗੱਲਾਂ ਪੁੱਛਣਗੇ। ਫਿਰ ਕਹਿੰਦੇ: ਅਸੀਂ ਵੀ ਕੋਈ ਘਰ ਪਰਿਵਾਰ ਦੀ ਗੱਲ ਕਰਨੀ ਹੁੰਦੀ ਹੈ! ਭਾਜੀ ਮੁਸਕਰਾਏ। ਮੈਂ ਭਾਜੀ ਹੋਰਾਂ ਨੂੰ ਕਿਤਾਬ ਦਿੱਤੀ, ਤਾਂ ਬੜੇ ਖ਼ੁਸ਼ ਹੋਏ। ਕਹਿੰਦੇ: ਮੈਂ ਏਅਅਸ ਕਿਤਾਬ ਤੇ ਪਰੋਗਰਾਮ ਕਰਨਾਂ ਚਾਅਨਾਂ; ਏਅਅ ਜੋ ਸੋਲਾਂ ਸਤਾਰਾਂ ਚੈਪਟਰ ਨੇ, ਇਨ੍ਹਾਂ 'ਤੇ ਤੁਹਾਨੂੰ ਸੁਆਲ ਪੁੱਛੇ ਜਾਨਗੇ। ਹੋਰ 'ਲੋਗ' ਕਿਤਾਬ ਬਾਰੇ ਅਪਣੇ ਵਿਚਾਰ ਦੱਸਣਗੇ। ਮੈਂ ਸਮੇਂ ਦੀ ਘਾਟ ਦੀ ਦੁਹਾਈ ਪਾਈ। ਇਹ ਸਹਿਜ 'ਚ ਸੱਜਾ ਹੱਥ ਹਿਲਾਉਂਦਿਆਂ ਕਹਿੰਦੇ: ਅਗਲੀ ਵਾਰੀ ਆਓ, ਤਾਂ ਮੈਨੂੰ ਜਲਦੀ ਪਤਾ ਦੇਨਾ। ਮੈਂ ਆਪੇ ਪ੍ਰਬੰਧ ਕਰ ਲਵਾਂਗਾ, ਸਾਅਡੇ ਕੋਲ ਅਜੇਅਅਹਾ ਬੰਦੋਬਸਤ ਹੈ ਵੇ। ਭਾਬੀ ਜੀ ਨੇ ਮੈਨੂੰ ਫ਼ੋਟੋ ਲੈਂਦਿਆਂ ਦੇਖ ਲਿਆ ਸੀ। ਭਾਜੀ ਦੇ ਕੁੜਤੇ ਦੇ ਬਟਨ ਪੂਰੇ ਨਹੀਂ ਸਨ ਲੱਗੇ ਹੋਏ; ਕੋਲ਼ ਆ ਕੇ ਬਟਨ ਬੰਦ ਕੀਤੇ। ਮੈਂ ਹੋਰ ਫ਼ੋਟੋ ਖਿੱਚੀਆਂ। ਅਜੇ ਦੋ ਕੁ ਮਹੀਨੇ ਪਹਿਲਾਂ ਵੀ ਮੈਂ ਟੈਲੀਫ਼ੋਨ 'ਤੇ ਗੱਲ ਕੀਤੀ ਸੀ। ਪਰ ਬਾਤ ਪੂਰੀ ਨਹੀਂ ਸੀ ਹੋਈ। ਮੈਨੂੰ ਲੱਗਿਆ ਕਿ ਕੰਨਾਂ ਤੋਂ ਸੁਣਨਾ ਹੋਰ ਘੱਟ ਗਿਆ ਸੀ।


ਸਾਰੀ ਹਯਾਤੀ ਭਾਜੀ ਹੋਰਾਂ ਅਪਣਾ ਸਰੀਰ ਬੜੀ ਹੀ ਕਰੂਰਤਾ ਨਾਲ਼ ਵਾਹਿਆ। ਮਹੀਨੇ 'ਚੋਂ ਵੀਹ-ਵੀਹ ਪੱਚੀ-ਪੱਚੀ ਦਿਨ ਦੂਰ-ਨੇੜੇ ਨਾਟਕ ਕਰਨੇ। ਕਈ ਵਾਰੀ ਦਿਹਾੜੀ 'ਚ ਦੋ ਦੋ ਥਾਂਈ ਵੀ ਕਰ ਜਾਂਦੇ। ਮੋਢਿਆਂ 'ਤੇ ਕਿਤਾਬਾਂ ਨਾਲ਼ ਭਰੇ ਝੋਲ਼ੇ ਲੱਦੇ ਵੀ ਹੋਣੇ। ਪਹਿਲੀਆਂ 'ਚ ਸਫ਼ਰ ਵੀ ਬੱਸਾਂ 'ਚ ਕਰਦੇ ਸੀ। ਰਿਹਰਸਲਾਂ ਕਰਨੀਆਂ। ਵਿਚ-ਵਿਚ ਸਿਆਸੀ ਮੀਟਿੰਗਾਂ 'ਚ ਵੀ ਜਾਣਾ। ਪਰਚਿਆਂ ਦਾ ਪ੍ਰਬੰਧ ਤੇ ਕਿਤਾਬਾਂ ਦੀ ਛਾਪ ਛਪਾਈ। ਨਾਟਕ, ਲੇਖ ਲਿਖਣੇ। ਵਿਦੇਸ਼ਾਂ ਦੀਆਂ ਫੇਰੀਆਂ - ਓਥੇ ਦੀ ਨੱਠ ਭੱਜ। ਮਿਲਣ-ਗਿਲਣ ਵਾਲ਼ਿਆਂ ਨਾਲ਼ ਆਓ ਭਗਤੀ ਵਰਤਾਓ। ਘਰ ਦੀਆਂ ਜ਼ਿੰਮੇਵਾਰੀਆਂ। ਇਸ ਸਾਰੇ ਕੁਛ 'ਚ ਡਿਸਿਪਲਨ 'ਚ ਰਤਾ ਢਿੱਲ ਨਾ ਆਉਣ ਦੇਣੀ। ਭਾਜੀ ਨੂੰ ਦੋ ਤਿੰਨ ਵਾਰ ਤਲਖ਼ੀ 'ਚ ਆਇਆਂ ਮੈਂ ਵੀ ਦੇਖਿਆ, ਜਦੋਂ ਉਹ ਸਮਾਂ ਲੰਘ ਗਿਆ। ਭਾਜੀ ਸ਼ਾਂਤ ਸਮੁੰਦਰ, ਖ਼ੁਸ਼ ਤੇ ਹਸਮੁਖ। ਇਨ੍ਹਾਂ ਅਪਣਾ ਅਸਲ ਨਿਸ਼ਾਨਾ ਕਦੇ ਨਹੀਂ ਚੁੱਕ ਹੋਣ ਦਿੱਤਾ।

ਇਨ੍ਹਾਂ ਦੇ ਕਰਨਲ ਭਾਈ ਨੂੰ ਕਿਸੇ ਨੇ ਕਿਹਾ ਕਿ ਮੈਂ ਤੁਹਾਡੇ ਵੱਡੇ ਭਾਈ ਨੂੰ ਵੀ ਮਿਲ਼ਿਆ ਸਾਂ। ਕਰਨਲ ਅਵਤਾਰ ਸਿੰਘ ਵਿਚੇ ਟੋਕ ਕੇ ਕਹਿੰਦੇ: ਗੁਰਸ਼ਰਨ ਤਾਂ ਮੈਥੋਂ ਬਾਰਾਂ ਸਾਲ ਛੋਟਾ ਹੈ। ਮੈਂ ਸਾਰਿਆਂ ਤੋਂ ਵੱਡਾ ਹਾਂ; ਉਹ ਸਭ ਤੋਂ ਛੋਟਾ। ਮੈਂ ਬੜਾ ਕਿਹਾ ਹੈ ਉਸ ਨੂੰ ਪਰ ਉਹ ਅਪਣੀ ਸਿਹਤ ਦਾ ਖ਼ਿਆਲ ਨਹੀਂ ਰੱਖਦਾ। ਫ਼ੌਜੀ ਅਫ਼ਸਰਾਂ ਦੀ ਬਣ-ਠਣ ਕੇ ਰਹਿਣ ਦੀ ਗੱਲ ਮੰਨੀ ਦੰਨੀ ਹੈ। ਭਾਜੀ ਹੋਰਾਂ ਤਾਂ ਅਪਣਾ ਜੀਵਨ ਬਹੁਤ ਸਾਦਾ ਕੀਤਾ ਹੋਇਆ ਸੀ। ਖਾਣ-ਪੀਣ ਵੀ। ਵਲੈਤ ਚ ਅਕਸਰ ਪਰੋਗਰਾਮਾਂ ਤੋਂ ਬਾਅਦ ਬੀਅਰ ਜਾਂ ਸ਼ਰਾਬ ਵੀ ਵਰਤੀ-ਵਰਤਾਈ ਜਾਂਦੀ ਹੈ। ਮੈਂ ਦੇਖਿਆ ਭਾਜੀ ਇਸ ਤੋਂ ਪਰੇਸ਼ਾਨ ਹੁੰਦੇ ਸੀ। ਬਾਕੀ ਦੇ ਕਈ ਕਲਾਕਾਰ ਇਨ੍ਹਾਂ ਤੋਂ ਡਰਦੇ ਵੀ ਸੀ ਤੇ ਘੁੱਟ ਘੁੱਟ ਲਾਉਣਾ ਵੀ ਚਾਹੁੰਦੇ ਹੁੰਦੇ ਸੀ। ਲੁਕ ਲੁਕ ਕੇ ਹੀ ਪੀ ਸਕਦੇ ਸੀ। ਪੀ ਲੈਂਦੇ, ਝਕਦੇ ਝਕਦੇ। ਭਾਜੀ ਹਮੇਸ਼ਾਂ ਕਿਸੇ ਅਣਸੁਖਾਵੀਂ ਹੋਣ ਤੋਂ ਚੌਕਸੀ ਰੱਖਦੇ।

ਕਾਲ਼ੇ ਦਿਨਾਂ ਦੀ ਗੱਲ ਕਰਦਿਆਂ ਭਾਜੀ ਕਿਤੇ ਕਹਿੰਦੇ ਨੇ: ਗੱਲ ਇਹ ਸੀ ਕਿ ਫ਼ੈਸਲਾ ਕੀਤਾ ਅਸੀਂ ਮਨ ਦੇ ਵਿਚ, ਜਿੱਥੇ ਹੋਰ ਏਨੇ ਬੰਦੇ ਪਏ ਮਰਦੇ ਨੇ ਰੋਜ਼, ਅਸੀਂ ਵੀ ਮਰ ਜਾਂਗੇ; ਪਰ ਕੰਮ ਤੇ ਕਰਨਾ ਹੀ ਹੈ ਅਸੀਂ। ਭਾਬੀ ਜੀ ਹੱਸਦਿਆਂ ਨਾਲ ਆਪਣੀ ਗੱਲ ਵੀ ਜੋੜ ਦਿੰਦੇ: ਏਸੇ ਕਰਕੇ ਮੈਂ ਵੀ ਇਨ੍ਹਾਂ ਦੇ ਨਾਲ਼ ਹੀ ਜਾਂਦੀ ਸੀ, ਬਈ ਜੇ ਮਰੀਏ ਤੇ ਇਕੱਠੇ ਮਰੀਏ। ਪੰਜਾਬ ਦੇ ਕਾਲੇ ਦਿਨਾਂ 'ਚ ਜਾਨ ਜੋਖ਼ਮ ਚ ਪਾ ਕੇ ਵੀ ਨਾਟਕ ਖੇਡੇ - ਕਈ ਵਾਰੀ ਦਿਨ 'ਚ ਤਿੰਨ ਤਿੰਨ ਚਾਰ ਦੀ। ਲੋਕਾਂ ਦੇ ਹਮੈਤੀ ਭਾਜੀ ਘਰ ਤਾਂ ਬਹਿ ਨਹੀਂ ਸੀ ਸਕਦੇ। ਪੰਜਾਬ 'ਚ ਜਿਹੋ ਜਿਹੇ ਹਾਲਤ ਉਸ ਵੇਲੇ ਸੀ, ਓਹ ਘਰ ਆ ਕੇ ਕਿਸੇ ਨੂੰ ਵੀ ਤਾਂ ਮਾਰ ਸਕਦੇ ਸੀ - ਮਨ ਮਰਜ਼ੀ ਨਾਲ, ਚੁਣ ਚੁਣ ਕੇ। ਦਹਿਸ਼ਤਗ਼ਰਦੀ ਸਿਖਰ ਤੇ ਵੀ ਸੀ, ਘਾਤਕ ਵੀ। ਉਨ੍ਹਾਂ ਸੇਵੇਵਾਲੇ ਦਾ ਕਾਰਾ ਕੀਤਾ ਸੀ, ਹੋਰ ਕਈ ਚੋਟੀ ਦੇ ਕਾਮਰੇਡ ਮਾਰੇ ਸੀ।

ਸਾਡਾ ਇਹ ਬਾਬਾ ਬੜਾ ਦਬੰਗ ਸੀ। ਸਾਰੀ ਉਮਰ ਬਿਨਾਂ ਕਿਸੇ ਡਰ ਡੁੱਕਰ ਦੇ, ਦਬੱਲ ਕੇ ਬੋਲਿਆ ਤੇ ਉਹ ਵੀ ਪੰਚਮ ਸੁਰ 'ਚ । ਸਮੇਂ ਦੀਆਂ ਸਰਕਾਰਾਂ ਦੇ ਖ਼ਿਲਾਫ਼ ਵੀ, ਅਨਿਆਂ ਦੇ ਵਿਰੁੱਧ ਵੀ, ਗ਼ਰੀਬਾਂ ਦੀ ਬਿਹਤਰੀ ਲਈ ਵੀ, ਔਰਤਾਂ ਦੇ ਹੱਕ 'ਚ ਵੀ, ਇਨਕਲਾਬ ਲਈ ਤੇ ਹੋਰ ਮਸਲਿਆਂ ਤੇ ਵੀ। ਹੱਕ ਸੱਚ ਲਈ, ਭਲੇ ਲਈ, ਇਨਕਲਾਬ ਲਈ ਤੇ ਇੱਛਤ ਯਥਾਰਤ ਦੀ ਪਰਾਪਤੀ ਲਈ ਵੀ। ਵੱਡੀ ਸਰਕਾਰੀ ਨੌਕਰੀ ਕਰਦੇ ਹੋਏ ਵੀ, ਐਮਰਜੰਸੀ ਲੱਗੀ ਵੇਲੇ ਵੀ, ਖ਼ਾਲਿਸਤਾਨੀ ਦਹਿਸ਼ਤਗਰਦੀ ਵੇਲੇ ਵੀ ਤੇ ਸਾਂਵੇਂ ਸਮਿਆਂ 'ਚ ਵੀ। ਤੇ ਬਾਬਾ ਬੋਲੀ ਗਿਆ, ਨਾ ਜਰਕਿਆ, ਨਾ ਲਿਫਿਆ - ਆਖ਼ਰੀ ਸਾਹਾਂ ਤੱਕ। ●

# ਗੁਰਸ਼ਰਨ ਸਿੰਘ ਦਾ ਬਚਪਨ ਅਤੇ ਉਹਨਾਂ ਦੇ ਰੰਗਮੰਚ ਦੀ ਸ਼ੁਰੂਆਤ: ਉਹਨਾਂ ਦੀ ਆਪਣੀ ਜ਼ਬਾਨੀ



(ਸੰਨ 1983 ਵਿੱਚ ਕਨੇਡਾ ਦੀ ਪਹਿਲੀ ਫੇਰੀ ਦੌਰਾਨ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖੇ ਭਾਬੀ ਜੀ ਕੈਲਾਸ਼ ਕੌਰ, ਭਾਜੀ ਗੁਰਸ਼ਰਨ ਸਿੰਘ ਅਤੇ ਡਾ: ਹਰੀ ਸ਼ਰਮਾ।)

(23 ਮਈ 1983 ਨੂੰ ਨਿਊਵੈਸਟਮਨਿਸਟਰ ਵਿੱਚ ਵਤਨੋਂ ਦੂਰ ਵਲੋਂ ਕੀਤੇ ਇਕ ਸਮਾਗਮ ਵਿੱਚ ਦਿੱਤੀ ਆਪਣੀ ਤਕਰੀਰ ਵਿੱਚ ਭਾਜੀ ਗੁਰਸ਼ਰਨ ਸਿੰਘ ਨੇ ਆਪਣੇ ਬਚਪਨ ਅਤੇ ਆਪਣੇ ਰੰਗਮੰਚ ਦੀ ਸ਼ੁਰੂਆਤ ਬਾਰੇ ਜੋ ਕਿਹਾ, ਉਹ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ)

ਮੈਂ ਇਥੇ ਤੁਹਾਡੇ ਸੱਦੇ 'ਤੇ ਆਇਆ ਹਾਂ। ਕੁਝ ਆਪਣੇ ਬਾਰੇ, ਕੁਝ ਆਪਣੇ ਪੰਜਾਬ ਬਾਰੇ ਜਾਂ ਕੁਝ ਤੁਹਾਥੋਂ ਸਾਨੂੰ ਉਮੀਦਾਂ ਨੇ, ਤੁਹਾਡਾ-ਸਾਡਾ ਆਪਸ ਦੇ ਵਿਚ ਸੰਪਰਕ ਕਿਸ ਤਰ੍ਹਾਂ ਹੋ ਸਕਦਾ ਹੈ ਔਰ ਅਸੀਂ ਤੁਹਾਨੂੰ ਕੀ ਦੇ ਸਕਦੇ ਹਾਂ ਤੇ ਤੁਸੀਂ ਸਾਨੂੰ ਕੀ ਦੇ ਸਕਦੇ ਹੋ, ਇਹਦੇ ਬਾਰੇ ਮੈਂ ਤੁਹਾਡੇ ਨਾਲ ਵਿਚਾਰ ਸਾਂਝੇ ਕਰਨੇ ਚਾਹਾਂਗਾ। ਸਾਰਿਆਂ ਨਾਲੋਂ ਪਹਿਲਾਂ ਕਿਓਂਕਿ ਜਦੋਂ ਵੀ ਅਸੀਂ ਆਪਣੀ ਕੋਈ ਗੱਲ ਸ਼ੁਰੂ ਕਰਦੇ ਹਾਂ ਤਾਂ ਆਪਣੇ ਵਿਰਸੇ ਦੀ ਗੱਲ ਜ਼ਰੂਰ ਕਰਦੇ ਹਾਂ। ਤੇ ਮੈਂ ਸਮਝਦਾ ਹਾਂ ਕਿ ਮੈਂ ਜਿਸ ਫੈਮਲੀ ਦੇ ਵਿਚ ਪੈਦਾ ਹੋਇਆ ਜਾਂ ਵੱਡਾ ਹੋਇਆ, ਉਸ ਦੇ ਵਿਚ ਸਿੱਖ ਵਿਰਸੇ ਦੀ ਬੜੀ ਗੱਲ ਸੀ। ਮੇਰੇ ਦਾਦਾ ਜੀ ਪੰਜਾਬ ਦੇ ਵਿਚ ਪਹਿਲੇ ਗਰੈਜੂਏਟ ਤੇ ਪੋਸਟ ਗਰੈਜੂਏਟ ਸਨ ਤੇ ਪੰਜਾਬ ਦੀ ਐਜੂਕੇਸ਼ਨ ਲਾਈਨ ਦੇ ਵਿਚ ਉਹ ਇਕ ਪਾਇਨੀਅਰ ਕਿਸਮ ਦੇ ਲੋਕ ਸਨ। ਜਿਹਨਾਂ ਨੇ ਪੰਜਾਬ ਦੇ ਵਿਚ, ਖਾਸ ਕਰਕੇ ਪੰਜਾਬੀ ਵਿਦਿਆ ਵਿਚ ਬਹੁਤ ਕੰਮ ਕੀਤਾ। ਮੈਂ ਜਦੋਂ ਨਿੱਕਾ ਜਿਹਾ ਸਾਂ ਉਨ੍ਹਾਂ ਨੇ ਸਾਡੇ ਘਰ ਦੇ ਹਰੇਕ ਕਮਰੇ ਵਿਚ ਕੋਈ ਨਾ ਕੋਈ ਸ਼ਲੋਕ ਲਿਖਿਆ ਸੀ ਔਰ ਉਨ੍ਹਾਂ ਸ਼ਲੋਕਾਂ ਵਿਚੋਂ ਇਕ ਸ਼ਲੋਕ ਉੱਥੇ ਸੀ ਜਿੱਥੇ ਹਰ ਵੇਲੇ ਉਨ੍ਹਾਂ ਦੀ ਨਜ਼ਰ ਰਹਿੰਦੀ ਸੀ: 'ਸੁਖੀ ਵਸੈ ਮਸਕੀਨੀਆ ਆਪ ਤਲੇ ਵੱਡੇ ਵੱਡੇ ਹੰਕਾਰੀਆ ਨਾਨਕ ਗਰਬ ਗਲੇ।' ਸੋ ਉਹ ਥਿੰਕਿੰਗ ਜਿਹੜੀ ਅੱਜ ਦੀ ਵੀ ਹੈ ਮੈਂ ਸਮਝਦਾ ਹਾਂ ਕਿ ਮੈਨੂੰ ਬਚਪਨ ਤੋਂ ਮਿਲੀ ਹੈ। ਪਰ ਜਦੋਂ ਮੈਂ ਚੌਦਾਂ-ਪੰਦਰਾਂ ਸਾਲ ਦਾ ਹੋਇਆ ਤਾਂ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਜਦੋਂ ਮੈਂ ਨਾਂਵੀਂ ਜਮਾਤ ਵਿਚ ਸੀ ਤਾਂ ਮੈਂ ਕੌਮਨਿਸਟ ਪਾਰਟੀ ਦਾ ਸਭ ਤੋਂ ਛੋਟੀ ਉਮਰ ਦਾ ਕਾਰਡ ਹੋਲਡਰ ਗਿਣਿਆ ਜਾਂਦਾ ਸਾਂ। ਮੈਂ ਚੌਦਾਂ ਸਾਲ ਦੀ ਉਮਰ ਦੇ ਵਿਚ ਮਾਰਕਸਿਜ਼ਮ ਤੋਂ ਪੂਰਾ ਪ੍ਰਭਾਵਤ ਹੋ ਕੇ ਔਰ ਇਕ ਸਟੂਡੈਂਟ ਫੈਡਰੇਸ਼ਨ ਦੀ ਹੈਸੀਅਤ ਵਿਚ ਨਾਂਵੀਂ ਜਮਾਤ ਤੋਂ ਕੰਮ ਸ਼ੁਰੂ ਕੀਤਾ ਤੇ 1943 ਦੇ ਵਿਚ ਮੈਂ ਬਕਾਇਦਾ ਕੌਮਨਿਸਟ ਪਾਰਟੀ ਦਾ ਕਾਰਡ ਹੋਲਡਰ ਸਾਂ। ਸੋਹਣ ਸਿੰਘ ਜੋਸ਼, ਤੇਜਾ ਸਿੰਘ ਸੁਤੰਤਰ, ਔਰ ਆਪਣੇ ਹਰਕਿਸ਼ਨ ਸਿੰਘ ਜੀ ਸੁਰਜੀਤ ਇਹ ਸਾਰੇ ਮੇਰੇ ਉਸਤਾਦਾਂ ਦੇ ਵਿੱਚੋਂ ਨੇ। ਜਿਹਨਾਂ ਨੂੰ ਮੈਂ ਪੁਲੀਟੀਕਲ ਉਸਤਾਦ ਕਹਿੰਦਾ ਹਾਂ। ਔਰ ਕਲਚਰਲ ਫਰੰਟ 'ਤੇ ਮੈਂ ਸਟਰੇਟ ਵੇਅ ਕਹਿੰਦਾਂ ਹਾਂ ਕਿ ਮੈਂ ਇੰਡੀਅਨ ਪੀਪਲਜ਼ ਆਰਟਿਸਟ ਐਸੋਸੀਏਸ਼ਨ ਦੀ ਦੇਣ ਹਾਂ। ਇਪਟਾ ਦੀ ਦੇਣ ਹਾਂ। ਪਰ ਹਾਲੀ ਮੈਂ ਇਨ੍ਹਾਂ ਗੱਲਾਂ ਬਾਰੇ ਸੋਚ ਹੀ ਰਿਹਾਂ ਸਾਂ ਕਿ 1947 ਦੀ ਪਾਰਟੀਸ਼ਨ ਹੋ ਗਈ। ਔਰ ਉਸ ਵੇਲੇ ਸਾਡੇ ਪਿਤਾ ਜੀ ਮੁਲਤਾਨ ਵਿੱਚ ਸਨ। ਮੈਂ ਉਸ ਵੇਲੇ ਮੁਲਤਾਨ ਬਾਰਵੀਂ ਜਮਾਤ ਵਿਚ ਪੜ੍ਹਦਾ ਸਾਂ ਜਦੋਂ ਪਾਰਟੀਸ਼ਨ ਹੋਈ। ਘਰ ਸਾਡੇ ਖਾਲਸਾ ਕਾਲਜ ਦੇ ਨਾਲ ਸਨ। ਅੰਮ੍ਰਿਤਸਰ ਅਸੀਂ ਸਤੰਬਰ ਦੇ ਵਿਚ ਆਏ ਔਰ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਚ ਰਫਿਊਜੀ ਕੈਂਪ ਸੀ। ਮੈਂ ਉਸ ਕੈਂਪ ਦੇ ਵਿਚ ਵਾਲੰਟੀਅਰ ਦੇ ਤੌਰ 'ਤੇ ਕੰਮ ਕੀਤਾ। ਔਰ ਸੋਲਾਂ-ਸਤਾਰਾਂ ਸਾਲ ਦੀ ਉਮਰ ਦੇ ਵਿਚ ਮਨੁੱਖਤਾ ਦੇ ਜਿਹੜੇ ਉਹ ਦ੍ਰਿਸ਼ ਦੇਖੇ...। ਮੈਂ ਨੰਗੀਆਂ ਔਰਤਾਂ ਦੇ ਜਲੂਸ ਕੱਢਦਿਆਂ ਗੁੰਡਿਆਂ ਨੂੰ ਵੀ ਦੇਖਿਆ। ...ਮੈਂ ਉਸ ਰਫਿਊਜੀ ਕੈਂਪ ਵਿਚ ਤਿੰਨ ਮਹੀਨੇ ਸੇਵਾ ਕੀਤੀ ਹੈ ਬਜ਼ੁਰਗਾਂ ਦੀ। ਉਹਨਾਂ ਦਾ ਮੈਲਾ ਵੀ ਪੂੰਝਿਆ। ਜਿਹੜੇ ਓਥੋਂ ਆਏ ਜਿਨ੍ਹਾਂ ਦੇ ਵਾਰਿਸ ਜਾਂ ਹੈ ਨਹੀਂ ਸਨ ਜਾਂ ਉਨ੍ਹਾਂ ਦੇ ਬੱਚੇ ਓਧਰ ਰਹਿ ਗਏ ਸਨ ਤੇ ਉਹ ਬੁੱਢੇ ਐਧਰ ਆ ਗਏ ਸਨ ਜਾਂ ਬਜ਼ੁਰਗ ਔਰਤਾਂ ਓਧਰ ਰਹਿ ਗਈਆਂ ਸਨ ਜਾਂ ਉਨ੍ਹਾਂ ਦੇ ਬੱਚੇ ਓਹਨਾਂ ਨੂੰ ਓਥੇ ਈ ਛੱਡ ਕੇ ਐਧਰ ਆ ਗਏ ਸਨ। ਉਨ੍ਹਾਂ ਦਾ ਪਹਿਲਾ ਪੜਾਅ ਖਾਲਸਾ ਕਾਲਜ ਅੰਮ੍ਰਿਤਸਰ ਹੁੰਦਾ ਸੀ ਅਟਾਰੀ ਨੂੰ ਪਾਰ ਕਰਕੇ ਰਫਿਊਜ਼ੀ ਕੈਪਸ ਸੀ। ਔਰ ਓਥੇ ਮੈਂ ਜੋ ਕੁਝ ਦੇਖਿਆ, ਸੋਲਾਂ-ਸਤਾਰਾਂ ਸਾਲ ਦੀ ਉਮਰ ਦੇ ਵਿਚ ਮੈਂ ਸਮਝਦਾਂ ਕਿ... ਮੈਂ ਉਸ ਤੋਂ ਪਹਿਲੇ ਇਕ ਹਾਕੀ ਦਾ ਪਲੇਅਰ ਵੀ ਸਾਂ, ਮੈਂ ਬਹੁਤ ਹੱਸਣ-ਖੇਡਣ ਵਾਲਾ ਸੀ। ਪੰਜਾਬ ਲੈਵਲ ਦਾ ਪਲੇਅਰ ਵੀ ਰਿਹਾ, ਪਰ ਉਸ ਦੁੱਖ ਨੂੰ ਜਿਹੜਾ ਮੈਂ ਦੇਖਿਆ ਹੈ ਉਸ ਤੋਂ ਬਾਅਦ ਮੈਂ ਜ਼ਿੰਦਗੀ ਦੇ ਆਉਣ ਵਾਲੇ ਸਾਲਾਂ ਵਿਚ ਹੱਸ ਨਹੀਂ ਸਕਿਆ *(ਆਵਾਜ਼ ਭਰੜਾਅ ਜਾਂਦੀ ਹੈ)*, ਮੁਸਕਰਾ ਨਹੀਂ ਸਕਿਆ। ਉਹ ਕਾਲਜ ਦੇ ਦਿਨ ਜਦੋਂ ਮੁੰਡੇ ਹੱਸਦੇ-ਖੇਡਦੇ-ਟੱਪਦੇ ਨੇ ਮੈਂ ਇਕ ਬੜਾ ਘੁਟਣ ਦੇ ਆਟਮਸਫੀਅਰ ਦੇ ਵਿਚ ਉਹ ਜ਼ਿੰਦਗੀ ਦੇਖੀ ਓਹਦਾ ਮੇਰੇ ਉੱਤੇ ਇਮਪੈਕਟ ਐਨਾ ਸੀ। ਮੈਂ ਸਮਝਦਾਂ ਹਾਂ ਕਿ ਉਹ ਛੇ ਸਤ ਸਾਲ 47 ਤੋਂ 51 ਤੱਕ ਮੈਂ ਵਿਦਿਆਰਥੀ ਰਿਹਾ, ਪੰਜਾਬ ਦੀ ਯੂਨੀਵਰਸਿਟੀ ਦੇ ਵਿਚ ਔਰ ਟਾਪ ਦਾ ਸਟੂਡੈਂਟ ਵੀ ਸੀ।... ਔਰ ਮੈਂ ਦੇਖਦਾ

ਰਿਹਾ ਕਿ ਉਹ ਬਾਬਾ ਨਾਨਕ ਦੇ ਮਿਸ਼ਨ ਵਾਲੇ ਲੋਗ , ਉਹ ਲੋਗ ਜਿਹੜੇ ਗੁਰੂ ਗੋਬਿੰਦ ਸਿੰਘ ਦੀ ਸ਼ਕਤੀ ਦੀ ਗੱਲ ਕਰਦੇ ਨੇ, ਉਹ ਲੋਗ ਜਿਹੜੇ ਭਾਈ ਘਨੱਈਆਂ ਦੀ ਗੱਲ ਕਰਦੇ ਨੇ, ਉਹ ਜਦੋਂ ਜ਼ਿੰਦਗੀ ਵਿਚ ਵਿਚਰਦੇ ਨੇ ਤਾਂ ਉਹ ਗੁਰੂ ਨਾਨਕ ਦੇ ਵਿਰੁਧ ਸਨ, ਗੁਰੂ ਗੋਬਿੰਦ ਸਿੰਘ ਦੇ ਵਿਰੁਧ ਸਨ ਤੇ ਭਾਈ ਘਨਈਆ ਦੇ ਵਿਰੁਧ ਸਨ। ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਬੱਚਿਆਂ ਨੂੰ ਮਾਰਨ ਦੇ ਲਈ ਵਰਤੀ ਐ। ਔਰ ਮੈਂ ਰੀਸੈਂਟਲੀ ਸ਼ਹੀਦ ਭਗਤ ਸਿੰਘ ਹੋਰਾਂ ਦੀ ਭੈਣ ਅਮਰ ਕੌਰ ਨਾਲ ਗੱਲ ਕਰ ਰਿਹਾ ਸਾਂ। ਉਹ ਹਾਲੇ ਵੀ ਅੱਸੀ ਸਾਲ ਦੀ ਉਮਰ ਵਿਚ ਸਾਡੇ ਡੈਮੋਕਰੈਟਕ ਫਰੰਟ ’ਤੇ ਆਉਂਦੇ ਨੇ ਇਕ ਗੱਲ ਜਿਹੜੀ ਉਨ੍ਹਾਂ ਨੇ ਮੈਨੂੰ ਦੱਸੀ ਸੁਣ ਕੇ ਮੈਂ ਹੈਰਾਨ ਰਹਿ ਗਿਆ। ਉਹ ਕਹਿਣ ਲੱਗੇ ਕਿ ਗੁਰਸ਼ਰਨ ਸਿੰਘ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਕਿ ਇਹ ਜਿਹੜਾ ਚੀਫ਼ ਮਨਿਸਟਰ ਦਰਬਾਰਾ ਸਿੰਘ ਹੈ ਇਹ ਪਾਰਟੀਸ਼ਨ ਵੇਲੇ ਔਰਤਾਂ ਨੂੰ ਮਾਰਦਿਆਂ ਤੇ ਬੇਪਤ ਕਰਦਿਆਂ ਤੱਕਿਆ ਐ। ਮੈਂ ਕਿਹਾ ਕਿ ਇਹ ਗੱਲ ਤੁਸੀਂ ਸਟੇਜ ’ਤੇ ਵੀ ਕਹਿ ਸਕਦੇ ਹੋ। ਉਹ ਕਹਿੰਦੇ ਮੈਨੂੰ ਕੀਹਦਾ ਡਰ ਐ ਮੈਂ ਸਟੇਜ ’ਤੇ ਵੀ ਕਹਿ ਸਕਦੀ ਹਾਂ। ਉਨ੍ਹਾਂ ਨੇ ਸਟੇਜ ’ਤੇ ਕਿਹਾ ਕਿ ਇਹ ਜਿਹੜੇ ਵੱਡੇ ਬੰਦੇ ਨੇ ਇਨ੍ਹਾਂ ਦਾ ਪਿਛੋਕੜ ਮੈਂ ਜਾਣਦੀ ਹਾਂ। ਖੈਰ ਦੋਨੋਂ ਪਾਸੇ ਪੰਜਾਬ ਦੇ ਜਿਹੜੇ ਸਿਰਕਰਦਾ ਲੀਡਰ ਸਨ ਉਨ੍ਹਾਂ ਦੇ ਰੂਪ ਕੀ ਸਨ। ਉਤੋਂ ਕੀ ਸਨ ਤੇ ਵਿੱਚੋਂ ਕੀ ਸਨ। ਇਹ ਸਾਨੂੰ ਵੇਖਣ ਦਾ ਮੌਕਾ ਵੀ ਮਿਲਿਆ ਤੇ ਮੇਰੇ ਜਿਹੜੇ ਸਾਥੀ ਉਸ ਵੇਲੇ ਦੇ ਨੇ ਉਹ ਕਹਿ ਸਕਦੇ ਨੇ ਕਿ ਓਸ ਵੇਲੇ ਜੇ ਕਿਸੇ ਨੇ ਆਪਣੇ ਆਪ ਨੂੰ ਸਾਵਾਂ ਰੱਖਿਆ ਤੇ ਬੈਲੇਂਸ ਰੱਖਿਐ ਉਹ ਉਹੀ ਲੋਗ ਸਨ ਜਿਹੜੇ ਮਾਰਕਸ ਦੇ ਸਿਧਾਂਤ ਨਾਲ ਜਾਂ ਕੌਮਨਿਜ਼ਮ ਦੇ ਸਿਧਾਂਤ ਨਾਲ ਬੱਝੇ ਸਨ। ਭਾਵੇ ਉਹ ਪਾਕਿਸਤਾਨ ਦੇ ਸਨ ਤੇ ਭਾਂਵੇ ਹਿੰਦੋਸਤਾਨ ਦੇ। ਜਿਹੜੀ ਇਹ ਕਮਿਊਨਲਜ਼ਿਮ ਦੀ ਹਨ੍ਹੇਰੀ ਝੁੱਲੀ ਹੈ, ਪ੍ਰੋਗਰੈਸਿਵ ਲਹਿਰ ਨੇ ਆਪਣੇ ਆਪ ਨੂੰ ਕਾਇਮ ਰੱਖਦਿਆਂ ਹੋਇਆਂ ਦੋਨੋ ਪਾਸੇ ਇਸ ਦੁੱਖ ਨੂੰ ਘਟਾਣ ਦੀ ਕੋਸ਼ਿਸ਼ ਕੀਤੀ ਐ। ....

ਮੈਂ ਭਾਖੜਾ ਨੰਗਲ ਪ੍ਰੋਜੈਕਟ ਵਿਚ ਸੀਮੈਂਟ ਟੈਕਨੌਲੋਜਿਸਟ ਦੇ ਰੂਪ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ ਓਸ ਦੇ ਵਿਚ ਵੀ ਮੈਂ ਸਮਝਦਾ ਹਾਂ ਕਿ ਕੁਝ ਕੰਮ ਮੇਰੇ ਐਸੇ ਨੇ ਕਿ ਇੰਟਰਨੈਸ਼ਨਲ ਪੱਧਰ ਤੱਕ ਫੇਮ ਮੈਂ ਲਈ ਐਜ਼ ਸੀਮੰਟ ਟੈਕਨੌਲਿਜਸਟ। ਖਾਸ ਕਰਕੇ ਲਾਲ ਮਿੱਟੀ ਦੀ ਰੀਸਰਚ ਜਿਹੜੀ ਕਿ ਭਾਖੜਾ ਡੈਮ ਵਿਚ ਸੀਮੈਂਟ ਦੀ ਥਾਂ ਲਾਈ ਗਈ ਤੇ ਓਹੀ ਪਹਾੜ ਸ਼ਿਵਾਲਕ ਤੇ ਓਹੀ ਮਿੱਟੀ। ਲਾਲ ਮਿੱਟੀ ਵਰਤ ਕੇ ਅਸੀਂ ਸੀਮੈਂਟ ਨੂੰ ਸੇਵ ਕੀਤਾ। ਹੁਣ ਮੈਂ ਦੱਸਦਾਂ ਕਿ ਮੈਂ ਨਾਟਕ ਦੇ ਫੀਲਡ ਵਿਚ ਕਿਸ ਤਰ੍ਹਾਂ ਆਇਆ। ਇਹ 1955 ਦੀ ਗੱਲ ਹੈ। ਖ਼ੁਰਸ਼ਚੋਵ ਅਤੇ ਬੁਲਗੈਨਿਨ ਇੰਡੀਆ ਵਿਚ ਆਏ ਤੇ ਓਸ ਵੇਲੇ ਓਹਨਾਂ ਨੇ ਜਿਹੜੀ ਪੰਡਤ ਨਹਿਰੂ ਜੀ ਨਾਲ ਗੱਲ-ਬਾਤ ਕੀਤੀ ਉਹ ਮੇਨ ਗੱਲ-ਬਾਤ ਨੰਗਲ ਦੇ ਵਿਚ ਹੋਈ ਸੀ। ਤੇ ਨੰਗਲ ਸਤਲੁਜ ਦੇ ਕਿਨਾਰੇ ਰੈਸਟ ਹਾਊਸ ਇਕ ਖਾਸ ਕਿਸਮ ਦਾ ਬਣਾਇਆ ਗਿਆ ਸੀ ਤੇ ਓਥੇ ਓਨ੍ਹਾਂ ਨੇ ਦੋ ਦਿਨ ਰਹਿ ਕੇ ਓਹ ਸਾਰੀ ਗੱਲ-ਬਾਤ ਕਰਨੀ ਸੀ। ... ਤੇ ਓਨ੍ਹਾਂ ਦੇ ਵਾਸਤੇ ਜਿਹੜੀ ਕਲਚਰਲ ਨਾਈਟ ਦਾ ਇੰਤਜ਼ਾਮ ਕੀਤਾ ਗਿਆ ਓਹ ਨੰਗਲ ਦੇ ਵਿਚ ਹੀ ਕੀਤਾ ਗਿਆ। ਓਸ ਰਾਤ ਨੰਗਲ ਦੇ ਵਿਚ ਇਕ ਬਹੁਤ ਵੱਡਾ ਕਲਚਰਲ ਪ੍ਰੋਗਰਾਮ ਕਰਨ ਦਾ ਇੰਤਜ਼ਾਮ ਸੀ। ਜੀਹਦੇ ਵਿਚ ਇੰਦਰਾਨੀ ਰਹਿਮਾਨ ਵਰਗੀਆਂ ਡਾਂਸਰਜ਼ ਤੇ ਏਧਰੋਂ ਪੰਜਾਬ ਦਾ ਸਾਰਾ ਭੰਗੜਾ ਤੇ ਨਵਾਂ ਨਵਾਂ ਉੱਠਿਆ ਸੀ ਮਨੋਹਰ ਦੀਪਕ ਦਾ ਸੁਨਾਮ ਦਾ ਗਰੁੱਪ ਬਹੁਤ ਮਸ਼ਹੂਰ ਗਰੁੱਪ ਗਿਣਿਆ ਜਾਂਦਾ ਸੀ... ਲਾਲ ਚੰਦ ਯਮਲਾ ਜੱਟ, ਸੁਰਿੰਦਰ ਕੌਰ ਤੇ ਹੋਰ ਵੀ ਹਿੰਦੋਸਤਾਨ ਭਰ ਦੇ ਕਲਾਕਾਰਾਂ ਵਿੱਚੋਂ ਸਨ ਪਰ ਪੰਜਾਬ ਦੀ ਮੇਨ ਰਿਪਰਜੈਂਟੇਸ਼ਨ ਸੀ। ਔਰ ਉਹ ਸਾਰੇ ਕਲਾਕਾਰਾਂ ਨੇ ਇਕ ਹਫ਼ਤਾ ਪਹਿਲਾਂ ਓਥੇ ਨੰਗਲ ਦੇ ਵਿਚ ਦਾ ਡੇਰਾ ਆ ਲਾਇਆ ਸੀ। ਔਰ ਮੇਰੀ ਆਫ਼ੀਸ਼ਿਅਲ ਤੌਰ ’ਤੇ ਓਹਨਾਂ ਦੀ ਲੁੱਕ-ਆਫਟਰ ਕਰਨ ਦੀ ਡਿਊਟੀ ਲੱਗੀ ਹੋਈ ਸੀ। ਓਸ ਤਰ੍ਹਾਂ ਵੀ ਸੁਰਿੰਦਰ ਕੌਰ ਵਗੈਰਾ ਸਾਡੇ ਪਹਿਲਾਂ ਵੀ ਬੜੇ ਨੇੜੇ ਸਨ। ਤਾਂ ਇਹ ਜਦੋਂ ਪ੍ਰੋਗਰਾਮ ਦੀ ਤਿਆਰੀ ਕੀਤੀ ਜਾ ਰਹੀ ਸੀ ਤਾਂ ਇਕ ਰੀਹਰਸਲ ਪ੍ਰੋਗਰਾਮ ਹੋਣਾ ਸੀ। ਜਿਸ ਦਿਨ ਪ੍ਰੋਗਰਾਮ ਹੋਣਾ ਸੀ ਉਸ ਤੋਂ ਦੋ ਦਿਨ ਪਹਿਲਾਂ ਜੀਹਨੂੰ ਗਰੈਂਡ ਰੀਹਰਸਲ ਕਹਿੰਦੇ ਨੇ ਉਹ ਰੀਹਰਸਲ ਹੋਣੀ ਸੀ। ਮੈਨੂੰ ਪਤਾ ਸੀ ਕਿ ਜਿਹੜਾ ਅਸਲੀ ਪ੍ਰੋਗਰਾਮ ਹੈ ਉਹ ਸਕਿਊਰਿਟੀ ਪਰਪਜ਼ਜ਼ ਕਰਕੇ ਬਹੁਤ ਲਿਮਿਟਡ ਲੋਕਾਂ ਵਿਚ ਹੀ ਹੋ ਸਕਨਾ ਸੀ। ਪਰ ਮੈਂ ਬੇਨਤੀ ਕੀਤੀ, ਉਸ ਵੇਲੇ ਡਾਕਟਰ ਆਨੰਦ ਸਨ ਆਲ ਇੰਡੀਆ ਰੇਡੀਓ ਜਲੰਧਰ ਦੇ ਡਾਇਰੈਕਟਰ, ਮੈਂ ਓਹਨਾਂ ਸਾਰਿਆਂ ਨੂੰ ਬੇਨਤੀ ਕੀਤੀ ਕਿ ਇਹ ਜਿਹੜੀ ਗਰੈਂਡ ਰੀਹਰਸਲ ਹੈ ਇਹ ਜਿਹੜੇ ਸਾਡੇ ਭਾਖੜਾ ਨੰਗਲ ਪ੍ਰੋਜੈਕਟ ਦੇ ਵਰਕਰ ਹਨ, ਖਾਸ ਕਰਕੇ ਜਿਹੜੇ ਪੰਜਾਬ ਦੇ ਫੋਕ ਆਈਟਮਜ਼ ਨੇ, ਇਹ ਸਾਡੇ ਵਰਕਰਜ਼ ਨੂੰ ਦੇਖਣ ਦੀ ਖੁੱਲ੍ਹ ਦੇ ਦਿਓ। ਤਾਂ ਓਨ੍ਹਾਂ ਨੇ ਮੈਨੂੰ ਇਕਦਮ ਹੀ ਇਹ ਗੱਲ ਆਖੀ ਕਿ ਗੁਰਸ਼ਰਨ ਸਿੰਘ ‘ਦੇਅ ਡੌਂਟ ਡੀਜ਼ਰਵ ਇੱਟ , ਦੇਅ ਵੌਂਟ ਅੰਡਰਸਟੈਂਡ ਇੱਟ’। ਮੈਂ ਇਕਦਮ ਹੈਰਾਨ ਰਹਿ ਗਿਆ। ਕਿ ਪੰਜਾਬ ਦਾ ਭੰਗੜਾ ਹੋ ਰਿਹੈ। ਜਿਵੇਂ ਤੁਸੀਂ ਏਥੇ ਸਾਰੇ ਮਾਝੇ, ਮਾਲਵੇ ਤੇ ਦੁਆਬੇ ਤੋਂ ਆ ਜਾਂਦੇ ਹੋ ਇਸ ਤਰ੍ਹਾਂ ਨੰਗਲ ਵੀ ਅਜਿਹੀ ਥਾਂ ਸੀ ਜਿੱਥੇ ਪੰਜਾਬ ਦੇ ਹਰ ਕੋਨੇ ਤੋਂ ਵਰਕਰ ਆਏ ਹੋਏ ਸਨ। ਔਰ ਸਾਰੀ ਓਨ੍ਹਾਂ ਦੀ ਸਾਂਝੀ ਜਿਹੀ ਗੱਲ ਸੀ। ਮੈਂ ਹੈਰਾਨ ਹੋ ਗਿਆ ਕਿ ਇਹ ਲੋਗ ਇਹ ਸਮਝਦੇ ਨੇ ਕਿ ਇਹ ਭੰਗੜਾ ਇਹ ਲੋਕ ਗੀਤ ਜਿਨ੍ਹਾਂ ਦੇ ਹੈਗੇ ਨੇ ਉਹ ਏਨਾਂ ਨੂੰ ਡੀਜ਼ਰਵ ਨਹੀਂ ਕਰਦੇ ਤੇ ਇਹ ਏਨਾਂ ਦੀ ਥਿੰਕਿੰਗ ਹੈ। ਮੇਰੇ ਮਨ ਦੇ ਵਿਚ ਇਕਦਮ ਖਿਆਲ ਆਇਆ ਕਿ ਇਹ ਸਿਰਫ ਜ਼ਿੰਦਗੀ ਦੀਆਂ ਹੋਰ ਜਿਹੜੀਆਂ ਸਾਡੀਆਂ ਸਹੂਲਤਾਂ ਨੇ ਓਨ੍ਹਾਂ ਨੂੰ ਹੀ ਨਹੀਂ ਮੋਨੋਪਲਾਈਜ਼ ਕਰਨਾ ਚਾਹੁੰਦੇ, ਇਹ ਵੱਡੇ ਲੋਗ ਇਹ ਸਾਡੀ ਕਲਚਰ ਨੂੰ ਇਹ ਸਾਡੇ ਸਭਿਆਚਾਰ ਨੂੰ ਵੀ ਮੋਨੋਪਲਾਈਜ਼ ਕਰਨਾ ਚਾਹੁੰਦੇ ਨੇ ਸਿਰਫ਼ ਆਪਣੇ ਤੱਕ ਮਹਿਦੂਦ ਰੱਖਣਾ ਚਾਹੁੰਦੇ ਨੇ। ਐਂਡ ਦਿਸ ਵਾਜ਼ ਦਾ ਫਸਟ.. ਇਨ ਨਾਈਨਟੀਨ ਫਿਫਟੀ ਫਾਈਵ... ਜਿਹਨੇ ਮੈਨੂੰ ਮਜਬੂਰ ਕੀਤਾ... ਕਿ ਜਦੋਂ ਇਹ ਫੰਕਸ਼ਨ ਖਤਮ ਹੋ ਜਾਵੇ... ਤਾਂ ਮੈਂ ਸਾਰੇ ਕਲਾਕਾਰਾਂ ਨੂੰ ਕਿਹਾ ਕਿ ਅਸੀਂ ਤੁਹਾਨੂੰ ਖਰਚ ਦੇਵਾਂਗੇ, ਵਰਕਰ ਅਸੀਂ ਝੋਲੀ ਅੱਡ ਕੇ ਪੈਸੇ ’ਕੱਠੇ ਕਰਲਾਂਗੇ ਇਕ ਰਾਤ ਤੁਸੀਂ ਸਾਡੇ ਮਹਿਮਾਨ ਹੋਵੋ। ਜਦੋਂ ਬੁਲਗੈਨਿਨ ਚਲੇ ਗਏ ਉਸ ਤੋਂ ਦੋ ਦਿਨ ਬਾਅਦ ਅਸੀਂ ਨੰਗਲ ਦੇ ਗਰਾਊਂਡ ਵਿਚ ਇਹ ਭੰਗੜਾ ਤੇ ਹੋਰ ਪ੍ਰੋਗਰਾਮ ਕਰਵਾਏ। ਖਰਚ ਸੀ ਓਦੋਂ ਅੱਠ ਸੌ-ਹਜ਼ਾਰ ਰੁਪਏ ਦਾ ਜਿਹੜਾ ਆਇਆ । ਮੈਂ ਤੇ ਮੇਰੇ ਸਾਥੀਆਂ ਨੇ ਝੋਲੀ ਅੱਡੀ ਆਪਣੇ ਲੋਗਾਂ ਅੱਗੇ ਤੇ ਐਟ ਦੀ ਸਪਾਟ ਨੌਂ ਸੌ ਰੁਪਏ ’ਕੱਠੇ ਹੋ ਗਏ। ਖੈਰ ਇਨ੍ਹਾਂ (ਕਲਾਕਾਰਾਂ ਨੇ) ਲਿਆ ਨਾ। ਆਪਣੇ ਥੋੜ੍ਹੇ-ਥੋੜ੍ਹੇ ਖਰਚੇ ਲਏ। ਸੋ ਮੇਰੇ ਵਾਸਤੇ ਉਹ ਪਹਿਲੀ ਵਾਰੀ ਸੀ ਔਰਗੇਨਾਈਜੇਸ਼ਨ ਆਫ਼ ਕਲਚਰਲ ਸ਼ੋਅਜ਼। ਮੈਂ ਓਥੇ ਆਪਣੀ ਔਰਗੇਨਾਈਜੇਸ਼ਨ ਬਣਾਈ। ਜਿਹੜੀ ਕਿ ਭਾਖੜਾ ਨੰਗਲ ਪ੍ਰੋਜੈਕਟ... ਦੇ ਇਟ ਵਾਜ਼ ਨੋਨ ਐਸ ਏ ਸਟਾਫ਼ ਡਰਾਮੈਟਿਕ ਕਲੱਬ। ... ਔਰ ਮੈਂ ਪਹਿਲਾਂ ਜਿਹੜਾ ਆਪਣਾ ਨਾਟਕ ਲਿਖਿਆ ਉਹ ਨੰਗਲ ਦੇ ਉੱਤੇ ਈ ਸੀ। ਹੜਤਾਲ ਹੋਈ ਸੀ ਉੱਥੇ। ਓਹਦੇ ਨਾਂ ਨਾਲ ਹੀ.. ਹੜਤਾਲ ਨਾਟਕ ਨਾਲ ਮੈਂ ਆਪਣੇ ਨਾਟਕ ਦਾ ਸਫ਼ਰ ਸ਼ੁਰੂ ਕੀਤੈ। ਖੈਰ 1959 ਦੇ ਵਿਚ ਮੇਰੀ ਮੈਰੀਜ਼ ਤੋਂ ਬਾਅਦ ਮੇਰਾ ਇਕ ਨਾਟਕ ਬਹੁਤ ਮਸ਼ਹੂਰ ਹੋਇਆ ਘੁੰਮਣਘੇਰੀ ਜਿਹਨੂੰ ਅਵਾਰਡ ਮਿਲੇ। ਇਸ ਤਰਾਂ ਮੇਰੇ ਨਾਟਕ ਦੀ ਸ਼ੁਰੂਆਤ ਹੋਈ। ਉਸ ਤੋਂ ਬਾਅਦ 1962 ਵਿਚ ਚਾਈਨਾਂ ਦੀ ਵਾਰ ਤੋਂ ਬਾਅਦ ਸਾਡਾ ਪ੍ਰੋਜੈਕਟ ਖਤਮ ਹੋ ਗਿਆ ਤੇ ਮੈਂ ਆਪਣੇ ਹੈਡ ਕੁਆਟਰ ਅਮ੍ਰਿਤਸਰ ਆ ਗਿਆ। 1962 ਤੋਂ ਬਾਅਦ ਮੈਂ ਆਪਣੀਆਂ ਐਕਟੀਵੀਟੀਜ਼ ਅਮ੍ਰਿਤਸਰ ਤੋਂ ਹੀ ਕੀਤੀਆਂ। ਔਰ 1964 ਵਿਚ ਅਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਬਣਾਈ। ...● (ਟੇਪ ਤੋਂ ਉਤਾਰਾ - ਹਰਪ੍ਰੀਤ ਸੇਖਾ)

# ਮੈਥੋਂ ਮੇਰਾ ਬਿਰਹਾ ਵੱਡਾ –
# ਸ਼ਿਵ ਕੁਮਾਰ ਨਾਲ ਕੀਤੇ ਸਫ਼ਰ ’ਤੇ ਇੱਕ ਝਾਤ



*ਲੇਖਕ ਸ਼ਿਵ ਕੁਮਾਰ ਨਾਲ (ਬਟਾਲਾ, 1966)*

## ਪ੍ਰੇਮ ਕੁਮਾਰ

ਸ਼ਿਵ ਕੁਮਾਰ ਨਾਲ ਕੀਤੇ ਮੇਰੇ ਸਫ਼ਰ ਦੀ ਸ਼ੁਰੂਆਤ ਕਦੋਂ ਹੋਈ ਇਹ ਇੱਕ ਲੰਮੀ ਕਹਾਣੀ ਹੈ। ਪਰ ਗੱਲ ਮੈਂ 1965 ਤੋਂ ਸ਼ੁਰੂ ਕਰਦਾ ਹਾਂ ਜਦੋਂ ਮੈਂ ਸ਼ਿਵ ਨੂੰ ਪਹਿਲੀ ਵਾਰ ਮਿਲਿਆ ਸਾਂ।

ਸ਼ਿਵ ਦੀ ਕਵਿਤਾ ਪੜ੍ਹਦਾ ਸੁਣਦਾ ਮੈਂ ਜੁਆਨੀ ਦੀ ਦਹਿਲੀਜ਼ ’ਤੇ ਪੈਰ ਰੱਖਿਆ ਸੀ। ਬਚਪਨ ਵਿੱਚ ਹੀ ਆਪਣੇ ਘਰ ਪਰਵਾਰ ਤੋਂ ਜੁਦਾਈ ਨੇ ਮੇਰੀ ਬਾਲ ਉਮਰਾ ਵਿੱਚ ਇੱਕ ਸੋਗੀ ਅਹਿਸਾਸ ਭਰ ਦਿੱਤਾ ਸੀ। ਇਸ ਅਹਿਸਾਸ ਨੇ ਮੈਨੂੰ ਕਵਿਤਾ ਦੀ ਪਹਿਚਾਨ ਕਰਵਾਈ। ਮੇਰੀਆਂ ਉਦਾਸ ਘੜੀਆਂ ਵਿੱਚ ਸ਼ਿਵ ਦੀ ਕਵਿਤਾ ਮੇਰਾ ਸਾਥ ਦੇਂਦੀ ਸੀ। ਮੈਨੂੰ ਧਰਵਾਸ ਦੇਂਦੀ ਸੀ। ਮੈਂ ਸ਼ਿਵ ਦੇ ਦਰਦ ਨੂੰ ਸਮਝਣ ਲੱਗ ਪਿਆ ਸਾਂ। ਉਸਦੀ ਪੀੜ ਨਾਲ ਮੇਰਾ ਸ਼ਬਦਹੀਣ ਰਿਸ਼ਤਾ ਜੁੜ ਗਿਆ ਸੀ।

ਸ਼ਿਵ ਨੇ ਆਪਣੀ ਪੀੜ ਨੂੰ ਬਿਰਹਾ ਦਾ ਨਾਂ ਦਿੱਤਾ। ਇਹ ਸ਼ਬਦ ਉਸ ਦੀ ਸਿਰਜਣਾ ਨਹੀਂ ਸੀ। ਸ਼ੇਖ ਫ਼ਰੀਦ ਨੇ ਬਿਰਹਾ ਨੂੰ ਸੁਲਤਾਨ ਦਾ ਦਰਜਾ ਦਿੱਤਾ ਸੀ ਪਰ ਸ਼ੇਖ ਫ਼ਰੀਦ ਦੀ ਬਾਣੀ ਵਿੱਚ ਇਸ ਦੇ ਅਰਥ ਅਧਿਆਤਮਕ ਦਾਇਰੇ ਅੰਦਰ ਸੀਮਤ ਰਹੇ ਸਨ। ਸ਼ਿਵ ਨੇ ਇਸ ਸ਼ਬਦ ਵਿੱਚ ਆਕਾਸ਼ ਦਾ ਵਿਸਤਾਰ, ਸਮੁੰਦਰ ਦੀ ਗਹਿਰਾਈ ਤੇ ਪੌਣਾਂ ਦੀ ਭਟਕਨ ਭਰ ਦਿੱਤੀ। ਤਿੰਨ ਹਰਫ਼ਾਂ ਦੇ ਇਸ ਸ਼ਬਦ ਨੇ ਉਸਦੀ ਰੂਹ ਦੀ ਸਮੁੱਚੀ ਤੜਪ, ਉਸਦੀ ਤਲਾਸ਼ ਤੇ ਤਲਖ਼ੀ ਸਮੇਟ ਲਈ। ਬਿਰਹਾ ਉਸ ਲਈ ਸਾਰੀ ਮਨੁੱਖਤਾ ਦੇ ਦਰਦ ਦਾ ਮਹਾਂਕਾਵਿ ਬਣ ਗਿਆ।

*ਅਸੀਂ ਸਭ ਬਿਰਹਾ ਘਰ ਜੰਮਦੇ*
*ਅਸੀਂ ਬਿਰਹਾ ਦੀ ਸੰਤਾਨ*
*ਬਿਰਹਾ ਖਾਈਏ ਬਿਰਹਾ ਪਾਈਏ*
*ਬਿਰਹਾ ਆਏ ਹੰਢਾਣ*

ਕਿਸੇ ਵੀ ਭਾਸ਼ਾ ਵਿੱਚ ਸ਼ਬਦ ਮਨੁੱਖੀ ਸੋਚ ਵਿੱਚੋਂ ਜਨਮ ਲੈਂਦਾ ਹੈ। ਫਿਰ ਏਹੀ ਸ਼ਬਦ ਮਨੁੱਖੀ ਸੋਚ ਨੂੰ ਪ੍ਰਭਾਵਤ ਕਰਨ ਲੱਗਦਾ ਹੈ। ਉਸ ਨੂੰ ਆਪਣੇ ਰੂਪ ਵਿੱਚ ਢਾਲਦਾ ਹੈ। ਬਿਰਹਾ ਸ਼ਿਵ ਦੀ ਕਾਵਿ ਸੋਚ ਤੇ ਰਚਨਾ ਦਾ ਕੇਂਦਰ ਬਣ ਗਿਆ ਸੀ। ਬਿਰਹਾ ਨਾਲ ਉਸ ਦਾ ਅਟੁੱਟ ਰਿਸ਼ਤਾ ਸੀ। ਉਸ ਨੇ ਕੁੱਖ ਤੋਂ (*ਸਾਡੇ ਪੋਤੜਿਆਂ ਵਿੱਚ ਬਿਰਹਾ ਰੱਖਿਆ ਸਾਡੀਆਂ ਮਾਵਾਂ* ) ਕਬਰ ਤੱਕ (*ਅਸਾਂ ਜੂਨ ਹੰਢਾਣੀ ਮਹਿਕ ਦੀ, ਸਾਨੂੰ ਬਿਰਹਾ ਦਾ ਵਰਦਾਨ* ) ਆਪਣੀ ਸੰਖੇਪ ਜੇਹੀ ਉਮਰ ਬਿਰਹਾ ਦੇ ਨਾਂ ਲਾ ਦਿੱਤੀ ਸੀ।

ਸ਼ਿਵ ਨੂੰ ਮਿਲਣ ਤੋਂ ਤਿੰਨ ਕੁ ਸਾਲ ਪਹਿਲਾਂ ਮੈਨੂੰ ਬੇਰਿੰਗ ਕਾਲਜ ਬਟਾਲਾ ਸਿਰਫ ਇੱਕ ਸਾਲ ਪੜ੍ਹਾਈ ਕਰਕੇ ਛੱਡਣਾ ਪਿਆ ਸੀ। ਦਰਅਸਲ ਇਨ੍ਹੀ ਦਿਨੀਂ ਮੈਂ ਬੇਘਰ ਹੋ ਗਿਆ ਸਾਂ। ਦਰ ਦਰ ਭਟਕ ਰਿਹਾ ਸਾਂ। ਅਨੇਕਾਂ
ਪਾਪੜ ਵੇਲਣੇ ਪਏ। ਟਿਊਸ਼ਨਾਂ ਪੜ੍ਹਾਈਆਂ। ਇੱਕ ਪਰਾਈਵੇਟ ਸਕੂਲ ਵਿੱਚ ਨੌਕਰੀ ਮਿਲ ਗਈ। ਦੋਸਤਾਂ ਨੇ ਅੰਮ੍ਰਿਤਸਰ ਕੁਈਨਜ਼ ਰੋਡ ਤੇ ਇੱਕ ਹੋਟਲ ਵਿੱਚ ਕਮਰਾ ਕਿਰਾਏ ਤੇ ਲੈ ਕੇ ਸਿਰ ਲੁਕਾਉਣ ਦਾ ਵਸੀਲਾ ਬਣਾ ਦਿੱਤਾ। ਮੈਂ ਦਿਨ ਭਰ ਕਦੀ ਆਰਟ ਗੈਲਰੀ ਕਦੀ ਮਿਉਨਿਸਿਪਲ ਲਾਇਬ੍ਰੇਰੀ ਵਿੱਚ ਬੈਠਾ ਰਹਿੰਦਾ। ਜਦ ਕਦੀ ਦੋਸਤਾਂ ਨੂੰ ਕਮਰੇ ਦੀ ਜ਼ਰੂਰਤ ਪੈਂਦੀ ਉਹ ਮੈਨੂੰ ਪੈਸੇ ਦੇ ਕੇ ਬਾਹਰ ਭੇਜ ਦੇਂਦੇ। ਮੈਂ ਉਪੱਰ ਥੱਲੀ ਦੋ ਤਿੰਨ ਫਿਲਮਾਂ ਵੇਖ ਲੈਂਦਾ। ਫਿਰ ਰੇਲਵੇ ਸਟੇਸ਼ਨ ਦੇ ਵੇਟਿੰਗ ਰੂਮ ਵਿੱਚ ਬੈਠਾ ਸਵੇਰ ਹੋਣ ਦੀ ਇੰਤਜ਼ਾਰ ਕਰਦਾ।

ਕਈ ਵਾਰੀ ਪੁਤਲੀਘਰ ਅਮਰ ਚਿੱਤਰਕਾਰ ਦੀ ਦੁਕਾਨ ਤੇ ਚਲਾ ਜਾਂਦਾ। ਅਮਰ ਨੇ ਮੇਰੀ ਪਹਿਲੀ ਕਵਿਤਾਵਾਂ ਦੀ ਕਿਤਾਬ **ਮਿੱਟੀ ਦੇ ਮਾਨਸ** ਦਾ ਕਵਰ ਬਣਾਇਆ ਸੀ। ਇੱਕ ਵਧੀਆ ਚਿੱਤਰਕਾਰ ਤੇ ਕਵੀ ਨੂੰ ਜ਼ਿੰਦਗੀ ਦੀਆਂ ਲੋੜਾਂ ਨੇ ਰਿਕਸ਼ਿਆਂ ਤੇ ਵੇਲ ਬੂਟੇ ਪੇਂਟ ਕਰਨ ਤੇ ਮਜਬੂਰ ਕਰ ਦਿੱਤਾ ਸੀ। ਇੱਕ ਦਿਨ ਉਸ ਕਿਹਾ, ਯਾਰ, ਸ਼ਿਵ ਕੁਮਾਰ ਬਟਾਲਵੀ ਅੱਜਕਲ੍ਹ ਤੇਰੇ ਹੋਟਲ ਦੇ ਨੇੜੇ ਹੀ ਰਹਿ ਰਿਹਾ ਏ... ਉਸ ਨੂੰ ਮਿਲਿਆ ਏਂ?

ਉਸ ਸ਼ਾਮ ਗਰੈਂਡ ਹੋਟਲ ਦੇ ਬਾਹਰ ਮੈਂ ਸ਼ਿਵ ਕੁਮਾਰ ਨੂੰ ਮਿਲਿਆ। ਉਸ ਨੇ ਮੈਨੂੰ ਗੁਰਸ਼ਰਨ ਸਿੰਘ ਦਾ ਨਾਟਕ ਦੇਖਣ ਉਸ ਨਾਲ ਜਾਣ ਲਈ ਕਿਹਾ। ਸਿੰਚਾਈ ਵਿਭਾਗ ਜਿੱਥੇ ਗੁਰਸ਼ਰਨ ਸਿੰਘ ਦਾ ਨਾਟਕ ਖੇਡਿਆ ਜਾਣਾ ਸੀ ਜ਼ਿਆਦਾ ਦੂਰ ਨਹੀਂ ਸੀ। ਸੜਕ ਦੀ ਭੀੜ ਤੋਂ ਬੇਪਰਵਾਹ ਤੁਰੇ ਜਾਂਦਿਆਂ ਸ਼ਿਵ ਨੇ ਦੱਸਿਆ ਕਿ ਉਸ ਦਾ ਕਾਵਿ-ਨਾਟਕ **ਲੂਣਾ** ਛਪ ਰਿਹਾ ਸੀ। ਉਹ **ਲੂਣਾ** ਦੀਆਂ ਸਤਰਾਂ ਸੁਨਾਉਣ ਲੱਗ ਪਿਆ, *ਮੈਂ ਅੱਗ ਟੁਰੀ ਪਰਦੇਸ ਨੀ ਸਈਉ, ਅੱਗ ਟੁਰੀ ਪਰਦੇਸ... ਇੱਕ ਛਾਤੀ ਮੇਰੀ ਹਾੜ ਤਪੰਦਾ, ਦੂਜੀ ਤਪਦਾ ਜੇਠ...*

ਅੱਜ ਸੋਚਦਾ ਹਾਂ ਕਿ ਸ਼ਿਵ ਦੇ ਔਰਤ ਲਈ ਵਰਤੇ ਬਿੰਬ - ਅੱਗ ਤੇ ਸਪਨੀ - ਦੋਧਾਰੀ ਤਲਵਾਰ ਬਣ ਜਾਣ ਦੀ ਸਮਰੱਥਾ ਰੱਖਦੇ ਹਨ। ਅੱਗ ਤੇ ਸਪਨੀ ਦਾ ਸੰਕੇਤ ਕਾਮ ਦੀ ਉਸ ਅਵਸਥਾ ਵੱਲ ਹੈ ਜਿਹੜੀ ਭਾਰਤੀ ਸਭਿਅਤਾ ਵਿੱਚ ਸਦਾ ਹੀਨ ਭਾਵਨਾ ਨਾਲ ਵੇਖੀ ਗਈ ਹੈ। ਇਹ ਬਿੰਬ ਵਰਤ ਕੇ ਬੇਸ਼ਕ ਉਹ ਔਰਤ ਦੇ ਉਨ੍ਹਾਂ ਮਨੋਭਾਵਾਂ ਨੂੰ ਕੀਲਣ ਵਿੱਚ ਸਫ਼ਲ ਰਿਹਾ ਜੋ ਉਸ ਤੋਂ ਪਹਿਲੀ ਪੀੜ੍ਹੀ ਦੇ ਕਵੀਆਂ ਦੀ ਪਕੜ ਵਿੱਚ ਨਹੀਂ ਆਏ ਸਨ। ਪਰ ਉਸਦੀ ਕਵਿਤਾ ਵਿੱਚ ਇਨ੍ਹਾਂ ਬਿੰਬਾਂ ਦੀ ਭਰਮਾਰ ਔਰਤ ਬਾਰੇ ਪ੍ਰਚਲਤ ਸਟੀਰੀਉਟਾਈਪ ਦੀ ਅਣਜਾਣੇ ਹੀ ਹਿਮਾਇਤ ਕਰ ਜਾਂਦੀ ਹੈ ਜਿਸ ਵਿੱਚ ਔਰਤ ਨੂੰ ਸਿਰਫ ਕਾਮ ਪੂਰਤੀ ਦਾ ਸਾਧਨ ਸਮਝਿਆ ਗਿਆ ਹੈ। ਫਿਰ ਵੀ ਮੈਂ ਸਮਝਦਾ ਹਾਂ ਕਿ ਪੰਜਾਬੀ ਸਾਹਿਤ ਵਿੱਚ ਸਮੁੱਚੇ ਤੌਰ ਤੇ **ਲੂਣਾ** ਔਰਤ ਨਾਲ ਜੁੱਗਾਂ ਤੋਂ ਹੋ ਰਹੀ ਬੇਇਨਸਾਫੀ ਵਿਰੁੱਧ ਇੱਕ ਬੇਮਿਸਾਲ ਆਵਾਜ਼ ਹੈ। ਔਰਤ ਦੀ ਨਿਰਪੇਖ ਪਹਿਚਾਨ ਦਾ ਵਧੀਆ ਨਮੂਨਾ ਹੈ।

ਨਾਟਕਘਰ ਪਹੁੰਚਣ ਤੋਂ ਪਹਿਲਾਂ ਅਸੀਂ ਕਈ ਸਾਲਾਂ ਦਾ ਸਫਰ ਤਹਿ ਕਰ ਲਿਆ ਸੀ।

ਅੰਮ੍ਰਿਤਸਰ ਰਹਿੰਦਿਆਂ ਤਿੰਨ ਚਾਰ ਵਾਰੀ ਸ਼ਿਵ ਕੁਮਾਰ ਨੂੰ ਮਿਲਣ ਦਾ ਮੌਕਾ ਮਿਲਿਆ। ਅਸੀਂ ਲਾਰੰਸ ਰੋਡ ਤੇ ਤੁਰ ਪੈਂਦੇ। ਕਦੀ ਸਿੰਧੀ ਕਾਫੀ ਹਾਊਸ ਵਿੱਚ ਬੈਠ ਜਾਂਦੇ, ਕਦੀ ਬੀਅਰ ਬਾਰ। ਸ਼ਿਵ ਆਪਣੇ ਬਾਰੇ ਗੱਲਾਂ ਕਰਦਾ, ਮੈਂ ਸੁਣਦਾ ਰਹਿੰਦਾ। ਕਈ ਵਾਰੀ ਉਸ ਦੀਆਂ ਗੱਲਾਂ ਵਿੱਚ ਕੁਝ ਨੁਕਤੇ ਇੱਕ ਦੂਜੇ ਨਾਲ ਮੇਲ ਨਾ ਖਾਂਦੇ। ਪਰ ਮੈਨੂੰ ਇਸ ਦਾ ਕੋਈ ਫਰਕ ਨਾ ਪੈਂਦਾ। ਮੈਨੂੰ ਉਸ ਦੇ ਮੂੰਹੋਂ ਕੁਝ ਵੀ ਸੁਣਨਾ ਚੰਗਾ ਲੱਗਦਾ।

ਸ਼ਿਵ ਕੁਮਾਰ ਅੰਮ੍ਰਿਤਸਰ ਛੱਡਕੇ ਬਟਾਲੇ ਚਲਾ ਗਿਆ।

ਬਟਾਲਾ ਛੱਡਣ ਤੋਂ ਪੰਜ ਸਾਲਾਂ ਦੇ ਬਾਦ ਕੁਦਰਤ ਮੈਨੂੰ ਇਸ ਸ਼ਹਿਰ ਵਾਪਸ ਲੈ ਆਈ... ਸ਼ਿਵ ਕੁਮਾਰ ਦੇ ਸ਼ਹਿਰ। ਇਨ੍ਹਾਂ ਸਾਲਾਂ ਵਿੱਚ ਮੈਂ ਕਿਸੇ ਤਰ੍ਹਾਂ ਪਰਾਈਵੇਟ ਇਮਤਿਹਾਨ ਦੇ ਕੇ ਬੀ ਏ ਪਾਸ ਕਰ ਲਈ ਸੀ। ਮੈਂ ਬੇਰਿੰਗ ਕਾਲਜ ਬਟਾਲਾ ਵਿੱਚ ਅੰਗਰੇਜ਼ੀ ਦੀ ਐਮ ਏ ਕਰਨੀ ਚਾਹੁੰਦਾ ਸੀ ਪਰ ਕਾਲਜ ਦੀ ਪੜ੍ਹਾਈ ਦੇ ਖਰਚ ਬਾਰੇ ਸੋਚ ਕੇ ਦਿਲ ਡੁੱਬਣ ਲੱਗਦਾ ਸੀ। ਹਿੰਮਤ ਕਰਕੇ ਅਰਜ਼ੀ ਦੇ ਦਿੱਤੀ।

ਕਾਲਜ ਵਿੱਚ ਦਾਖਲਾ ਮਿਲ ਗਿਆ ਪਰ ਰਹਿਣ ਦੀ ਸਮੱਸਿਆ ਹੱਲ ਨ ਹੋਈ। ਇੱਕ ਦਿਨ ਮੇਰੇ ਇੱਕ ਜਮਾਤੀ ਨੇ ਕਿਹਾ, ਸ਼ਿਵ ਕੁਮਾਰ ਸਟੇਟ ਬੈਂਕ ਆਫ ਇੰਡੀਆ ਵਿੱਚ ਨੌਕਰੀ ਕਰਦਾ ਹੈ... ਕਾਲਜ ਦੇ ਨੇੜੇ ਕੋਠੀ ਕਿਰਾਏ ਤੇ ਲੈ ਕੇ ਰਹਿ ਰਿਹਾ ਹੈ। ਮੈਨੂੰ ਹਨੇਰੇ ਵਿੱਚ ਰੋਸ਼ਨੀ ਦੀ ਕਿਰਨ ਦਿਖਾਈ ਦਿੱਤੀ ਪਰ ਮੈਂ ਝਿਜਕਦਾ ਰਿਹਾ। ਕਾਲਜ ਦੇ ਸਾਲਾਨਾ ਕਾਂਟੈਸਟ ਵਿੱਚ ਇੱਕ ਪ੍ਰੋਫੈਸਰ ਦੇ ਕਹਿਣ ਤੇ ਮੈਂ ਆਪਣੀ ਨਜ਼ਮ ਪੜ੍ਹੀ। ਮੈਨੂੰ ਪਹਿਲਾ ਇਨਾਮ ਮਿਲਿਆ। ਸ਼ਿਵ ਕੁਮਾਰ ਨੂੰ ਜੱਜ ਦੇ ਤੌਰ ਤੇ ਬੁਲਾਇਆ ਗਿਆ ਸੀ। ਫੰਕਸ਼ਨ ਦੇ ਬਾਦ ਸ਼ਿਵ ਮਿਲਿਆ, ਗਲ ਲਾਇਆ, ਕਿਹਾ ਤੇਰੀ ਨਜ਼ਮ ਚੰਗੀ ਲੱਗੀ... ਮਿਲਦਾ ਰਿਹਾ ਕਰ।

ਇੱਕ ਸ਼ਾਮ ਕਾਲਜ ਦੇ ਬਾਦ ਮੈਂ ਸ਼ਿਵ ਕੁਮਾਰ ਦੀ ਕੋਠੀ ਗਿਆ। ਉਹ ਬੜੇ ਪਿਆਰ ਨਾਲ ਮਿਲਿਆ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਗੱਲ ਕਿਵੇਂ ਸ਼ੁਰੂ ਕਰਾਂ। ਉਸਨੇ ਮੇਰੇ ਚੇਹਰੇ ਨੂੰ ਪੜ੍ਹ ਲਿਆ ਤੇ ਕਿਹਾ, ਤੂੰ ਏਨਾ ਉਦਾਸ ਕਿਉਂ ਹੈਂ? ਮੈਂ ਕਿਹਾ, ਮੇਰੇ ਕੋਲ ਰਹਿਣ ਦੀ ਥਾਂ ਨਹੀਂ। ਉਸ ਨੇ ਝੱਟ ਕਿਹਾ, ਤੂੰ ਏਥੇ ਕਿਉਂ ਨਹੀਂ ਆ ਜਾਂਦਾ...। ਅਗਲੇ ਦਿਨ ਮੈਂ ਆਪਣੀਆਂ ਕਿਤਾਬਾਂ ਤੇ ਚਾਰ ਕੱਪੜੇ ਚੁੱਕ ਕੇ ਸ਼ਿਵ ਕੁਮਾਰ ਦੇ ਘਰ ਰਹਿਣ ਲਈ ਆ ਗਿਆ।

ਸ਼ਿਵ ਕੁਮਾਰ ਉਮਰ ਵਿੱਚ ਮੇਰੇ ਤੋਂ ਨੌਂ ਸਾਲ ਵੱਡਾ ਸੀ। ਮੈਂ ਉਸ ਨੂੰ ਭਾਅ ਜੀ ਕਹਿਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਕਈ ਵਾਰੀ ਨਸ਼ੇ ਦੀ ਹਾਲਤ ਵਿੱਚ ਉਹ ਆਖਦਾ, ਤੂੰ ਮੇਰਾ ਛੋਟਾ ਭਰਾ ਹੈਂ। ਮੇਰਾ ਜੀਅ ਕਰਦਾ ਮੈਂ ਉਸ ਦੇ ਹਰ ਲਫਜ਼ ਤੇ ਵਿਸ਼ਵਾਸ ਕਰਾਂ। ਬਹੁਤ ਦੇਰ ਬਾਦ ਸਮਝ ਆਈ ਕਿ ਸ਼ਿਵ ਕਿਸੇ ਨੂੰ ਵੀ ਅਹਿਸਾਸ ਕਰਵਾ ਸਕਦਾ ਸੀ ਕਿ ਉਹ ਉਸ ਦਾ ਜਿਗਰੀ ਦੋਸਤ ਹੈ।

ਸ਼ਿਵ ਦੇ ਕਹਿਣ ਤੇ ਮੈਂ ਆਪਣੇ ਅਮਰੀਕਨ ਪ੍ਰੋਫੈਸਰ ਨਾਲ ਗੱਲ ਕੀਤੀ ਕਿ ਉਹ ਸ਼ਿਵ ਦੀਆਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਨੂੰ ਐਡਿਟ ਕਰੇ। ਇਹ ਅਨੁਵਾਦ ਸ਼ਿਵ ਦੇ ਇੱਕ ਕਦਰਦਾਨ ਅੰਗਰੇਜ਼ੀ ਦੇ ਪ੍ਰੋਫੈਸਰ ਨੇ ਕੀਤਾ ਸੀ। ਪਰ ਜਦ ਮੈਂ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਿਆ ਤਾਂ ਮੇਰੀ ਹਿੰਮਤ ਨਾ ਪਈ ਕਿ ਮੈਂ ਇਨ੍ਹਾਂ ਨੂੰ ਉਸ ਪ੍ਰੋਫੈਸਰ ਨੂੰ ਵਿਖਾ ਸਕਾਂ। ਮੇਰੇ ਖ਼ਿਆਲ ਵਿੱਚ ਸ਼ਿਵ ਦੀ ਕਵਿਤਾ ਨੂੰ ਅੰਗਰੇਜ਼ੀ ਵਿੱਚ ਅਨੁਵਾਦ

ਕਰਨਾ ਉਸ ਦੇ ਹੁਨਰ ਨਾਲ ਬੇਇਨਸਾਫ਼ੀ ਕਰਨੀ ਸੀ। ਮੇਰਾ ਮਤਲਬ ਹੈ ਇਨ੍ਹਾਂ ਸਤਰਾਂ ਵਿਚਲੇ ਅਹਿਸਾਸ ਨੂੰ ਕਿਸੇ ਹੋਰ ਜ਼ਬਾਨ ਵਿੱਚ ਕਿਵੇਂ ਪੇਸ਼ ਕੀਤਾ ਜਾ ਸਕਦਾ ਹੈ:

*ਤੈਨੂੰ ਦਿਆਂ ਹੰਝੂਆਂ ਦਾ ਭਾੜਾ*
*ਨੀ ਪੀੜਾਂ ਦਾ ਪਰਾਗਾ ਭੁੰਨ ਦੇ*
*ਭੱਠੀ ਵਾਲੀਏ ਚੰਬੇ ਦੀਏ ਡਾਲੀਏ...*

*ਸਾਡਾ ਇਸ਼ਕ ਕੁਆਰਾ ਮਰ ਗਿਆ*
*ਕੋਈ ਲੈ ਗਿਆ ਕੱਢ ਮਸਾਣ ਵੇ*
*ਸਾਡੇ ਨੈਣ ਤੇਰੀ ਅੱਜ ਦੀਦ ਦੀ*
*ਪਏ ਕਿਰਿਆ ਕਰਮ ਕਰਾਣ ਵੇ...*

*ਸਾਨੂੰ ਦਿੱਤੇ ਹਿਜਰ ਤਵੀਤੜੇ*
*ਤੇਰੀ ਫ਼ੁਰਕਤ ਦੇ ਸੁਲਤਾਨ ਵੇ*
*ਅੱਜ ਪ੍ਰੀਤ ਨਗਰ ਦੇ ਸੌਰੀਏ*
*ਸਾਨੂੰ ਚੌਂਕੀ ਬੈਠ ਖਿਡਾਣ ਵੇ...*

ਕੀ ਗ਼ੈਰ ਪੰਜਾਬੀ ਪਾਠਕ ਇਨ੍ਹਾਂ ਸ਼ਬਦਾਂ ਦੀ ਰੂਹ ਨੂੰ ਪਹਿਚਾਨ ਸਕਣਗੇ? ਉਸ ਮਿੱਟੀ ਦੀ ਮਹਿਕ ਮਹਿਸੂਸ ਕਰ ਸਕਣਗੇ ਜਿਸ ਧਰਤੀ ਦੀ ਇਹ ਉਪਜ ਹਨ? ਸ਼ਿਵ ਨੂੰ ਸ਼ਾਇਦ ਮੇਰੇ ਕੋਲੋਂ ਇਹ ਉਮੀਦ ਨਹੀਂ ਸੀ। ਦੋ ਚਾਰ ਵਾਰ ਯਾਦ ਕਰਵਾਉਣ ਬਾਦ ਉਸ ਨੇ ਕਹਿਣਾ ਛੱਡ ਦਿੱਤਾ।

ਸਾਹਿਤ ਬਾਰੇ ਜੇ ਅਸੀਂ ਕਦੀ ਗੱਲ ਕੀਤੀ ਹੋਵੇ ਤਾਂ ਯਾਦ ਨਹੀਂ। ਆਪਣੇ ਸਮਕਾਲੀ ਲੇਖਕਾਂ ਬਾਰੇ ਸ਼ਿਵ ਦੇ ਕੀ ਵਿਚਾਰ ਸਨ? ਆਪਣੀ ਉਮਰ ਤੋਂ ਵੱਡੇ ਕੁਝ ਇੱਕ ਸਥਾਪਤ ਸਾਹਿਤਕਾਰਾਂ ਤੋਂ ਇਲਾਵਾ ਉਸ ਕੋਲ ਕਿਸੇ ਦੀ ਪ੍ਰਸੰਸਾ ਲਈ ਸ਼ਬਦ ਘੱਟ ਹੀ ਸਨ। ਉਸ ਕੋਲ ਪੁੰਗਰਦੇ ਲੇਖਕਾਂ ਦੀਆਂ ਕਿਤਾਬਾਂ ਆਉਂਦੀਆਂ ਪਰ ਮੈਂ ਉਸ ਨੂੰ ਕੋਈ ਕਿਤਾਬ ਖੋਲ੍ਹ ਕੇ ਪੜ੍ਹਦਿਆਂ ਕਦੀ ਨਹੀਂ ਵੇਖਿਆ ਸੀ। ਉਂਜ ਉਸ ਦੀ ਯਾਦਦਾਸ਼ਤ ਕਮਾਲ ਦੀ ਸੀ। ਜੋ ਕੁਝ ਉਸ ਨੇ ਆਪਣੇ ਕਾਲਜ ਦੇ ਦਿਨਾਂ ਵਿੱਚ ਪੜ੍ਹਿਆ ਸੀ ਬਹੁਤ ਕੁਝ ਯਾਦ ਰੱਖਿਆ ਸੀ।

ਸਾਲ 1966 ਦੇ ਆਖ਼ਰੀ ਦਿਨ ਸਨ। ਸ਼ਿਵ ਆਪਣੇ ਵਿਆਹ ਬਾਰੇ ਗੱਲ ਕਰਨ ਲੱਗਿਆ। ਮੈਨੂੰ ਹੈਰਾਨੀ ਹੋਈ। ਕੌਣ ਸੀ ਉਸ ਦੇ ਜੀਵਨ ਸਾਥ ਦੀ ਚੋਣ? ਇਹ ਸਭ ਕਦੋਂ ਹੋਇਆ? ਕਿਵੇਂ ਹੋਇਆ? ਸ਼ਾਇਦ ਉਸ ਨੇ ਇਹ ਗੱਲ ਮੇਰੇ ਨਾਲ ਸਾਂਝੀ ਕਰਨ ਦੀ ਜ਼ਰੂਰਤ ਨਾ ਸਮਝੀ ਹੋਵੇ। ਖ਼ੈਰ, ਉਸ ਦੇ ਚੇਹਰੇ ਤੇ ਰੌਣਕ ਆ ਗਈ ਸੀ, ਅਵਾਜ਼ ਵਿੱਚ ਇੱਕ ਨਵਾਂ ਸਰੂਰ ਭਰ ਗਿਆ ਸੀ। ਕਈ ਵਾਰੀ ਗੱਲਾਂ ਕਰਦਾ ਕਰਦਾ ਉਹ ਉਦਾਸ ਹੋ ਜਾਂਦਾ। ਮੈਂ ਉਸਦੀ ਉਦਾਸੀ ਸਮਝਦਾ ਸੀ ਇਸ ਲਈ ਪੁਛੱਣ ਦੀ ਲੋੜ ਨਹੀਂ ਸੀ। ਉਹ ਆਪਣਾ ਵਿਆਹ ਧੂਮ ਧਾਮ ਨਾਲ ਕਰਨਾ ਚਾਹੁੰਦਾ ਸੀ ਪਰ ਉਸ ਕੋਲ ਵਸੀਲੇ ਨਹੀਂ ਸਨ।

ਸ਼ਿਵ ਦੇ ਕਹਿਣ ਤੇ ਮੈਂ ਉਸ ਦੇ ਦੋਸਤਾਂ ਨੂੰ ਚਿੱਠੀਆਂ ਲਿਖਣ ਲੱਗਾ। ਉਸਨੂੰ ਸਹਾਇਤਾ ਦੀ ਲੋੜ ਸੀ। ਮੈਨੂੰ ਯਾਦ ਨਹੀਂ ਇੱਕ ਵੀ ਖ਼ਤ ਦਾ ਜਵਾਬ ਆਇਆ ਹੋਵੇ। ਸ਼ਿਵ ਦੀ ਡਿਪਰੈਸ਼ਨ ਵਧ ਰਹੀ ਸੀ। ਉਹ ਆਪਣੀ ਬਰਾਤ ਵਿੱਚ ਸ਼ਾਮਲ ਹੋਣ ਵਾਲੇ ਵੱਡੇ ਵੱਡੇ ਲੋਕਾਂ ਤੇ ਆਪਣੇ ਰੁਤਬੇ ਦੀ ਮੋਹਰ ਲਾਉਣੀ ਚਾਹੁੰਦਾ ਸੀ। ਮੈਨੂੰ ਇਸ ਮੱਧਵਰਗੀ ਬ੍ਰਿਤੀ ਤੇ ਘਿਰਣਾ ਹੋਣ ਲੱਗੀ ਸੀ। ਉਸ ਦੇ ਕਹਿਣ ਤੇ ਮੈਂ ਨਾ ਚਾਹੁੰਦਾ ਹੋਇਆ ਵੀ ਉਸ ਦੇ ਇੱਕ ਕਦਰਦਾਨ ਪੰਜਾਬ ਸਰਕਾਰ ਦੇ ਮੰਤਰੀ ਨੂੰ ਮਿਲਿਆ ਤੇ ਉਸ ਦੀ ਸਹਾਇਤਾ ਕਰਨ ਦਾ ਸੁਨੇਹਾ ਦਿੱਤਾ। ਪਠਾਨਕੋਟ ਜਾਕੇ ਉਸ ਦੀ ਹੋਣ ਵਾਲੀ ਪਤਨੀ ਦੇ ਪਰਿਵਾਰ ਨੂੰ ਮਿਲਿਆ।

ਸ਼ਿਵ ਕੁਮਾਰ ਦੇ ਵਿਆਹ ਬਾਰੇ ਮੇਰੀ ਯਾਦ ਧੁੰਦਲੀ ਪੈ ਗਈ ਹੈ। ਬੱਸ ਯਾਦ ਹੈ ਪਠਾਨਕੋਟ ਦੇ ਰੈਸਟ ਹਾਊਸ ਵਿੱਚ ਫਰਵਰੀ ਮਹੀਨੇ ਦੀ ਇੱਕ ਸਰਦ ਸ਼ਾਮੜਯਾਦ ਨਹੀਂ ਕੌਣ ਇਸ ਜਸ਼ਨ ਵਿੱਚ ਸ਼ਾਮਲ ਸੀ ਤੇ ਕੌਣ ਨਹੀਂ... ਯਾਦ ਹੈ ਨਸ਼ੇ ਦਾ ਵਗਦਾ ਦਰਿਆ... ਉਸ ਦਰਿਆ ਵਿੱਚ ਦੂਜੇ ਕਈ ਲੋਕਾਂ ਵਾਂਗ ਮੈਂ ਵੀ ਡੁੱਬ ਗਿਆ ਸਾਂ।

ਅਰੁਣਾ ਭਾਬੀ ਜਦ ਸ਼ਿਵ ਦੇ ਇਸ ਘਰ ਆਈ (ਜਿੱਥੇ ਮੇਰੇ ਇਲਾਵਾ ਬੇਰਿੰਗ ਕਾਲਜ ਦਾ ਇੱਕ ਹੋਰ ਵਿਦਿਆਰਥੀ ਵੀ ਰਹਿੰਦਾ ਸੀ) ਤਾਂ ਲੱਗਿਆ ਜਿਵੇਂ ਪੱਤਝੜ ਵਿੱਚ ਬਹਾਰ ਆ ਗਈ ਹੋਵੇ। ਸ਼ਿਵ ਦੀ ਸੰਗਤ ਵਿੱਚ ਮੇਰੀ ਪੜ੍ਹਾਈ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਮੈਨੂੰ ਆਉਣ ਵਾਲੇ ਇਮਤਿਹਾਨਾਂ ਦਾ ਫ਼ਿਕਰ ਲੱਗ ਗਿਆ। ਸ਼ਿਵ ਨੂੰ ਕਿਹਾ, ਮੇਰਾ ਇੱਕ ਜਮਾਤੀ ਇਕੱਲਾ ਰਹਿੰਦਾ ਹੈ। ਮੈਂ ਕੁਝ ਦਿਨਾਂ ਲਈ ਉਸ ਨਾਲ ਰਹਿ ਕੇ ਪੜ੍ਹਾਈ ਕਰਨੀ ਚਾਹੁੰਦਾ ਹਾਂ। ਸ਼ਿਵ ਨੇ ਕਿਹਾ, ਠੀਕ ਹੈ ਜਦੋਂ ਤੇਰਾ ਜੀਅ ਕਰੇ ਆ ਜਾਇਆ ਕਰ... ਇਹ ਘਰ ਤੇਰਾ ਵੀ ਹੈ। ਮੈਂ ਆਪਣੀਆਂ ਕਿਤਾਬਾਂ ਤੇ ਚਾਰ ਕੱਪੜੇ ਕੱਛੇ ਮਾਰੇ ਤੇ ਬਿਨਾ ਕੁਝ ਕਹੇ ਬਾਹਰ ਨਿਕਲ ਆਇਆ।

ਮੇਰੀ ਖਾਨਾਬਦੋਸ਼ੀ ਦਾ ਸਿਲਸਿਲਾ ਫਿਰ ਸ਼ੁਰੂ ਹੋ ਗਿਆ। ਦਿਨ ਕਾਲਜ ਵਿੱਚ ਨਿਕਲ ਜਾਂਦਾ, ਰਾਤ ਅੱਜ ਏਥੇ ਕੱਲ ਓਥੇ।

ਇਨ੍ਹਾਂ ਦਿਨਾਂ ਵਿੱਚ ਮੈਂ ਸ਼ਿਵ ਕੁਮਾਰ ਨੂੰ ਮਿਲਣ ਨਹੀਂ ਗਿਆ। ਮੈਂ ਨਹੀਂ ਚਾਹੁੰਦਾ ਸੀ ਕਿ ਉਸਨੂੰ ਮੇਰੀ ਮੁਫਲਸੀ ਤੇ ਤਰਸ ਆਵੇ ਤੇ ਉਹ ਮੈਨੂੰ ਮੁੜ ਘਰ ਆਉਣ ਲਈ ਕਹੇ। ਸ਼ਿਵ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਸਨ। ਮੈਂ ਇਨ੍ਹਾਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ

ਸੀ। ਕਦੀ ਕਦੀ ਇਹ ਜਾਨਣ ਨੂੰ ਮਨ ਕਰਦਾ, ਕੀ ਉਹ ਮੇਰੇ ਬਾਰੇ ਸੋਚਦਾ ਸੀ? ਸ਼ਿਵ ਨੂੰ ਆਪਣੇ ਬਾਰੇ ਕਹਿਣ ਦੀ ਲੋੜ ਕਦੀ ਮਹਿਸੂਸ ਨਹੀਂ ਕੀਤੀ ਸੀ। ਦਰਦ ਦੇ ਰਿਸ਼ਤੇ ਦੀ ਕੋਈ ਜ਼ਬਾਨ ਨਹੀਂ ਹੁੰਦੀ।

ਮੈਂ ਐਮ ਏ ਦਾ ਪਹਿਲਾ ਸਾਲ ਪਾਸ ਕਰ ਲਿਆ ਸੀ। ਮੇਰੇ ਅਮਰੀਕਨ ਪ੍ਰੋਫੈਸਰ ਨੇ ਮੈਨੂੰ ਹੋਸਟਲ ਵਿੱਚ ਕਮਰਾ ਲੈ ਦਿੱਤਾ। ਹੋਸਟਲ ਸ਼ਿਵ ਕੁਮਾਰ ਦੀ ਕੋਠੀ ਤੋਂ ਪੰਜ ਕੁ ਮਿਨਟ ਦੂਰ ਸੀ। ਕਈ ਵਾਰੀ ਉਹ ਅਚਾਨਕ ਆ ਜਾਂਦਾ। ਅਸੀਂ ਕਾਦੀਆਂ ਵਾਲੀ ਸੜਕ ਤੇ ਨਿਕਲ ਤੁਰਦੇ। ਉਹ ਆਪਣੀ ਕੋਈ ਨਵੀਂ ਨਜ਼ਮ ਸੁਣਾਉਂਦਾ, ਮੈਂ ਸੁਣਦਾ। ਮੈਂ ਕੀ ਲਿਖਿਆ ਹੈ, ਇਸ ਬਾਰੇ ਅਸੀਂ ਘੱਟ ਹੀ ਗੱਲ ਕਰਦੇ। ਸਿਰਫ ਇੱਕ ਵਾਰੀ ਉਸਨੇ ਗੱਲਾਂ ਗੱਲਾਂ 'ਚ ਕਿਹਾ ਸੀ, ਤੂੰ ਆਪਣੀ ਨਵੀਂ ਕਿਤਾਬ ਦਾ ਨਾਂ **ਦਿਲ ਦਰਿਆ ਸਮੁੰਦਰੋਂ** ਡੂੰਘੇ ਰੱਖ ਲੈ (ਇਹ ਕਿਤਾਬ 1968 ਵਿੱਚ **ਤੇਈ ਕਵਿਤਾਵਾਂ** ਦੇ ਨਾਂ ਹੇਠ ਛਪੀ ਸੀ)

ਸ਼ਿਵ ਕੁਮਾਰ ਜਦ **ਲੂਣਾ** ਨੂੰ ਦਿੱਤੇ ਗਏ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਲੈਕੇ ਦਿੱਲੀ ਤੋਂ ਵਾਪਸ ਆਇਆ ਤਾਂ ਮੈਨੂੰ ਹੋਸਟਲ ਵਿੱਚ ਮਿਲਣ ਆਇਆ। ਮੇਰੇ ਨਾਲ ਸ਼ਾਮ ਦੀ ਰੋਟੀ ਖਾਧੀ ਤੇ ਫਿਰ ਅਸੀਂ ਬਾਜ਼ਾਰ ਵੱਲ ਤੁਰ ਪਏ। ਕਹਿਣ ਲੱਗਾ, ਮੈਂ ਇੱਕ ਲੰਮੀ ਕਵਿਤਾ ਲਿਖ ਰਿਹਾ ਹਾਂ। ਕੁਝ ਸਤਰਾਂ ਸੁਣਾਈਆਂ:

*ਮੇਰਾ ਸੰਕਟ ਸਦਾ ਇਹ ਸੀ*
*ਮੇਰਾ ਸੰਕਟ ਸਦਾ ਇਹ ਹੈ*
*ਉਮਰ ਜਦ ਹਾਣ ਸੀ ਮੇਰੇ*
*ਮੈਂ ਉਸ ਦੇ ਹਾਣ ਦਾ ਨਹੀਂ ਸਾਂ*
*ਮੈਂ ਉਸਦੇ ਹਾਣ ਦਾ ਜਦ ਹੋਇਆ*
*ਉਹ ਮੇਰੇ ਹਾਣ ਦੀ ਨਾ ਰਹੀ*
*ਸੋ ਮੈਨੂੰ ਕਲ੍ਹ ਦੀ ਉਮਰਾ*
*ਹਮੇਸ਼ਾ ਅੱਜ ਹੰਢਾਣੀ ਪਈ*
*ਤੇ ਮੇਰੀ ਅੱਜ ਦੀ ਉਮਰਾ*
*ਮੇਰੇ ਲਈ ਰੋਜ਼ ਵਿਰਥਾ ਗਈ...*

ਚਾਰ ਦਹਾਕੇ ਪਹਿਲਾਂ ਸੁਣੀਆਂ ਇਹ ਸਤਰਾਂ ਅੱਜ ਵੀ ਮੇਰੇ ਜ਼ਿਹਨ ਵਿੱਚ ਤਾਜ਼ਾ ਹਨ... ਮੈਂ ਸਮਝਦਾ ਹਾਂ ਚੰਗੀ ਕਵਿਤਾ ਦਾ ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ? ਮੈਨੂੰ ਆਪਣੇ ਦੋਸਤ ਦੀ ਪ੍ਰਾਪਤੀ ਤੇ ਮਾਣ ਸੀ।

ਸ਼ਿਵ ਕੁਮਾਰ ਜਦ ਬਾਪ ਬਣ ਗਿਆ ਤਾਂ ਸੁਣਕੇ ਹੋਰ ਖੁਸ਼ੀ ਹੋਈ। ਫਿਰ ਸੋਚਿਆ, ਸ਼ਿਵ ਮਸਤ ਮਲੰਗ ਇਨਸਾਨ ਹੈ... ਪਰਿਵਾਰਕ ਬੰਧਨਾ ਤੇ ਸਮਾਜਕ ਰਸਮਾਂ ਦੇ ਦਾਇਰੇ ਤੋਂ ਨਿਰਲੇਪ। ਕਿਸ ਤਰ੍ਹਾਂ ਚੱਲੇਗੀ ਗਰਿਹਸਤ ਦੀ ਗੱਡੀ? ਫਿਰ ਉਸ ਦੇ ਘਰ ਇੱਕ ਬੇਟੀ ਨੇ ਜਨਮ ਲਿਆ। ਸੁਣਿਆਂ ਸ਼ਿਵ ਨੂੰ ਆਪਣੇ ਬੱਚਿਆਂ ਨਾਲ ਬੜਾ ਮੋਹ ਸੀ। ਉਨ੍ਹਾਂ ਦਾ ਬਹੁਤ ਖ਼ਿਆਲ ਰੱਖਦਾ ਸੀ। ਉਸ ਨੇ ਆਪਣੇ ਬਾਰੇ ਕਦੀ ਫ਼ਿਕਰ ਨਹੀਂ ਕੀਤਾ ਸੀ। ਹੁਣ ਉਹ ਆਪਣੇ ਬੱਚਿਆਂ ਦੀਆਂ ਲੋੜਾਂ ਬਾਰੇ ਫ਼ਿਕਰਮੰਦ ਸੀ। ਸੁਣਕੇ ਚੰਗਾ ਹੀ ਲੱਗਿਆ।

ਸ਼ਿਵ ਕੁਮਾਰ ਲਈ ਹੁਣ ਬਟਾਲਾ ਬਹੁਤ ਛੋਟਾ ਹੋ ਗਿਆ ਸੀ। ਬਟਾਲੇ ਵਰਗਾ ਸ਼ਹਿਰ ਉਸ ਦੇ ਪੈਰਾਂ ਨੂੰ ਤੁਰਨ ਲਈ ਸੜਕਾਂ ਦੇ ਕੁਝ ਟੋਟੇ ਦੇ ਸਕਦਾ ਸੀ। ਉਸ ਦੇ ਪੰਖਾਂ ਨੂੰ ਉੱਡਣ ਲਈ ਅਸਮਾਨ ਦੇ ਇੱਕ ਟੁਕੜੇ ਦੀ ਲੋੜ ਸੀ। ਸ਼ਿਵ ਬਟਾਲਾ ਛੱਡ ਕੇ ਚੰਡੀਗੜ੍ਹ ਚਲਾ ਗਿਆ। ਮੈਂ ਐਮ ਏ ਪਾਸ ਕਰ ਲਈ ਸੀ। ਮੈਨੂੰ ਬੇਰਿੰਗ ਕਾਲਜ ਵਿੱਚ ਅੰਗਰੇਜ਼ੀ ਦੇ ਲੈਕਚਰਾਰ ਦੀ ਨੌਕਰੀ ਮਿਲ ਗਈ।

ਅਗਲੇ ਕੁਝ ਮਹੀਨਿਆਂ ਵਿੱਚ ਮੇਰਾ ਚੰਡੀਗੜ੍ਹ ਜਾਣਾ ਵਧ ਗਿਆ ਸੀ। ਮੇਰੀ ਹੋਣ ਵਾਲੀ ਪਤਨੀ ਪੰਜਾਬ ਯੂਨੀਵਰਸਿਟੀ ਵਿੱਚ ਕਲਾਸਾਂ ਲੈ ਰਹੀ ਸੀ ਤੇ ਗਰਲਜ਼ ਹੋਸਟਲ ਵਿੱਚ ਰਹਿੰਦੀ ਸੀ। ਮੈਂ ਉਸ ਨੂੰ ਮਿਲਣ ਯੂਨੀਵਰਸਿਟੀ ਜਾਂਦਾ ਪਰ ਠਹਿਰਦਾ ਸ਼ਿਵ ਕੁਮਾਰ ਦੇ ਘਰ ਹੀ। ਜਦ ਸ਼ਿਵ ਨੂੰ ਸਾਡੇ ਮੇਲਜੋਲ ਬਾਰੇ ਪਤਾ ਲੱਗਾ ਤਾਂ ਉਹ ਬੜਾ ਖੁਸ਼ ਹੋਇਆ। ਤੇ ਫਿਰ ਇੱਕ ਦਿਨ ਸ਼ਿਵ ਦੇ ਘਰ ਮੇਰੀ ਹੋਣ ਵਾਲੀ ਪਤਨੀ ਦਾ ਵੱਡਾ ਭਰਾ ਮੈਨੂੰ ਮਿਲਣ ਆਇਆ।ਸ਼ਿਵ ਨੇ ਮੇਰੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ। ਮੇਰੀ ਹਿੰਮਤ ਦੀ ਦਾਦ ਦਿੱਤੀ। ਮੇਰੇ ਉੱਜਲੇ ਭਵਿੱਖ ਦੀ ਗੱਲ ਕੀਤੀ। ਇਸ ਸੰਖੇਪ ਜਿਹੀ ਮਿਲਣੀ ਨੇ ਸਾਡੇ ਰਿਸ਼ਤੇ ਤੇ ਪਰਵਾਨਗੀ ਦੀ ਮੋਹਰ ਲਾ ਦਿੱਤੀ।

ਮਈ 1970 ਵਿੱਚ ਮੈਨੂੰ ਇੱਕ ਅਮਰੀਕਨ ਯੂਨੀਵਰਸਿਟੀ ਵਿੱਚ ਦਾਖ਼ਲਾ ਮਿਲ ਗਿਆ। 6 ਜੁਲਾਈ ਨੂੰ ਪਟਿਆਲੇ ਮੇਰੀ ਸ਼ਾਦੀ ਹੋਈ। ਸ਼ਾਮ ਨੂੰ ਸ਼ਿਵ ਕੁਮਾਰ ਆਇਆ। ਮੈਨੂੰ ਮੁਬਾਰਕ ਦਿੱਤੀ। ਫਿਰ ਉਹ ਬਟਾਲੇ ਤੋਂ ਆਏ ਕੁਝ ਦੋਸਤਾਂ ਨਾਲ ਬਾਹਰ ਚਲਾ ਗਿਆ। ਅਗਲੀ ਸਵੇਰ ਸ਼ਿਵ ਤੁਰਨ ਲੱਗਿਆ ਤਾਂ ਮੈਂ ਵਾਅਦਾ ਕੀਤਾ ਕਿ ਅਮਰੀਕਾ ਜਾਣ ਤੋਂ ਪਹਿਲਾਂ ਉਸ ਨੂੰ ਮਿਲਣ ਚੰਡੀਗੜ੍ਹ ਆਵਾਂਗਾ। ਅਗਸਤ ਦੇ ਅੰਤ ਵਿੱਚ ਮੇਰੇ ਸੁਪਨਿਆਂ ਦੀ ਪੈੜ ਮੈਨੂੰ ਸਮੁੰਦਰੋਂ ਪਾਰ ਲੈ ਗਈ।

ਅਮਰੀਕਾ ਆਕੇ ਮੈਂ ਸ਼ਿਵ ਨੂੰ ਇੱਕ ਵੀ ਖ਼ਤ ਨਹੀਂ ਲਿਖਿਆ ਸੀ। ਮੈਂ ਉਸ ਨਾਲ ਕੀਤਾ ਵਾਅਦਾ ਨਿਭਾਇਆ ਨਹੀਂ ਸੀ। ਸੋਚਦਾ ਸਾਂ ਕਿ ਦੋ ਕੁ ਸਾਲ ਬਾਦ ਮੈਂ ਆਪਣੇ ਦੇਸ ਮੁੜ ਜਾਵਾਂਗਾ। ਚੰਡੀਗੜ੍ਹ ਜਾ ਕੇ ਉਸ ਕੋਲੋਂ ਮੁਆਫੀ ਮੰਗ ਲਵਾਂਗਾ। ਉਹ ਸਮਝ ਜਾਵੇਗਾ। ਪਰ ਵਕਤ ਨੂੰ ਇਹ ਮਨਜ਼ੂਰ ਨਹੀਂ ਸੀ।

ਅਮਰੀਕਾ ਵਿੱਚ ਪਹਿਲੇ ਦੋ ਸਾਲਾਂ ਵਿੱਚ ਮੈਂ ਸੰਘਰਸ਼ ਕਰਦਾ ਲਗਭਗ ਟੁੱਟ ਗਿਆ ਸਾਂ। ਹੌਸਲਾ ਕਾਇਮ ਰੱਖਣ ਲਈ ਮੈਂ ਭਵਿੱਖ ਬਾਰੇ ਸੋਚਣ ਲੱਗਦਾ। ਮੇਰੇ ਤੇ ਮੇਰੇ ਅਤੀਤ ਵਿਚਲੀ ਦੂਰੀ ਵਧ ਰਹੀ ਸੀ। ਮੈਂ ਆਪਣੇ ਅਤੀਤ ਵਿੱਚ ਮੁੜਨਾ ਨਹੀਂ ਚਾਹੁੰਦਾ ਸਾਂ। ਦੋਸਤਾਂ ਦੇ ਖ਼ਤ ਆਉਂਦੇ, ਮੈਂ ਦੋ ਚਾਰ ਸਤਰਾਂ ਲਿਖ ਭੇਜਦਾ। ਫਿਰ ਉਹ ਸਤਰਾਂ ਵੀ ਚੁੱਪ ਦੇ ਸਮੁੰਦਰ ਵਿੱਚ ਡੁੱਬ ਗਈਆਂ।

ਜੂਨ 1973 ਦਾ ਉਹ ਦਿਨ ਅੱਜ ਵੀ ਯਾਦ ਹੈ ਜਿਵੇਂ ਕਲ੍ਹ ਦੀ ਗੱਲ ਹੋਵੇ। ਮੈਂ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿੱਚ ਪੀ ਐੱਚ ਡੀ ਦਾ ਵਿਦਿਆਰਥੀ ਸੀ। ਬਟਾਲੇ ਤੋਂ ਇੱਕ ਦੋਸਤ ਦਾ ਖ਼ਤ ਆਇਆ। ਲਿਖਿਆ ਸੀ, ਸ਼ਿਵ ਭਾਅ ਜੀ ਹੁਣ ਨਹੀਂ ਰਹੇ। ਇਉਂ ਲੱਗਿਆ ਜਿਵੇਂ ਜਿਸਮ ਦਾ ਇੱਕ ਅੰਗ ਟੁੱਟ ਕੇ ਸਦਾ ਲਈ ਜੁਦਾ ਹੋ ਗਿਆ ਹੋਵੇ।

ਮੇਰੇ ਅਮਰੀਕਾ ਆਉਣ ਤੋਂ ਬਾਦ ਸ਼ਿਵ ਦੀ ਜ਼ਿੰਦਗੀ ਵਿੱਚ ਕੀ ਵਾਪਰਿਆ ਇਸ ਬਾਰੇ ਮੈਨੂੰ ਕੋਈ ਖ਼ਬਰ ਨਹੀਂ ਸੀ। ਪਰਦੇਸ ਰਹਿੰਦਿਆਂ ਤੇਰਾਂ ਸਾਲ ਮੈਂ ਦੇਸ ਨਹੀਂ ਪਰਤਿਆ। ਪੰਜਾਬੀ ਸਾਹਿਤ ਨਾਲ ਮੇਰਾ ਰਿਸ਼ਤਾ ਲਗਭਗ ਟੁੱਟ ਗਿਆ ਸੀ। ਕਈ ਸਾਲ ਬਾਦ ਸ਼ਿਵ ਦੇ ਆਖ਼ਰੀ ਦਿਨਾਂ ਬਾਰੇ ਪਤਾ ਲੱਗਾ। ਉਸ ਦੀ ਜਿਸਮਾਨੀ, ਮਾਨਸਿਕ ਤੇ ਜਜ਼ਬਾਤੀ ਹਾਲਤ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਤੇ ਕਿੱਸੇ ਪੜ੍ਹਣ ਸੁਣਨ ਨੂੰ ਮਿਲੇ। ਉਸ ਦੇ ਆਖ਼ਰੀ ਦਿਨਾਂ ਦੀ ਵਿਥਿਆ ਨੇ ਮੇਰਾ ਦਿਲ ਹਿਲਾ ਕੇ ਰੱਖ ਦਿੱਤਾ। ਮੇਰਾ ਮਨ ਇਹ ਸਭ ਕੁਝ ਮੰਨਣੋਂ ਇਨਕਾਰ ਕਰਦਾ ਰਿਹਾ।

ਸੁਣਿਆ ਕਿ ਉਸ ਦੀ ਇਸ ਹਾਲਤ ਵਿੱਚ ਉਸਦੀ ਇੰਗਲੈਂਡ ਫੇਰੀ ਦਾ ਵੱਡਾ ਹੱਥ ਸੀ। ਉਸ ਦੇ ਸਿਰ ਤੇ ਇੰਗਲੈਂਡ ਜਾਣ ਦਾ ਭੂਤ ਕਈ ਸਾਲ ਪਹਿਲਾਂ ਸਵਾਰ ਹੋ ਚੁੱਕਿਆ ਸੀ। ਕਈ ਵਾਰੀ ਉਸ ਮੈਨੂੰ ਆਪਣੇ ਇੱਕ ਮਿਹਰਬਾਨ ਦੇ ਭੇਜੇ ਸਪਾਂਸਰਸ਼ਿਪ ਦੇ ਕਾਗਜ਼ ਦਿਖਾਏ ਸਨ। ਉਹ ਇੰਗਲੈਂਡ ਜਾਣ ਲਈ ਏਨਾ ਉਤਾਵਲਾ ਕਿਉਂ ਸੀ? ਸ਼ੋਹਰਤ ਖੱਟਣ ਲਈ? ਪੈਸਾ ਕਮਾਣ ਲਈ? ਆਪਣਾ ਇਲਾਜ ਕਰਵਾਣ ਲਈ? ਜਾਂ...? ਕਦੀ ਆਖਦਾ, ਗਾਰਗੀ, ਸੇਖੋਂ ਅੰਮ੍ਰਿਤਾ ਸਭ ਬਾਹਰ ਤੁਰੇ ਰਹਿੰਦੇ ਨੇ... ਇੰਗਲੈਂਡ ਵਿੱਚ ਲੋਕ ਮੈਨੂੰ ਵੇਖਣ ਨੂੰ ਤਰਸਦੇ ਨੇ... ਬੱਸ ਹੁਣ ਮੈਂ ਵੀ ਚਲੇ ਹੀ ਜਾਣਾ ਏ। ਉਸ ਦੀ ਇਹ ਖ਼ਾਹਿਸ਼ ਆਖ਼ਰ ਪੂਰੀ ਹੋ ਹੀ ਗਈ...

ਜਿਸ ਸ਼ਿਵ ਕੁਮਾਰ ਨੂੰ ਮੈਂ ਜੁਲਾਈ 1970 ਵਿੱਚ ਛੱਡ ਕੇ ਆਇਆ ਸੀ ਉਹ ਸ਼ਿਵ ਆਪਣੇ ਜੋਬਨ ਤੇ ਪ੍ਰਤਿਭਾ ਦੀ ਸਿਖਰ ਤੇ ਸੀ। ਉਸ ਸ਼ਿਵ ਦੀ ਯਾਦ ਮੇਰੇ ਬੀਤੇ ਦਿਨਾਂ ਦਾ ਸਰਮਾਇਆ ਹੈ। ਮੈਂ ਸਿਰਫ ਉਸ ਸ਼ਿਵ ਦੀ ਗੱਲ ਹੀ ਕਰਾਂਗਾ।

ਸ਼ਿਵ ਕੁਮਾਰ ਨੇ ਆਪਣੇ ਆਪ ਨੂੰ ਜੋਬਨ ਰੁੱਤੇ ਤੁਰ ਜਾਣ ਦਾ ਵਚਨ ਦਿੱਤਾ ਸੀ। ਇਸ ਪੱਖੋਂ ਉਹ ਵਚਨ ਦਾ ਪੱਕਾ ਨਿਕਲਿਆ। ਮੈਂ ਅਕਸਰ ਸੋਚਦਾ ਹਾਂ, ਸ਼ਿਵ ਜ਼ਿੰਦਗੀ ਤੋਂ ਏਨਾ ਉਪਰਾਮ ਕਿਉਂ ਸੀ? ਆਖ਼ਰ ਐਸਾ ਕੀ ਦੁੱਖ ਸੀ ਜਿਸਨੇ ਉਸ ਨੂੰ ਸਮੁੱਚੀ ਜ਼ਿੰਦਗੀ ਤੋਂ ਉਪਰਾਮ ਕਰ ਦਿੱਤਾ ਸੀ। ਸ਼ਿਵ ਨੇ ਲਿਖਿਆ ਸੀ, *ਇਹ ਫੱਟ ਹਨ ਇਸ਼ਕ ਦੇ, ਇਨ੍ਹਾਂ ਦੀ ਯਾਰੋ ਕੀਹ ਦਵਾ ਹੋਵੇ।* ਬੇਸ਼ਕ ਇਸ਼ਕ ਦੇ ਫੱਟ ਲਾਇਲਾਜ ਹਨ ਪਰ ਫ਼ੈਜ਼ ਅਹਿਮਦ ਫ਼ੈਜ਼ ਦੇ ਕਹਿਣ ਅਨੁਸਾਰ, *ਔਰ ਭੀ ਗ਼ਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ ।* ਗ਼ਮ ਤਾਂ ਹਰ ਜ਼ਿੰਦਗੀ ਵਿੱਚ ਹੈ ਪਰ ਇਸ ਦੀ ਕੋਈ ਵਜਹ ਤਾਂ ਹੋਣੀ ਚਾਹੀਦੀ ਹੈ। ਏਨੇ ਵੱਡੇ ਦੁੱਖ ਦੀ ਵਜਹ ਵੀ ਵੱਡੀ ਹੋਣੀ ਚਾਹੀਦੀ ਹੈ।

ਮੇਰੇ ਖ਼ਿਆਲ ਵਿੱਚ ਸ਼ਿਵ ਕੁਮਾਰ ਦਾ ਦੁੱਖ ਸਮਝਣ ਲਈ ਸਾਨੂੰ ਸ਼ਿਵ ਦੀ **ਲਾਜਵੰਤੀ** ਦੇ ਮੁੱਖਬੰਧ ਵਿੱਚ ਸੰਤ ਸਿੰਘ ਸੇਖੋਂ ਦੇ ਸ਼ਿਵ ਬਾਰੇ ਲਿਖੇ ਸ਼ਬਦਾਂ ਤੇ ਧਿਆਨ ਦੇਣਾ ਪਵੇਗਾ: ''ਉਸ ਦੇ ਦੁੱਖ ਓਥੋਂ ਸ਼ੁਰੂ ਹੁੰਦੇ ਹਨ ਜਿੱਥੇ ਕੀਟਸ ਦੇ ਖਤਮ ਹੁੰਦੇ ਹਨ''। ਹੁਣ ਜ਼ਰਾ ਅੰਗਰੇਜ਼ੀ ਦੇ ਇਸ ਅਮਰ ਕਵੀ ਕੀਟਸ ਦੇ ਦੁੱਖਾਂ ਤੇ ਨਜ਼ਰ ਮਾਰੀਏ। ਅੱਠ ਸਾਲ ਦੀ ਉਮਰ ਵਿੱਚ ਬਾਪ ਮਰ ਗਿਆ। ਦਸ ਸਾਲ ਦੀ ਉਮਰ ਵਿੱਚ ਦਾਦਾ, ਜੋ ਕੀਟਸ ਨੂੰ ਪਾਲ ਪੋਸ ਰਿਹਾ ਸੀ, ਮਰ ਗਿਆ। ਮਾਮੇ ਨੇ ਉਸ ਦੀ ਦੇਖਭਾਲ ਦੀ ਜ਼ਿੰਮੇਵਾਰੀ ਲਈ ਪਰ ਕੀਟਸ ਹਾਲੇ ਤੇਰਾਂ ਸਾਲਾਂ ਦਾ ਸੀ ਜਦ ਮਾਮਾ ਮਰ ਗਿਆ। ਚੌਧਵੇਂ ਵਰ੍ਹੇ ਵਿੱਚ ਮਾਂ ਮਰ ਗਈ ਟੀ ਬੀ ਦੀ ਲਾਇਲਾਜ ਬੀਮਾਰੀ ਨਾਲ। ਸਾਰੇ ਪਰਿਵਾਰ ਦਾ ਭਾਰ ਕੀਟਸ ਦੇ ਮੋਢਿਆਂ ਤੇ ਆਣ ਪਿਆ। ਹਾਲੇ ਇੱਕੀ ਸਾਲ ਪੂਰੇ ਨਹੀਂ ਕੀਤੇ ਸਨ ਕਿ ਛੋਟੇ ਭਰਾ ਨੂੰ ਨਾਮਰਦ ਟੀ ਬੀ ਖਾ ਗਈ। ਦੋ ਸਾਲ ਬਾਦ ਉਹ ਕੁੜੀ ਜਿਸ ਨਾਲ ਉਸ ਨੇ ਜੀਣ ਮਰਨ ਦੇ ਵਾਅਦੇ ਕੀਤੇ ਸੀ ਛੱਡ ਗਈ। ਚੱਵ੍ਹੀ ਸਾਲ ਦੇ ਵਿਚਾਲੇ ਟੀ ਬੀ ਨੇ ਕੀਟਸ ਦੇ ਜਿਸਮ ਨੂੰ ਆਪਣਾ ਘਰ ਬਣਾ ਲਿਆ। ਉਮਰ ਦੇ ਪੰਝੀ ਸਾਲ ਤੇ ਚਾਰ ਮਹੀਨੇ ਪੂਰੇ ਕਰਕੇ ਜਾਨ ਕੀਟਸ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਮੈਂ ਇਹ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਜਿੱਥੇ ਕੀਟਸ ਦੇ ਦੁੱਖ ਖਤਮ ਹੁੰਦੇ ਹਨ ਉੱਥੇ ਕਿਸਤਰ੍ਹਾਂ ਦੇ ਦੁੱਖ ਸ਼ੁਰੂ ਹੁੰਦੇ ਹੋਣਗੇ?

ਪਰ ਆਲੋਚਕ ਦੀ ਇੱਕ ਸਤਰ ਨੇ ਸ਼ਿਵ ਕੁਮਾਰ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਉਹ ਮੌਤ ਨੂੰ ਚਿੱਠੀਆਂ ਲਿਖਣ ਲੱਗ ਪਿਆ। ਉਸ ਦੇ ਆਪਣੇ ਕਹਿਣ ਮੁਤਾਬਕ, ਪਹਿਲੇ ਪਿਆਰ ਨੂੰ ਗੁਆਕੇ ਉਹ ਮੁੜ ਜ਼ਿੰਦਗੀ ਭਰ ਕਿਸੇ ਕੁੜੀ ਨੂੰ ਪਿਆਰ ਨਹੀਂ ਕਰ ਸਕਿਆ। ਹੁਣ ਉਸ ਨੂੰ ਮੌਤ ਨਾਲ ਇਸ਼ਕ ਹੋ ਗਿਆ ਸੀ। ਪਰ ਜਾਨ ਕੀਟਸ ਨੂੰ ਮੌਤ ਨਾਲ ਇਸ਼ਕ ਨਹੀਂ ਸੀ। ਜ਼ਿੰਦਗੀ ਨੇ ਬੇਸ਼ਕ ਦੁੱਖ ਹੀ ਉਸ ਦੀ ਝੋਲੀ ਪਾਏ ਸਨ ਉਹ ਸਦਾ ਜ਼ਿੰਦਗੀ ਦਾ ਆਸ਼ਕ ਬਣਿਆ ਰਿਹਾ। ਸਗੋਂ ਉਸ ਨੂੰ ਸਦਾ ਇਹ ਝੋਰਾ ਖਾਂਦਾ ਰਿਹਾ ਕਿ ਵਕਤ ਉਸਨੂੰ ਜ਼ਿੰਦਗੀ ਦੀਆਂ ਅਨਮੋਲ ਦਾਤਾਂ ਨੂੰ ਮਾਨਣ ਤੋਂ ਵਾਂਝਿਆਂ ਰੱਖੇਗਾ। ਇਹ ਸੋਚਕੇ ਉਹ ਡਰ ਜਾਂਦਾ ਸੀ। ਇਸ ਡਰ ਦਾ ਪ੍ਰਗਟਾਵਾ ਆਪਣੀ ਕਵਿਤਾ ਵਿੱਚ ਕਰਦਾ ਸੀ। ਮੌਤ ਦੇ ਸਹਿਮ ਨੂੰ ਸਵੀਕਾਰ ਕਰਨਾ ਉਸ ਦੀ ਕਵਿਤਾ ਦੀ ਈਮਾਨਦਾਰੀ ਹੈ।

ਜਿਸ ਸਾਲ ਸੰਤ ਸਿੰਘ ਸੇਖੋਂ ਨੇ ਸ਼ਿਵ ਕੁਮਾਰ ਦੀ ਜ਼ਿੰਦਗੀ ਦੀ ਕਿਤਾਬ ਦੇ ਇੱਕ ਪੰਨੇ ਤੇ ਜਾਨ ਕੀਟਸ ਦਾ ਨਾਂ ਝਰੀਟ ਦਿੱਤਾ ਸੀ ਉਸ ਸਾਲ ਸ਼ਿਵ ਉਮਰ ਦੇ ਪੰਝੀ ਵਰ੍ਹੇ ਪੂਰੇ ਕਰ ਚੁੱਕਾ ਸੀ। ਹੁਣ ਉਸ ਨੂੰ ਮੌਤ ਦੇ ਇੱਕ ਨਵੇਂ ਮੀਲ ਪੱਥਰ ਦੀ ਤਲਾਸ਼ ਸੀ ( *ਬਿਰਹਣ ਜਿੰਦ ਮੇਰੀ ਨੇ ਸਈਓ, ਕੋਹ ਇੱਕ ਹੋਰ ਮੁਕਾਇਆ ਨੀ, ਪੱਕਾ ਮੀਲ ਮੌਤ ਦਾ ਨਜ਼ਰੀਂ, ਅਜੇ ਵੀ ਨਾ ਪਰ ਆਇਆ ਨੀ )।* ਇੱਕ ਰਾਤ ਅੰਮ੍ਰਿਤਸਰ ਤੋਂ ਕਵੀ ਦਰਬਾਰ ਭੁਗਤਾ ਕੇ ਮੁੜਦਿਆਂ ਉਸ ਕਿਹਾ, ਬੱਸ ਹੁਣ ਮੈਂ ਹੋਰ ਨਹੀਂ ਜੀਣਾ... ਈਸਾ ਨੂੰ ਤੇਤੀ ਸਾਲ ਦੀ ਉਮਰੇ ਸੂਲੀ ਚੜ੍ਹਾ ਦਿੱਤਾ ਸੀੜਮੇਰੇ ਲਈ ਸ਼ਾਇਦ ਕੋਈ ਸਲੀਬੜ। ਮੈਂ ਸੁਣਕੇ ਕੰਬ ਗਿਆ ਸੀ। ਸ਼ਿਵ ਦੀ ਉਮਰ ਉਸ ਵੇਲੇ ਤੀਹ ਸਾਲਾਂ ਦੀ ਸੀ। ਕੁਝ ਸਮੇਂ ਬਾਦ ਉਸ ਲਿਖਿਆ,

*ਮੇਰੇ ਵਰਗੇ ਮਸੀਹੇ ਵਾਸਤੇ*
*ਕਿੱਲ ਬਹੁਤ ਸਸਤੇ ਨੇ*

*ਸਲੀਬਾਂ ਤੋਂ ਬਿਨਾ ਵੀ ਮਰਨ ਦੇ*
*ਕਈ ਹੋਰ ਰਸਤੇ ਨੇ*

ਇਨ੍ਹਾਂ ਰਸਤਿਆ ਵਿੱਚੋਂ ਇੱਕ ਰਸਤਾ ਜਾਂਦਾ ਸੀ ਨਸ਼ੇ ਤੇ ਮਦਹੋਸ਼ੀ ਦੀ ਦੁਨੀਆ ਵੱਲ। ਕੁਝ ਸਾਲ ਇਸ ਰਸਤੇ ਤੁਰਿਆ ਜਾ ਸਕਦਾ ਸੀ। ਸ਼ਿਵ ਕੋਲ ਇਸ ਸਫ਼ਰ ਲਈ ਕਿਸੇ ਪਾਸਪੋਰਟ, ਕਿਸੇ ਵੀਜ਼ੇ ਦੀ ਜ਼ਰੂਰਤ ਨਹੀਂ ਸੀ। ਉਹ ਸਥਾਪਤ ਲੋਕਪ੍ਰਿਯ ਸ਼ਾਇਰ ਸੀ। ਇਸ ਰਸਤੇ ਤੁਰਨ ਨਾਲ ਉਸ ਦਾ ਆਪਣੀ ਮੰਜ਼ਿਲ ਤੇ ਪਹੁੰਚਣਾ ਨਿਸ਼ਚਤ ਸੀ। ਮੌਤ ਉਸਦਾ ਰਾਹ ਵੇਖ ਰਹੀ ਸੀ।

ਜੇ ਸੋਚਿਆ ਜਾਵੇ ਤਾਂ ਸ਼ਿਵ ਦੀ ਜ਼ਿੰਦਗੀ ਵਿੱਚ ਕੁਦਰਤ ਨੇ ਕਿੰਨੀਆਂ ਦਾਤਾਂ ਬਖ਼ਸ਼ੀਆਂ ਸਨ ਜੋ ਥੁੜਾਂ ਮਾਰੇ ਇਸ ਦੇਸ਼ ਵਿੱਚ ਬਹੁਤ ਘੱਟ ਲੋਕਾਂ ਨੂੰ ਨਸੀਬ ਹੁੰਦੀਆਂ ਹਨ। ਫਿਰ ਉਹ ਕਿਹੜਾ ਦੁੱਖ ਸੀ ਜਿਸਤੋਂ ਛੁਟਕਾਰਾ ਪਾਉਣ ਦੀ ਉਸ ਨੂੰ ਏਨੀ ਕਾਹਲ ਪਈ ਸੀ? ਸ਼ਇਦ ਅਸਲੀ ਗ਼ਮ ਨਾਲੋਂ ਕਲਪਤ ਗ਼ਮ ਦੇ ਦਰਿਆ ਵਿੱਚ ਡੁੱਬਣ ਦਾ ਆਪਣਾ ਹੀ ਆਨੰਦ ਹੈ।

ਕਵਿਤਾ ਲਿਖਦਾ ਲਿਖਦਾ ਸ਼ਿਵ ਕੁਮਾਰ ਖ਼ੁਦ ਕਵਿਤਾ ਬਣ ਗਿਆ ਸੀ। ਕਵਿਤਾ ਉਸ ਦੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਰਚ ਗਈ ਸੀ ਜਿਸ ਤਰ੍ਹਾਂ ਨਾੜੀਆਂ ਵਿੱਚ ਵਗਦਾ ਖ਼ੂਨ। ਉਹ ਉਸ ਮੁਕਾਮ ਤੇ ਪਹੁੰਚ ਚੁੱਕਾ ਸੀ ਜਿੱਥੇ ਕਲਾਕਾਰ ਆਪਣੀ ਕਲਾ ਵਿੱਚ ਸਮਾ ਜਾਂਦਾ ਹੈ। ਜਾਂ ਇੰਜ ਕਹਿ ਲਵੋ ਕਿ ਕਲਾ ਕਲਾਕਾਰ ਨੂੰ ਆਪਣੇ ਵਿੱਚ ਸਮੇਟ ਲੈਂਦੀ ਹੈ। ਦੋਹਾਂ ਵਿੱਚ ਕੋਈ ਫਰਕ ਜਾਂ ਫ਼ਾਸਲਾ ਨਹੀਂ ਰਹਿੰਦਾ। ਸ਼ਿਵ ਕੁਮਾਰ ਲਈ ਜ਼ਿੰਦਗੀ ਤੇ ਮੌਤ ਵਿੱਚ ਕੋਈ ਫ਼ਾਸਲਾ ਨਹੀਂ ਰਿਹਾ ਸੀ।

ਜ਼ਿੰਦਗੀ ਸ਼ਿਵ ਕੁਮਾਰ ਲਈ ਇੱਕ ਕਾਵਿ ਨਾਟਕ ਬਣ ਗਈ ਸੀ ਜਿਸ ਦੀ ਕਥਾ ਉਸ ਨੇ ਖ਼ੁਦ ਲਿਖੀ ਸੀ। ਇਸ ਨਾਟਕ ਦਾ ਸੂਤਰਧਾਰ ਉਹ ਆਪ ਸੀ ਤੇ ਆਪ ਹੀ ਇਸ ਦਾ ਨਿਰਦੇਸ਼ਕ। ਇਸ ਦਾ ਦਰਸ਼ਕ ਵੀ ਉਹੀ ਸੀ। ਆਪਣੀ ਆਵਾਜ਼ ਦੇ ਜਾਦੂ ਦਾ ਕੀਲਿਆ ਸਰੋਤਾ ਵੀ ਆਪ ਸੀ।

ਅੱਜ ਇਹ ਸਤਰਾਂ ਲਿਖਦਿਆਂ ਸੋਚਦਾ ਹਾਂ ਕਿ ਮੀਲਾਂ ਤੇ ਵਰ੍ਹਿਆਂ ਦਾ ਇਕੱਠੇ ਸਫ਼ਰ ਕਰਨ ਦੇ ਬਾਵਜੂਦ ਵੀ ਸ਼ਿਵ ਕੁਮਾਰ ਮੇਰੇ ਲਈ ਹਮੇਸ਼ਾ ਇੱਕ ਪੈਰਾਡਾਕਸ ਬਣਿਆ ਰਿਹਾ ਹੈ। ਕਿਸੇ ਹੱਦ ਤੱਕ ਅਸੀਂ ਸਾਰੇ ਆਪਣੇ ਆਪਣੇ ਪੈਰਾਡਾਕਸ ਹਾਂ। ਆਤਮਵਿਰੋਧ ਮਨੁੱਖੀ ਫਿਤਰਤ ਹੈ। ਸ਼ਿਵ ਕੁਮਾਰ ਨੂੰ ਜਿੰਨੀ ਮੁਹੱਬਤ ਤੇ ਮਾਣਤਾ ਆਪਣੇ ਸਰੋਤਿਆਂ ਤੇ ਪਾਠਕਾਂ ਕੋਲੋਂ ਮਿਲੀ ਉਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਪਰ ਉਹ ਆਲੋਚਕਾਂ ਤੋਂ ਮਿਲਣ ਜਾਂ ਨਾ ਮਿਲਣ ਵਾਲੀ ਮਾਣਤਾ ਨੂੰ ਹੀ ਤਰਜੀਹ ਦੇਂਦਾ ਰਿਹਾ। ਸਮਕਾਲੀ ਸਾਹਿਤਕਾਰ ਸਨਮਾਨ ਤੇ ਪ੍ਰਮਾਣਿਕਤਾ ਹਾਸਲ ਕਰਨ ਲਈ ਜਦ ਤਰ੍ਹਾਂ ਤਰ੍ਹਾਂ ਦੇ ਪਰਪੰਚ ਰਚਦੇ ਤਾਂ ਉਹ ਉਨ੍ਹਾਂ ਦੀ ਨਿੰਦਿਆ ਕਰਦਾ। ਬੁਰਜ਼ੂਆ ਕੀਮਤਾਂ ਦੀ ਨਖੇਧੀ ਕਰਦਾ ਪਰ ਖ਼ੁਦ ਇਨ੍ਹਾਂ ਦਾ ਸ਼ਿਕਾਰ ਬਣ ਜਾਂਦਾ। ਆਪਣੇ ਨਾਂ ਨਾਲ ਆਪ ਜੋੜੇ ਆਪਣੇ ਪਹਿਚਾਨ ਪੱਤਰ ''ਬਟਾਲਵੀ'' ਨੂੰ ਵਗਾਹ ਵਗਾਹ ਮਾਰਦਾ। ਆਪਣੇ ਮੁੱਢਲੇ ਗੀਤਾਂ (*ਮੈਨੂੰ ਹੀਰੇ ਹੀਰੇ ਆਖੇ*) ਨੂੰ ਨਕਾਰਦਾ (''ਇਹ ਮੇਰੀ ਅਨਪੜ੍ਹਤਾ ਦਾ ਢੰਡੋਰਾ ਪਿੱਟ ਰਿਹੈ''))। ਆਪਣੇ ਮੱਧਵਰਗੀ ਪਿਛੋਕੜ ਤੇ ਸ਼ਰਮ ਮਹਿਸੂਸ ਕਰਦਾ। ਨਿਰੋਲ ਸੁੱਚੀ ਕਵਿਤਾ (*ਲੋਕੀਂ ਪੂਜਣ ਰੱਬ ਮੈਂ ਤੇਰਾ ਬਿਰਹੜਾ, ਸਾਨੂੰ ਸੌ ਮੱਕਿਆਂ ਦਾ ਹੱਜ ਵੇ ਤੇਰਾ ਬਿਰਹੜਾ*) ਲਿਖਣ ਦੀ ਸਮਰੱਥਾ ਰੱਖਦਾ ਸਰਕਾਰੀ ਮਹਿਕਮੇ ਲਈ ਇਸ਼ਤਿਹਾਰੀ ਤੁਕਬੰਦੀ ਕਰਨੋਂ ਵੀ ਗੁਰੇਜ਼ ਨਾ ਕਰਦਾ। ਮੈਨੂੰ ਇਹ ਸ਼ਬਦ ਲਿਖਣ ਲਈ ਆਪਣੀ ਜ਼ਮੀਰ ਤੇ ਦੋਸਤੀ ਦੇ ਅਹਿਸਾਸ ਨਾਲ ਸੰਘਰਸ਼ ਕਰਨਾ ਪਿਆ ਹੈ। ਇਨ੍ਹਾਂ ਸ਼ਬਦਾਂ ਦੀ ਤਲਖੀ ਨੇ ਮੇਰੀ ਰੂਹ ਨੂੰ ਝੰਜੋੜ ਦਿੱਤਾ ਹੈ।

ਸ਼ਿਵ ਕੁਮਾਰ ਬਾਰੇ ਲਿਖਦਿਆਂ ਮੈਨੂੰ ਅਸਮਰਥਤਾ ਮਹਿਸੂਸ ਹੁੰਦੀ ਹੈ। ਸ਼ਿਵ ਕੁਮਾਰ ਵਰਗਾ ਸ਼ਖਸ ਆਪਣਾ ਇਤਿਹਾਸ ਆਪ ਲਿਖਦਾ ਹੈ।

ਸ਼ਿਵ ਕੁਮਾਰ ਦਾ ਨਾਂ ਮੋਹਨ ਸਿੰਘ – ਅਮ੍ਰਿਤਾ ਪ੍ਰੀਤਮ ਦੀ ਪੀੜ੍ਹੀ ਨਾਲ ਜੋੜਿਆ ਜਾਂਦਾ ਹੈ। ਅਸਲ ਵਿੱਚ ਉਸ ਦਾ ਰਿਸ਼ਤਾ ਮਿਰਜ਼ਾ ਗ਼ਾਲਿਬ – ਮਜਾਜ਼ ਲਖਨਵੀ ਦੀ ਪਰੰਪਰਾ ਨਾਲ ਹੈ। ਉਸ ਨੇ ਕਵਿਤਾ ਲਿਖੀ ਹੀ ਨਹੀਂ, ਕਵਿਤਾ ਨੂੰ ਜੀਵਿਆ ਹੈ, ਭੋਗਿਆ ਹੈ। ਜੇ ਉਸ ਨੇ ਉਮਰ ਭਰ ਗ਼ਮ ਦੇ ਗੀਤ ਹੀ ਗਾਏ ਹਨ ਤਾਂ ਇਹੀ ਉਸ ਦੀ ਹੋਂਦ ਦਾ, ਉਸਦੀ ਕਲਾ ਦਾ ਸੱਚ ਸੀ। ਗ਼ਾਲਿਬ ਦੇ ਕਹਿਣ ਵਾਂਗ, *ਕੈਦੇ ਹਯਾਤ-ਉ-ਬੰਦੇ ਗ਼ਮ ਅਸਲ ਮੇਂ ਦੋਨੋਂ ਏਕ ਹੈਂ, ਮੌਤ ਸੇ ਪਹਿਲੇ ਆਦਮੀ ਗ਼ਮ ਸੇ ਨਜਾਤ ਪਾਏ ਕਿਯੂੰ ।* ਸ਼ਿਵ ਦੇ ਗ਼ਮ, ਦੁੱਖ, ਦਰਦ ਅੱਗੇ ਪ੍ਰਸ਼ਨ ਚਿਨ੍ਹ ਖੜਾ ਕਰਨ ਦੀ ਲੋੜ ਨਹੀਂ।

ਸ਼ਿਵ ਕੁਮਾਰ ਦੀ ਰਚਨਾ ਕਿਸੇ ਸਹਿਤਕ ਮਾਪਦੰਡ ਜਾਂ ਰਵਾਇਤੀ ਕਸੌਟੀ ਤੇ ਪੂਰੀ ਉੱਤਰੇ ਜਾਂ ਨਾ ਉੱਤਰੇ, ਉਸ ਦੀ ਮਹਾਨਤਾ ਉਸਦੇ ਪਾਠਕਾਂ ਦੇ ਦਿਲ ਦੀਆਂ ਗਹਿਰਾਈਆਂ, ਜ਼ਿਹਨ ਦੀਆਂ ਪਰਤਾਂ ਤੇ ਰੂਹ ਦੀਆਂ ਗੁਫਾਵਾਂ ਵਿੱਚ ਉੱਤਰ ਕੇ ਆਪਣਾ ਸਦੀਵੀ ਸਥਾਨ ਬਣਾ ਲੈਣ ਵਿੱਚ ਹੈ। ਮੇਰਾ ਵਿਸ਼ਵਾਸ ਹੈ ਕਿ ਜਦ ਕਦੀ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਦੋ ਪੰਜਾਬੀ ਮਿਲ ਬੈਠਣਗੇ ਤਾਂ ਸ਼ਿਵ ਕੁਮਾਰ ਦਾ ਜ਼ਿਕਰ ਕੀਤੇ ਬਿਨਾ ਨਹੀਂ ਰਹਿਣਗੇ। ●

Prem Kumar, Ph.D.
8501 NE 110th PL
Kirkland, WA 98034

(*Editor's note: Prem Kumar is the Founder/Executive Director of Indian American Education Foundation, a non-profit organization dedicated to providing educational support to disabled children in India. Details at: www.iaefseattle.org*)

ਮੁਲਾਕਾਤ

# ਪੰਜਾਬ ਦੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨਾਲ ਮੁਲਾਕਾਤ



(ਸੰਤ ਰਾਮ ਉਦਾਸੀ, ਸੰਨ 1979 ਵਿੱਚ ਕਾਵੈਂਟਰੀ ਇੰਗਲੈਂਡ)
-ਫੋਟੋ: ਦਵਿੰਦਰ ਨੌਰਾ-

(ਪੰਜਾਬੀ ਦੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨਾਲ ਵਤਨੋਂ ਦੂਰ ਦੇ ਸੰਪਾਦਕ ਸਾਧੂ ਬਿਨਿੰਗ ਵੱਲੋਂ ਸਤੰਬਰ 1979 ਨੂੰ ਕੀਤੀ ਇਹ ਇੰਟਰਵਿਊ ਪਹਿਲੀ ਵਾਰ ਵਤਨੋਂ ਦੂਰ ਦੇ ਸਤੰਬਰ ਅਤੇ ਅਕਤੂਬਰ 1979 ਦੇ ਅੰਕਾਂ ਵਿੱਚ ਛਪੀ ਸੀ।)

ਸਾਧੂ ਬਿਨਿੰਗ: ਉਦਾਸੀ ਜੀ ਤੁਸੀਂ ਪੰਜਾਬ ਦੇ ਇਸ ਸਮੇਂ ਦੇ ਮੋਢੀ ਲੋਕ ਕਵੀ ਦੇ ਤੌਰ 'ਤੇ ਜਾਣੇ ਜਾਂਦੇ ਹੋ। ਕੀ ਤੁਹਾਡੀ ਕਵਿਤਾ ਸ਼ੁਰੂ ਤੋਂ ਹੀ ਇਨਕਲਾਬੀ ਰਹੀ ਹੈ ਜਾਂ ਇਹ ਵੀ ਹੋਰ ਲੋਕਾਂ ਵਾਂਗ ਧਾਰਮਿਕ ਜਾਂ ਪਿਆਰ ਵਰਗੇ ਵਿਸ਼ਿਆਂ ਤੋਂ ਸਫਰ ਕਰਕੇ ਇਨਕਲਾਬੀ ਸੋਚ ਵੱਲ ਮੁੜੀ ਹੈ?

ਸੰਤ ਰਾਮ ਉਦਾਸੀ: ਦੇਖੋ ਸਾਥੀ, ਕਿਸੇ ਵੀ ਲਿਖਾਰੀ ਨੂੰ ਮੋਢੀ ਕਹਿਣਾ ਠੀਕ ਨਹੀਂ ਹੁੰਦਾ। ਕਿਉਂਕਿ ਅਸੀਂ ਇਤਿਹਾਸ ਤੋਂ ਸਿੱਖਦੇ ਹਾਂ। ਸਾਥੋਂ ਬਹੁਤ ਚਿਰ ਪਹਿਲਾਂ ਕਵਿਤਾਵਾਂ ਲਿਖੀਆਂ ਗਈਆਂ ਨੇ ਤੇ ਸਾਥੋਂ ਬਹੁਤ ਚਿਰ ਪਹਿਲਾਂ ਇਤਿਹਾਸ ਲਿਖਿਆ ਗਿਆ ਹੈ। ਮੈਂ ਤਾਂ ਉਸ ਲੰਮੀ ਕਤਾਰ ਦਾ ਛੋਟਾ ਜਿਹਾ ਅੰਗ ਹਾਂ ਤੇ ਇਹ ਮੈਂ ਨਹੀਂ ਮੰਨਦਾ ਕਿ ਮੈਂ ਇਕ ਮੋਢੀ ਕਵੀ ਹਾਂ। ਮੈਥੋਂ ਬਹੁਤ ਪਹਿਲਾਂ ਲੋਕ ਕਵਿਤਾ ਲਿਖੀ ਜਾ ਚੁੱਕੀ ਹੈ। ਜਿਹੜੀ ਕਿ ਲੋਕ ਪੱਖੀ ਹੈ ਅਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਨੁਮਾਇੰਦਗੀ ਕਰਦੀ ਹੈ। ਮੈਂ ਸਮਝਦਾ ਹਾਂ ਕਿ – *ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ। ਗੁਰ ਪੀਰ ਹਮਾਂ ਤਾਂ ਭਰੈ ਜਾਂ ਮੁਰਦਾਰ ਨਾ ਖਾਇ।* ਜਾਂ ਗੁਰੂ ਗੋਬਿੰਦ ਸਿੰਘ ਜੀ ਦਾ – *ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇ ਹਰਿ ਕਰੋ ਨਿਵਾਸ।* ਇਹ ਜਿਹੜੀਆਂ ਕਵਿਤਾਵਾਂ ਲਿਖੀਆਂ ਗਈਆਂ ਨੇ ਜਾਂ ਬਾਣੀ ਲਿਖੀ ਗਈ ਐ, ਇਹ ਫਰੀਦ ਵੱਲੋਂ ਲਿਖੀ ਗਈ ਹੈ ਅਤੇ ਕਿੰਨੇ ਹੀ ਸਾਡੇ ਪੁਰਾਣਿਕ ਲਿਖਾਰੀਆਂ ਵੱਲੋਂ ਲਿਖੀ ਗਈ ਹੈ। ਮੈਂ ਇਨਾਂ ਨੂੰ ਲੋਕ ਕਵਿਤਾ ਹੀ ਮੰਨਦਾ ਹਾਂ। ਸੋ ਮੈਂ ਆਪਣੇ ਆਪ ਨੂੰ ਮੋਢੀ ਲੋਕ ਕਵੀ ਨਹੀਂ ਸਮਝਦਾ। ਜਿਹੜਾ ਸਮੇਂ ਸਮੇਂ ਲੋਕਾਂ ਦੀ ਆਰਥਿਕ ਲੁੱਟ, ਲੋਕਾਂ ਦੀ ਸਮਾਜਿਕ ਅਤੇ ਧਾਰਮਿਕ ਲੁੱਟ ਦੇ ਖਿਲਾਫ ਲਿਖਦਾ ਰਿਹਾ ਜਾਂ ਬੋਲਦਾ ਰਿਹਾ, ਮੈਂ ਉਸ ਨੂੰ ਲੋਕਾਂ ਦਾ ਨੁਮਾਇੰਦਾ ਕਵੀ ਸਮਝਦਾ ਹਾਂ। ਸੋ ਮੈਂ ਉਸ ਇਕ ਲੰਮੇ ਇਤਿਹਾਸ ਦੀ ਇਕ ਨਿੱਕੀ ਜਿਹੀ ਕੜੀ ਹਾਂ। ਪਰ ਮੈਂ ਆਪਣੇ ਆਪ ਨੂੰ ਮੁੱਢਲਾ ਲੋਕ ਕਵੀ ਨਹੀਂ ਮੰਨਦਾ। ਬੇਸ਼ਕ ਮੈਨੂੰ ਸਨਮਾਨ ਲੋਕ ਕਵੀ ਦੇ ਤੌਰ 'ਤੇ ਬਾਵਾ ਬਲਵੰਤ ਟਰੱਸਟ ਢੁੱਡੀਕੇ ਨੇ ਪਹਿਲਾ ਇਨਾਮ ਦਿੱਤਾ। ਪਰ ਫਿਰ ਵੀ ਮੈਂ ਆਪਣੇ ਆਪ ਨੂੰ ਪਹਿਲਾ ਲੋਕ ਕਵੀ ਨਹੀਂ ਸਮਝਦਾ। ਇਸ ਤੋਂ ਪਹਿਲਾਂ, ਬਹੁਤ ਚਿਰ ਪਹਿਲਾਂ ਬਹੁਤ ਚੰਗੀਆਂ ਗੱਲਾਂ ਕਹੀਆਂ ਜਾ ਚੁੱਕੀਆਂ ਹਨ ਲੋਕ ਪੱਖ ਦੇ ਵਿਚ।

ਸਾਧੂ ਬਿਨਿੰਗ: ਇਹਦੇ ਨਾਲ ਹੀ ਦੂਜਾ ਹਿੱਸਾ ਸੀ ਕਿ ਕੀ ਤੁਹਾਡੀ ਕਵਿਤਾ ਹੋਰਨਾਂ ਲੋਕਾਂ ਵਾਂਗ ਸਫਰ ਕਰਕੇ ਇਨਕਲਾਬੀ ਸੋਚ ਵੱਲ ਆਈ?

ਸੰਤ ਰਾਮ ਉਦਾਸੀ: ਹਾਂ, ਇਤਿਹਾਸ ਤੋਂ ਟੁੱਟਣਾ ਜਾਂ ਜੋ ਸਾਨੂੰ ਇਤਿਹਾਸਕ ਪਦਾਰਥਵਾਦ ਤੋਂ ਪ੍ਰਾਪਤ ਹੁੰਦਾ ਹੈ, ਉਸ ਤੋਂ ਅਸੀਂ ਅੱਗੇ ਇਤਿਹਾਸ ਦੇ ਨਵੇਂ ਵਰਕੇ ਤੋਰਦੇ ਹਾਂ। ਮੈਂ ਸਮਝਦਾ ਹਾਂ ਕਿ ਕੋਈ ਬੰਦਾ ਇਕ ਦਿਨ ਵਿੱਚ ਪ੍ਰਗਤੀਵਾਦੀ ਜਾਂ ਅੱਗੇਵਧੂ ਨਹੀਂ ਬਣ ਜਾਂਦਾ। ਉਹ ਇਕ ਦੌਰ 'ਚੋਂ ਨਿਕਲ ਕੇ ਜੇ ਅੱਗੇਵਧੂ ਬਣਦਾ ਹੈ ਜਾਂ ਲੋਕ ਪੱਖੀ ਬਣਦਾ ਹੈ ਤਾਂ ਮੈਂ ਉਸ ਨੂੰ ਜ਼ਿਆਦਾ ਪ੍ਰੱਪਕ ਸਮਝਦਾ ਹਾਂ। ਜਿਹੜਾ ਇਕ ਦਮ ਬਣਿਆ ਹੁੰਦਾ ਉਹ ਕਦੇ ਵੀ ਫਿਸਲ ਸਕਦਾ ਹੈ। ਮੈਂ ਸਮਝਦਾ ਹਾਂ ਕਿ ਮੇਰੀ ਕਵਿਤਾ ਪਹਿਲਾਂ ਚਾਹੇ ਉਹ ਸਮਾਜਿਕ ਨਿਆਂ ਦੇ ਉਲਟ ਸੀ ਚਾਹੇ ਧਾਰਮਿਕ ਨਿਆਂ ਦੇ ਉਲਟ ਸੀ ਤੇ ਮਗਰੋਂ ਮੇਰੀ ਕਵਿਤਾ ਪਦਾਰਥਕ ਜਾਂ ਆਰਥਿਕ ਲੁੱਟ ਦੇ ਉਲਟ ਹੋਈ ਆ। ਸੋ ਪਹਿਲਾਂ ਮੈਂ ਧਾਰਮਿਕ ਕਵਿਤਾਵਾਂ ਲਿਖੀਆਂ। ਪਿਆਰ ਬਾਰੇ ਮੈਨੂੰ ਇੰਨਾ ਅਨੁਭਵ ਨਹੀਂ ਕਿਉਂਕਿ ਮੈਂ ਉਸ ਤਬਕੇ ਦੇ ਵਿੱਚ ਪੈਦਾ ਹੋਇਆ ਹਾਂ ਜਿੱਥੇ ਲੋਕ ਘਿਰਨਾ ਦੇ ਹੀ ਪਾਤਰ ਹੁੰਦੇ ਨੇ ਤੇ ਚਾਰ ਚੁਫੇਰੇ ਉਹਨਾਂ ਦੇ ਘਿਰਨਾ ਹੀ ਘਿਰਨਾ ਹੁੰਦੀ ਹੈ। ਤੇ ਲੋਕ ਹਮੇਸ਼ਾਂ ਚਾਹੇ ਉਹ ਅਮੀਰ ਤੇ ਚਾਹੇ ਧਾਰਮਿਕ, ਕਿਸੇ ਸੰਪ੍ਰਦਾ ਦੇ ਨਾਲ ਸੰਬੰਧ ਰੱਖਦੇ ਹੋਣ, ਸਾਰੇ ਉਸ ਤਬਕੇ ਨੂੰ ਜਿਹਦੇ ਵਿੱਚ ਮੈਂ ਵਿਚਰ ਰਿਹਾਂ ਜਾਂ ਜਿਹਦੇ ਵਿੱਚ ਮੈਂ ਜੰਮਿਆਂ ਪਲਿਆ ਤੇ ਵੱਡਾ ਹੋਇਆ, ਉਹਨੂੰ ਚਾਰ ਚੁਫੇਰੇ ਘਿਰਨਾ ਈ ਘਿਰਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਸੋ ਪਹਿਲਾਂ ਧਾਰਮਿਕ ਕਵਿਤਾ ਵੀ ਲਿਖੀ ਹੈ। ਪਿਆਰ ਮੈਨੂੰ ਮਿਲਿਆ ਈ ਕੋਈ ਨਹੀਂ। ਨਾ ਮੈਂ ਸਮਝਦਾ ਪਈ ਅਜੋਕੀਆਂ ਕਦਰਾਂ ਕੀਮਤਾਂ ਵਿੱਚ ਪਿਆਰ ਕਿਸੇ ਨੂੰ ਮਿਲ ਸਕਦਾ ਹੈ। ਪਿਆਰ ਬਾਰੇ ਮੈਨੂੰ ਕੋਈ ਅਨੁਭਵ ਨਹੀਂ ਹੈ। ਸਾਡੇ ਲਿਖਾਰੀ ਆਮ ਤੌਰ 'ਤੇ ਪਿਆਰ ਨੂੰ ਨਿੱਜੀ ਪਿਆਰ ਹੀ ਸਮਝਦੇ ਹਨ। ਲੋਕਾਂ ਦਾ ਪਿਆਰ ਮੈਨੂੰ ਬਹੁਤ ਮਿਲਿਆ। ਉਹਦੇ ਬਾਰੇ ਮੈਨੂੰ ਅਨੁਭਵ ਵੀ ਹੈ ਅਤੇ ਮੈਂ ਲਿਖਦਾ ਵੀ ਹਾਂ। ਸੋ ਜੇ ਤੁਸੀਂ ਪਿਆਰ ਨੂੰ ਏਸ ਸਬੰਧ ਵਿੱਚ ਲਵੋਂ ਕਿ ਸਾਂਝਾ ਪਿਆਰ ਕੀ ਹੁੰਦਾ, ਨਿਜੀ ਪਿਆਰ ਕੀ ਹੁੰਦਾ, ਉਹ ਬਾਹਲਾ ਚੰਗਾ ਸੀਗਾ। ਖੈਰ ਮੈਂ ਬਹੁਤ ਸਾਰੀਆਂ ਧਾਰਮਿਕ ਕਵਿਤਾਵਾਂ ਵੀ ਲਿਖੀਆਂ ਨੇ। ਉਸ ਤੋਂ ਬਾਅਦ ਜਿਹੜਾ ਪਿਆਰ ਹੈ ਜਾਂ ਰੁਮਾਂਸ ਹੈ ਉਸ ਨੂੰ ਮੈਂ ਲੋਕ ਕਵਿਤਾ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ ਹੈ। ਤੇ ਲੋਕਾਂ ਦੇ ਪਿਆਰ ਵਿੱਚ ਢਾਲਣ ਦੀ ਕੋਸ਼ਿਸ਼ ਕੀਤੀ ਹੈ ਅਤੇ ਲੋਕਾਂ ਨੇ ਇਸ ਗੱਲ ਦਾ ਹੁੰਗਾਰਾ ਵੀ ਦਿੱਤਾ ਹੈ।

ਸਾਧੂ ਬਿਨਿੰਗ: ਤੁਸੀਂ ਸਟੇਜ ਤੇ ਕਵਿਤਾ ਗਾ ਕੇ ਇਨਕਲਾਬ ਦਾ ਸੁਨੇਹਾ ਹਜ਼ਾਰਾਂ ਉਹਨਾਂ ਲੋਕਾਂ ਤੱਕ ਪਹੁੰਚਾਇਆ ਹੈ ਜਿਹੜੇ ਖੁਦ ਪੜ੍ਹ ਨਹੀਂ ਸਕਦੇ। ਸਾਹਿਤ ਦੇ ਦੂਜੇ ਰੂਪ ਜਿਵੇਂ ਕਹਾਣੀ, ਨਾਵਲ ਤੇ ਡਰਾਮਾ, ਉਹਨਾਂ ਬਾਰੇ ਤੁਹਾਡਾ ਕੀ ਖਿਆਲ ਹੈ। ਕੀ ਉਹ ਇਨਕਲਾਬੀ ਸੋਚ ਲੋਕਾਂ ਤਕ ਪਹੁੰਚਾਉਣ ਵਿੱਚ ਕਿਸੇ ਤਰ੍ਹਾਂ ਸਹਾਈ ਹੋ ਰਹੇ ਹਨ ਜਾਂ ਹੋ ਸਕਦੇ ਹਨ, ਹਿੰਦੁਸਤਾਨ ਦੇ ਸਬੰਧ ਵਿਚ।

ਸੰਤ ਰਾਮ ਉਦਾਸੀ: ਦੇਖੋ, ਸਾਹਿਤ ਦੇ ਹੋਰ ਪੱਖਾਂ ਨੂੰ ਤੁਸੀਂ ਛੱਡੋ, ਮੈਂ ਇਹ ਸਮਝਦਾ ਪਈ ਚਾਹੇ ਉਹ ਤਕਰੀਰ ਈ ਐ, ਉਹ ਲੋਕ ਪੱਖੀ ਕੀਤੀ ਜਾਂਦੀ ਆ ਤੇ ਲੋਕਾਂ ਦੇ ਦੁੱਖਾਂ ਸੁੱਖਾਂ ਦੀ ਨੁਮਾਇੰਦਗੀ, ਤਰਜਮਾਨੀ ਕਰਦੀ ਹੈ ਉਹ ਤਕਰੀਰ, ਤੇ ਮੈਂ ਸਮਝਦਾਂ ਕਿ ਉਹ ਵੀ ਸਾਹਿਤ ਦੀ ਇਕ ਕੜੀ ਹੈ। ਬਾਕੀ ਡਰਾਮਾ ਤਾਂ ਬਹੁਤ ਬੜਾ ਪ੍ਰਭਾਵ ਪਾਉਂਦਾ ਹੈ ਲੋਕਾਂ 'ਤੇ। ਜਿਵੇਂ ਸ: ਗੁਰਸ਼ਰਨ ਸਿੰਘ ਨਾਟਕ ਕਲਾ ਕੇਂਦਰ ਵੱਲੋਂ ਖੇਡਿਆ ਜਾ ਰਿਹਾ, ਬਰਨਾਲਾ ਨਾਟਕ ਕਲਾ ਕੇਂਦਰ ਵੱਲੋਂ, ਮੰਗੂਵਾਲ ਨਾਟਕ ਕੇਂਦਰ ਵੱਲੋਂ, ਬਠਿੰਡਾ ਨਾਟਕ ਕਲਾ ਕੇਂਦਰ ਹੈ ਤੇ ਹੋਰ ਕਿੰਨੇ ਹੀ ਹਨ। ਪਹਿਲਾਂ ਅਸੀਂ ਫਰੀਦਕੋਟ ਨਾਟਕ ਕੇਂਦਰ ਬਣਾਇਆ ਸੀ ਤੇ ਕਿੰਨੀਆਂ ਹੀ ਲੋਕ ਜਥੇਬੰਦੀਆਂ ਨੇ ਜਿਹੜੀਆਂ ਕਿ ਲੋਕਾਂ ਨੂੰ ਡਰਾਮਿਆਂ ਰਾਹੀਂ ਕਵਿਤਾਵਾਂ ਰਾਹੀਂ ਜਾਂ ਭਾਸ਼ਣਾਂ ਰਾਹੀਂ ਸੁਚੇਤ ਕਰਦੀਆਂ ਨੇ। ਸੋ ਮੈਂ ਕਵਿਤਾ ਨੂੰ ਵੈਸੇ ਪ੍ਰਮੁੱਖ ਸਮਝਦਾ ਹਾਂ ਕਿ ਲੋਕਾਂ ਤੱਕ ਜਾਂ ਉਹਨਾਂ ਦੇ ਮਨ ਨੂੰ ਟੁੰਬਣ ਵਾਲਾ ਇਕ ਬਹੁਤ ਵੱਡਾ ਸਾਧਨ ਐ। ਪਰ ਇਹਦੇ ਨਾਲ ਨਾਲ ਜਿਹੜਾ ਨਾਵਲ ਆ, ਉਸ ਨੂੰ ਪੜ੍ਹਨ ਲਈ ਜਾਂ ਉਸ ਬਾਰੇ ਸਮੁੱਚਾ ਗਿਆਨ ਪ੍ਰਾਪਤ ਕਰਨ ਲਈ ਜਾਂ ਨਤੀਜੇ ਕੱਢਣ ਲਈ ਸਾਨੂੰ ਪਿਛੇ ਇਕ ਬਹੁਤ ਵੱਡੀ ਸਿਆਸੀ ਸੋਚ ਦੀ ਲੋੜ ਹੁੰਦੀ ਹੈ। ਹੁਣ ਫਰਜ਼ ਕਰ ਲਵੋ "ਲਹੂ ਦੀ ਲੋਅ" ਨਾਵਲ ਜਾਂ ਜਸਵੰਤ ਕੰਵਲ ਦਾ "ਰਾਤ ਬਾਕੀ ਹੈ" ਉਹਦਾ ਨਚੋੜ ਕੱਢਣ ਲਈ ਜਾਂ ਉਸ ਨੂੰ ਸਮਝਣ ਲਈ ਜਦੋਂ ਪਾਠਕ ਪੜ੍ਹਦਾ ਹੈ ਤਾਂ ਹੀਰੋ ਦੀ ਹਾਲਤ ਵਿੱਚ ਦੀ ਵਿਚਰਦਾ ਹੈ। ਉਸ ਦੀ ਹੀਰੋ ਨਾਲ ਹਮਦਰਦੀ ਹੁੰਦੀ ਹੈ। ਜੇ ਹੀਰੋ ਦੂਜੇ ਪਾਸੇ ਵੀ ਚਲਿਆ ਜਾਵੇ ਤਾਂ ਪਾਠਕ ਜੱਜ ਨਹੀਂ ਕਰ ਸਕਦਾ ਕਿ ਉਹ ਗਲਤ ਪਾਸੇ ਚਲਿਆ ਗਿਆ ਹੈ। ਕਿਉਂਕਿ ਉਹਦੀ ਹਮੇਸ਼ਾਂ ਹੀਰੋ ਨਾਲ ਹਮਦਰਦੀ ਹੁੰਦੀ ਹੈ। ਸੋ ਨਾਵਲ, ਕਹਾਣੀ ਜਾਂ ਹੋਰ ਜਿਹੜੇ ਅੰਗ ਨੇ ਸਾਹਿਤ ਦੇ, ਉਹਨਾਂ ਨੂੰ ਪੜ੍ਹਨ ਲਈ ਇਕ ਸਮਝ ਦੀ ਲੋੜ ਹੁੰਦੀ ਹੈ। ਬਹੁਤ ਡੂੰਘੀ ਸਮਝ ਦੀ ਲੋੜ ਹੁੰਦੀ ਹੈ। ਪਰ ਕਵਿਤਾ ਜੋ ਕਿ ਲੋਕਾਂ ਦੀਆਂ ਵਕਤੀ ਮੰਗਾਂ ਨੂੰ ਸਮੇਂ ਦੀਆਂ ਮੰਗਾਂ ਨੂੰ ਮੁੱਖ ਰੱਖ ਕੇ ਲਿਖੀ ਜਾਂਦੀ ਐ ਉਹ ਸਿੱਧਾ ਲੋਕਾਂ ਦੇ ਉਤੇ ਪ੍ਰਭਾਵ ਪਾਉਂਦੀ ਹੈ। ਤੇ ਮੈਂ ਇਸ ਦਾ ਅਨੁਭਵ ਵੀ ਕੀਤਾ ਐ ਕਿ ਜੇ ਅਸੀਂ

ਕਿਤੇ ਕਹਿ ਦੇਈਏ – ਪਈ ਕਵੀ ਦਰਬਾਰ ਐ ਇਕੱਲਾ, ਚਾਹੇ ਵੱਡੇ ਤੋਂ ਵੱਡੇ ਲਿਖਾਰੀ ਵੀ ਕਿਉਂ ਨਾ ਆਉਣੇ ਹੋਣ, ਤਾਂ ਵੀ ਇੰਨਾ ਇਕੱਠ ਨਹੀਂ ਹੁੰਦਾ। ਜਿੱਥੇ ਅਸੀਂ ਕਹਿੰਦੇ ਆਂ ਪਈ ਨਾਲ ਦੀ ਨਾਲ ਡਰਾਮੇ ਵੀ ਹੋਣਗੇ ਤੇ ਗੀਤ ਵੀ ਗਾਏ ਜਾਣਗੇ ਤਾਂ ਲੋਕ ਬਹੁਤੇ ਆਉਣਗੇ। ਪਿਛੇ ਖਿੱਚੂ ਸਾਹਿਤ ਵਾਲੇ ਜਾਂ ਤੂੰਬੀ ਮਾਰਕਾ ਸਾਹਿਤ ਵਾਲੇ ਜਾਂ ਲੱਚਰ ਸਾਹਿਤ ਵਾਲੇ ਇਹਦਾ ਵੱਧ ਤੋਂ ਵੱਧ ਫਾਇਦਾ ਉਠਾਉਂਦੇ ਹਨ। ਕਿਉਂਕਿ ਲੋਕਾਂ ਦੀ ਮਨੋਰੰਜਨ ਲਈ ਬਹੁਤ ਵੱਡੀ ਭੁੱਖ ਹੁੰਦੀ ਆ। ਹੁਣ ਜੇ ਅਸੀਂ ਕਹਿ ਦੇਈਏ ਬਈ ਫਰਜ਼ ਕਰ ਲਉ ਕਿ ਫਲਾਣੇ ਥਾਂ ਨਾਵਲ ਪੜ੍ਹਿਆ ਜਾਣਾ ਹੈ ਤਾਂ ਲੋਕ ਨਹੀਂ ਆਉਣਗੇ। ਜੇ ਕਹਿ ਦੇਈਏ ਤੂੰਬੀ ਮਾਰਕਾ ਗੀਤਕਾਰ ਆਉਣਗੇ, ਇਸ਼ਕ ਮੁਸ਼ਕ ਦੇ ਗੀਤ ਗਾਏ ਜਾਣਗੇ, ਉੱਥੇ ਲੋਕ ਹਜ਼ਾਰਾਂ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਨੇ। ਇਸੇ ਤਰ੍ਹਾਂ ਮੈਨੂੰ ਵੀ ਇਹ ਅਨੁਭਵ ਹੋਇਆ। ਜਦੋਂ ਅਸੀਂ ਪਿੰਡਾਂ ਦੇ ਵਿੱਚ ਆਮ ਡਰਾਮੇ ਕਰਦੇ ਆਂ, ਜਥੇਬੰਦੀਆਂ ਦੇ ਅਧੀਨ ਹੋ ਕੇ, ਜਾਂ ਉਹਨਾਂ ਲੋਕਾਂ ਦੀਆਂ ਜਿਹੜੀਆਂ ਸਫਾਂ ਨੇ ਉਹਨਾਂ ਨੂੰ ਉਹਨਾਂ ਦੀ ਲੁੱਟ ਖਸੁੱਟ ਬਾਰੇ ਦੱਸਣ ਲਈ ਅਸੀਂ ਲੋਕਾਂ ਨੂੰ ਕਹਿੰਦੇ ਆਂ ਪਈ ਆਉ ਸਾਡਾ ਪ੍ਰਚਾਰ ਸੁਣੋ। ਸਾਡੀਆਂ ਜਥੇਬੰਦੀਆਂ ਦਾ ਜਿਹੜਾ ਕੰਮ ਐ ਉਸ ਬਾਰੇ ਤੁਸੀਂ ਆ ਕੇ ਆਪਣੇ ਦੁੱਖਾਂ ਸੁੱਖਾਂ ਨੂੰ ਸਾਡੇ ਨਾਲ ਸਾਂਝਾ ਕਰੋ ਤਾਂ ਲੋਕ ਆਉਂਦੇ ਨੇ। ਵੈਸੇ ਕਵਿਤਾ ਦਾ ਬਹੁਤ ਵੱਡਾ ਹਿੱਸਾ ਹੈ ਰਿਦਮ ਕਰਕੇ। ਡਰਾਮੇ ਦੀ ਕੋਈ ਕੋਈ ਗੱਲ ਹੀ ਚੇਤੇ ਰੱਖ ਸਕਦੇ ਹਾਂ। ਨਾਵਲ ਦੀ ਗੱਲ ਚੇਤੇ ਰੱਖ ਸਕਦੇ ਜਾਂ ਕਹਾਣੀ ਦੀ ਚੇਤੇ ਰੱਖ ਸਕਦੇ ਹਾਂ। ਪਰ ਕਵਿਤਾ ਕਈ ਵਾਰੀ ਅੱਧੋਂ ਬਹੁਤੇ ਲੋਕਾਂ ਨੂੰ ਯਾਦ ਹੋ ਜਾਂਦੀ ਹੈ। ਲੋਕਾਂ ਦੇ ਪੱਧਰ ਦੀ ਕਵਿਤਾ ਉਹਨਾਂ ਦੇ ਛੇਤੀ ਯਾਦ ਹੋ ਜਾਂਦੀ ਹੈ। ਕਿਉਂਕਿ ਉਸ ਅਨੁਭਵ ਵਿੱਚੋਂ ਲੋਕ ਗੁਜ਼ਰ ਰਹੇ ਹੁੰਦੇ ਹਨ। ਤੇ ਦੂਜੀ ਜਿਹੜੀ ਵੱਡੀ ਗੱਲ ਇਹ ਹੈ ਕਿ ਮੇਰੇ ਦੇਸ਼ ਦੇ ਵਿੱਚ ਜਾਂ ਹਿੰਦੁਸਤਾਨ ਦੇ ਵਿੱਚ ਬਹੁਤੇ ਲੋਕ ਅਨਪੜ੍ਹ ਨੇ ਤੇ ਉਹਨਾਂ ਨੂੰ ਸਮਝਾਉਣ ਦਾ ਕੰਮ ਕਵਿਤਾ ਰਾਹੀਂ ਵੱਧ ਹੋ ਸਕਦਾ ਹੈ। ਕਹਾਣੀ ਜਾਂ ਨਾਵਲ ਪੜ੍ਹਨ ਦੀ ਉਹਨਾਂ ਦੀ ਸ਼ਕਤੀ ਨਹੀਂ ਤੇ ਉਹਨਾਂ ਦੇ ਵਿੱਚ ਯੋਗਤਾ ਨਹੀਂ, ਯੋਗਤਾ ਤਾਂ ਹੈ ਪਰ ਅਨਪੜ੍ਹਤਾ ਕਾਰਨ ਉਹ ਪੜ੍ਹ ਨਹੀਂ ਸਕਦੇ। ਤੇ ਕਵਿਤਾ ਜਦੋਂ ਅਸੀਂ ਸਾਹਮਣੇ ਪੜ੍ਹਦੇ ਹਾਂ ਤਾਂ ਅਨਪੜ੍ਹ ਲੋਕ ਵੀ ਉਸ ਦਾ ਪ੍ਰਭਾਵ ਲੈਂਦੇ ਨੇ। ਇਸ ਕਰਕੇ ਮੈਂ ਲੋਕਾਂ ਦੀ ਲੁੱਟ ਘਸੁੱਟ ਪ੍ਰਤੀ ਜਿਹੜੀ ਸਮਝ ਐ ਉਸ ਨੂੰ ਜਗਾਉਣ ਦੇ ਵਿੱਚ ਕਵਿਤਾ ਨੂੰ ਠੀਕ ਸਮਝਦਾ ਹਾਂ। ਖਾਸ ਤੌਰ 'ਤੇ ਅਨਪੜ੍ਹ ਲੋਕਾਂ ਦੇ ਵਿੱਚ ਜਿਨ੍ਹਾਂ ਵਿੱਚ ਮੈਂ ਆਮ ਤੌਰ 'ਤੇ ਰਹਿੰਦਾ ਹਾਂ।

ਸਾਧੂ ਬਿਨਿੰਗ: ਤੁਹਾਨੂੰ ਪਿੱਛੇ ਜਿਹੇ ਇਨਾਮ ਮਿਲਿਆ ਹੈ। ਤੁਸੀਂ ਇਸ ਇਨਾਮ ਬਾਰੇ ਕਿਵੇਂ ਮਹਿਸੂਸ ਕਰਦੇ ਹੋ? ਜੇ ਤੁਹਾਨੂੰ ਇਹ ਇਨਾਮ ਸਿੱਧਾ ਗੌਰਮਿੰਟ ਦੀ ਕਿਸੇ ਏਜੰਸੀ ਵੱਲੋਂ ਮਿਲਿਆ ਹੁੰਦਾ ਤਾਂ ਕੀ ਤੁਸੀਂ ਇਸ ਨੂੰ ਕਬੂਲ ਕਰਦੇ?

ਸੰਤ ਰਾਮ ਉਦਾਸੀ: ਮੈਂ ਇਹ ਕਦੇ ਅਨੁਭਵ ਹੀ ਨਹੀਂ ਕੀਤਾ ਕਿ ਮੈਨੂੰ ਕਦੇ ਗੌਰਮਿੰਟ ਵੱਲੋਂ ਕੋਈ ਇਨਾਮ ਮਿਲੇਗਾ। ਦੂਜੀ ਗੱਲ ਇਹ ਹੈ ਕਿ ਮੈਂ ਇਹੋ ਜਿਹਾ ਲਿਖਦਾ ਹੀ ਨਹੀਂ ਹਾਂ ਕਿ ਗੌਰਮਿੰਟ ਜਾਂ ਸਰਕਾਰੀ ਅਦਾਰੇ ਮੈਨੂੰ ਇਨਾਮ ਦੇਣ। ਉਹ ਦੇ ਹੀ ਨਹੀਂ ਸਕਦੇ। ਮੈਂ ਨਹੀਂ ਅਨੁਭਵ ਕਰਦਾ ਕਿ ਉਹ ਦੇ ਸਕਣਗੇ। ਜੇ ਉਹ ਇਨਾਮ ਦਿੰਦੇ ਵੀ ਤਾਂ ਮੇਰਾ ਇਨਕਾਰ ਹੀ ਹੋਣਾ ਸੀ। ਇਕ ਦੋ ਚਾਂਸ ਇਸ ਤਰ੍ਹਾਂ ਦੇ ਹੋਏ ਵੀ ਹਨ ਜਿਨ੍ਹਾਂ ਵਿੱਚ ਮੈਨੂੰ ਸਰਕਾਰੀ ਅਦਾਰਿਆਂ ਵੱਲੋਂ ਸਨਮਾਨਣ ਦੀ ਕੋਸ਼ਿਸ਼ ਕੀਤੀ ਗਈ ਪਰ ਮੈਂ ਖੁਦ ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਹੈ। ਉਹਨਾਂ ਨੂੰ ਇਨਕਾਰ ਕੀਤਾ ਹੈ। ਜਿਸ ਤਰ੍ਹਾਂ ਕਿ ਮੈਨੂੰ ਦੀਵਾਲੀ ਵਾਲੇ ਦਿਨ ਸਨਮਾਨਣ ਦੀ ਕੋਸ਼ਿਸ਼ ਕੀਤੀ ਗਈ। ਹੋਰ ਕਈ ਤਰ੍ਹਾਂ ਦੇ ਜਾਲ ਸਿੱਟੇ ਜਾਂਦੇ ਹਨ, ਢੌਂਗ ਰਚੇ ਜਾਂਦੇ ਹਨ। ਮੈਂ ਨਹੀਂ ਸਮਝਦਾ ਕਿ ਗੌਰਮਿੰਟ ਸਮਝੇ ਕਿ ਉਦਾਸੀ ਨੂੰ ਅਸੀਂ ਸਨਮਾਨਿਤ ਕਰਨਾ ਹੈ। ਜੇ ਗੌਰਮਿੰਟ ਮੈਨੂੰ ਸਨਮਾਨਿਤ ਕਰੇ ਵੀ ਤਾਂ ਫੇਰ ਮੈਂ ਵੀ ਦੇਖਣਾ ਹੈ ਕਿ ਮੈਂ ਇਤਿਹਾਸ ਵਿੱਚ ਕੀ ਰੋਲ ਨਿਭਾ ਰਿਹਾ ਹਾਂ। ਕਿਰਤੀ ਜਾਂ ਲੋਕ ਕਵਿਤਾ ਲਿਖਦਿਆਂ ਮੇਰਾ ਕੀ ਫਰਜ਼ ਹੈ ਕਿ ਮੈਂ ਇਹ ਇਨਾਮ ਲਵਾਂ ਜਾਂ ਨਾ ਲਵਾਂ। ਮੈਂ ਨਹੀਂ ਸਮਝਦਾ ਕਿ ਮੈਂ ਸਰਕਾਰ ਦਾ ਇਨਾਮ ਲੈਣ ਦੇ ਯੋਗ ਹਾਂ।

ਸਾਧੂ ਬਿਨਿੰਗ: ਪੰਜਾਬੀ ਜਾਂ ਹੋਰ ਜ਼ਬਾਨਾਂ ਦੇ ਉਹ ਕਿਹੜੇ ਲੇਖਕ ਹਨ ਜਿਨ੍ਹਾਂ ਕੋਲੋਂ ਤੁਹਾਨੂੰ ਕੋਈ ਸੇਧ ਮਿਲੀ ਹੈ ਜਿਹੜੀ ਤੁਹਾਡੀ ਕਵਿਤਾ ਵਿੱਚ ਜ਼ਾਹਿਰ ਹੋ ਰਹੀ ਹੈ?

ਸੰਤ ਰਾਮ ਉਦਾਸੀ: ਪੰਜਾਬੀ ਦੇ ਪਹਿਲੇ ਲੇਖਕ ਜਿਹੜੇ ਮੈਂ ਪੜ੍ਹੇ ਉਹ ਹਨ ਜਸਵੰਤ ਸਿੰਘ ਕੰਵਲ ਅਤੇ ਉਹਨਾਂ ਦੀ ਪਹਿਲੀ ਰਚਨਾ "ਰਾਤ ਬਾਕੀ ਹੈ" ਪੜ੍ਹੀ ਸੀ। ਹੋਰ ਬਹੁਤ ਸਾਰੀਆਂ ਉਹਨਾਂ ਦੀਆਂ ਰਚਨਾ ਜਿਵੇਂ ਰੂਪਧਾਰਾ, ਪੂਰਨਮਾਸ਼ੀ ਵਗੈਰਾ ਪੜ੍ਹੀਆਂ ਹਨ। ਸੰਤ ਸਿੰਘ ਸੇਖੋਂ ਦੀ ਕਹਾਣੀ ਮੈਂ ਪੜ੍ਹਦਾ ਹੁੰਦਾ ਸੀ "ਪੇਮੀ ਦੇ ਨਿਆਣੇ" ਵਗੈਰਾ ਤੇ ਸੰਤੋਖ ਸਿੰਘ ਧੀਰ ਦੀ "ਸਵੇਰ ਹੋਣ ਤੱਕ"। ਉਹਦੇ ਵਿੱਚ ਸਾਨੂੰ ਕਿਸਾਨ ਦੀ ਜ਼ਿਦਗੀ ਦੇ ਰੁਝਾਨ ਦਾ ਪਤਾ ਲਗਦਾ ਹੈ। ਬਹੁਤਾ ਜਿਹਨੇ ਮੈਨੂੰ ਪ੍ਰਭਾਵਿਤ ਕੀਤਾ ਹੈ ਉਹ ਹੈ ਜੂਲੀਅਸ ਫਿਊਚਕ ਦਾ "ਫਾਂਸੀ ਦੇ ਤਖਤੇ ਤੋਂ", ਵਾਂਦਾ ਵਾਸੀ ਲੂਸਕਾ ਦਾ "ਸਤਰੰਗੀ ਪੀਂਘ", "ਸੂਰਮੇ ਦੀ ਸਿਰਜਨਾ", "ਭਾਂਜ", "ਨਵੀਂ ਧਰਤੀ ਨਵੇਂ ਸਿਆੜ" ਆਦਿ। ਸ਼ੋਲੋਕੋਵ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਹੈ। ਜੂਲੀਅਸ ਫਿਊਚਕ ਨੇ ਤਾਂ ਬਹੁਤ ਹੀ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਮੈਂ

ਕਹਿੰਦਾ ਹਾਂ ਕਿ ਜੇ ਮੈਨੂੰ ਸਿਆਸਤ ਵਿੱਚ ਲੋਕ ਪਿਆਰ ਦਾ "ੳ" ਪੜਾਇਆ ਹੈ ਤਾਂ ਉਹ ਜੂਲੀਅਸ ਫਿਊਚਕ ਹੀ ਹੈ। ਬਾਕੀ ਇਹ ਹੀ ਗੱਲ ਨਹੀਂ, ਸਾਡਾ ਆਪਣਾ ਇਤਿਹਾਸ ਜਿਵੇਂ ਬੱਬਰ ਅਕਾਲੀਆਂ ਦਾ ਇਤਿਹਾਸ, ਸਿੱਖ ਮੋਰਚਿਆਂ ਦਾ ਇਤਿਹਾਸ ਜਾਂ ਗੁਰੂ ਗੋਬਿੰਦ ਸਿੰਘ ਦਾ ਇਤਿਹਾਸ ਹੈ। ਉਸ ਇਤਿਹਾਸ ਨੇ ਮੈਨੂੰ ਬੜਾ ਕੁੱਝ ਸਿਖਾਇਆ। ਜਿੰਨਾ ਕੁੱਝ ਇਤਿਹਾਸਕ ਤੌਰ 'ਤੇ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜਾਂ ਬੰਦਾ ਬਹਾਦਰ ਨੇ ਸਿਖਾਇਆ ਹੈ ਜਾਂ ਮੈਂ ਸਿੱਖਿਆ ਹੈ ਉਤਨਾ ਕੁੱਝ ਹੀ ਮੈਂ ਪੜ੍ਹ ਕੇ ਜਿਹੜਾ ਬਾਹਰਲਾ ਇਤਿਹਾਸ ਹੈ ਉਸ ਬਾਰੇ ਸਿੱਖਿਆ ਹੈ। ਜਿਸ ਵਿੱਚ ਵੀਅਤਨਾਮ ਦਾ ਤੇ ਕੰਪੂਚੀਆ ਦਾ ਹਿੱਸਾ ਵੀ ਹੈ। ਖਾਸ ਕਰਕੇ ਜਿਹੜੇ ਮੇਰੇ ਨੇੜੇ ਦੇ ਕਿਰਤੀ ਹਨ – ਉਹਨਾਂ ਨਾਲ ਹੁੰਦੇ ਜ਼ਬਰ ਬਾਰੇ ਮੈਂ ਜ਼ਿਆਦਾ ਪੜ੍ਹਿਆ ਹੈ। ਉਹਨਾਂ ਨੂੰ ਨੇੜੇ ਹੋ ਕੇ ਘੋਖਿਆ ਹੈ। ਹੋਰ ਜਿਹੜਾ ਆਪਣਾ ਸਾਹਿਤਕ ਅਤੇ ਸਭਿਆਚਾਰਕ ਇਤਿਹਾਸ ਹੈ ਉਸ ਨੂੰ ਵੀ ਮੈਂ ਪੜ੍ਹਿਆ ਹੈ। ਗਦਰ ਪਾਰਟੀ ਦਾ ਇਤਿਹਾਸ, ਇਹ ਕਿਸੇ ਬੰਦੇ ਲਈ ਇਤਿਹਾਸਕ ਦੇਣ ਹੁੰਦੀ ਹੈ। ਤੇ ਇਹ ਮੇਰੇ ਵਿੱਚ ਵੀ ਹੈ।

ਸਾਧੂ ਬਿਨਿੰਗ: ਅੱਜ ਦੇ ਪੰਜਾਬੀ ਲਿਖਾਰੀਆਂ ਵਿੱਚ ਸਿਆਸੀ ਚੇਤਨਾ ਕਿੰਨੀ ਕੁ ਹੈ?

ਸੰਤ ਰਾਮ ਉਦਾਸੀ: ਦੇਖੋ, ਇਹਦੇ ਵਿੱਚ ਇਕ ਫਰਕ ਹੁੰਦਾ ਹੈ। ਹਰ ਇਕ ਬੰਦਾ ਕਿਸੇ ਨਾ ਕਿਸੇ ਜਮਾਤ ਦਾ ਲਿਖਾਰੀ ਹੁੰਦਾ ਹੈ। ਹਰ ਇਕ ਬੰਦਾ ਕਿਸੇ ਨਾ ਕਿਸੇ ਜਮਾਤ ਨੂੰ ਰੀਪਰਜੈਂਟ ਕਰਦਾ ਹੁੰਦਾ ਹੈ ਤੇ ਉਸ ਦਾ ਨੁਮਾਇੰਦਾ ਹੁੰਦਾ ਹੈ। ਹੁਣ ਇਹ ਜ਼ਰੂਰੀ ਨਹੀਂ ਕਿ ਸਾਰੇ ਲਿਖਾਰੀ ਇਹ ਸਮਝਦੇ ਹੋਣ ਕਿ ਅਸੀਂ ਫਲਾਣੀ ਜਮਾਤ ਦੇ ਲਿਖਾਰੀ ਹਾਂ ਜਾਂ ਸਾਡੀ ਕਵਿਤਾ ਫਲਾਣੀ ਜਮਾਤ ਨੂੰ ਰੀਪਰਜੈਂਟ ਕਰਦੀ ਹੈ। ਪਰ ਆਮ ਤੌਰ 'ਤੇ ਮੈਂ ਦੇਖਿਆ ਹੈ ਮੇਰੇ ਜੀਵਨ ਵਿੱਚ ਜਾਂ ਜਿਥੋਂ ਤੱਕ ਮੈਂ ਸਾਹਿਤਕ ਤੇ ਸਿਧਾਂਤਕ ਤੌਰ 'ਤੇ ਸਿੱਖ ਸਕਿਆਂ ਹਾਂ ਕਿ ਬਹੁਤੇ ਲਿਖਾਰੀ ਇਸ਼ਕ ਮੁਸ਼ਕ ਬਾਰੇ ਲਿਖਦੇ ਹਨ। ਇਹੋ ਜਿਹਾ ਲਿਖਣ ਨਾਲ ਉਹ ਲੁਟੇਰੀ ਜਮਾਤ ਦੀ ਸੇਵਾ ਕਰ ਰਹੇ ਹਨ ਤੇ ਰੱਜਵੀਂ ਕਰ ਰਹੇ ਹਨ। ਜਿਹੜੇ ਕੋਈ ਲੋਕ ਹੱਕਾਂ ਦੀਆਂ ਗੱਲਾਂ, ਲੋਕਾਂ ਦੇ ਦਰਦ ਵਿੱਚ ਉਹਨਾਂ ਦੀਆਂ ਵਕਤੀ ਮੰਗਾਂ ਨੂੰ ਲੈ ਕੇ ਉਹਨਾਂ ਨੂੰ ਜਥੇਬੰਦ ਕਰਦੇ ਹਨ ਜਾਂ ਕਰਨ ਦੀ ਕੋਸ਼ਿਸ਼ ਕਰਦੇ ਹਨ – ਉਹ ਲੋਕ ਪੱਖੀ ਹਨ। ਜਿਵੇਂ ਦੋਨੋ ਪ੍ਰਕਾਰ ਦੇ ਲੋਕ ਮੇਰੇ ਜੀਵਨ ਵਿੱਚ ਆਏ ਹਨ। ਪਰ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਚਾਹੇ ਕੋਈ ਲਿਖਾਰੀ ਹੈ ਚਾਹੇ ਕੋਈ ਬੁਲਾਰਾ ਹੈ ਉਹ ਕਿਸੇ ਖਾਸ ਜਮਾਤ ਦੀ ਨੁਮਾਇੰਦਗੀ ਕਰਦਾ ਹੁੰਦਾ ਹੈ। ਕੋਈ ਵੀ ਬੰਦਾ ਇਹ ਨਹੀਂ ਕਹਿ ਸਕਦਾ ਕਿ ਮੈਂ ਨਿਰਪੱਖ ਹਾਂ। ਉਹ ਕਿਸੇ ਨਾ ਕਿਸੇ ਸਿਆਸਤ ਨਾਲ ਬੱਝਾ ਹੁੰਦਾ ਹੈ।

ਸਾਧੂ ਬਿਨਿੰਗ: ਭਾਰਤ ਤੋਂ ਬਾਹਰ ਵਸਦੇ ਪੰਜਾਬੀ ਲਿਖਾਰੀਆਂ ਬਾਰੇ ਤੁਹਾਡਾ ਕੀ ਵਿਚਾਰ ਹੈ?

ਸੰਤ ਰਾਮ ਉਦਾਸੀ: ਮੈਂ ਤਾਂ ਇਹੀ ਕਹੂੰਗਾ ਕਿ ਜਿੱਥੇ ਵੀ ਲੁਟੇਰੀਆਂ ਜਮਾਤਾਂ ਵਸਦੀਆਂ ਹਨ ਉੱਥੇ ਉਹ ਲੁੱਟੇ ਜਾਣ ਵਾਲੇ ਲੋਕਾਂ ਦੇ ਸਿਰ 'ਤੇ ਹੀ ਜਿਉਂਦੀਆਂ ਰਹਿ ਸਕਦੀਆਂ ਹਨ। ਮੇਰਾ ਖਿਆਲ ਹੈ ਜਿੱਥੇ ਵੀ ਹਿੰਦੁਸਤਾਨੀ ਬਾਹਰ ਰਹਿੰਦੇ ਹਨ ਜਿਵੇਂ ਅਮਰੀਕਾ, ਕਨੇਡਾ ਤੇ ਹੋਰ ਥਾਂ, ਉੱਥੇ ਵੀ ਲੁਟੇਰੀਆਂ ਜਮਾਤਾਂ ਬੈਠੀਆਂ ਹਨ। ਉੱਥੇ ਲੇਖਕਾਂ ਨੂੰ ਉਥੋਂ ਦੀਆਂ ਅਵਾਸੀ ਜਥੇਬੰਦੀਆਂ ਮੁਤਾਬਕ ਲਿਖਣਾ ਚਾਹੀਦਾ ਹੈ ਤੇ ਉਹਨਾਂ ਵਿੱਚ ਰਹਿ ਕੇ ਉਹਨਾਂ ਦੀਆਂ ਸਮੱਸਿਆਵਾਂ ਦੇ ਨਾਲ ਇਕ ਮਿੱਕ ਹੋਣਾ ਚਾਹੀਦਾ ਹੈ। ਨਾਲ ਦੀ ਨਾਲ ਜਿਹੜਾ ਉਹਨਾਂ ਦਾ ਪਿਛੋਕੜ ਹੈ, ਜਿਸ ਸਭਿਆਚਾਰ 'ਤੇ ਉਹ ਉਸਰੇ ਨੇ, ਜਿਸ ਸਭਿਆਚਾਰ ਦਾ ਪ੍ਰਭਾਵ ਉਹਨਾਂ ਦੇ ਮਨ 'ਤੇ ਸਦਾ ਰਹਿੰਦਾ ਹੈ, ਜਿਸ ਧਰਤੀ ਦਾ ਜਿਸ ਦੇਸ ਦਾ ਅੰਨ ਪਾਣੀ ਉਹਨਾਂ ਦੀਆਂ ਰਗਾਂ ਦੇ ਵਿੱਚ ਖੌਲਦਾ ਹੈ ਉਹ ਕਦੇ ਨਹੀਂ ਭੁੱਲਣਗੇ। ਤੇ ਉਹਨਾਂ ਲੋਕਾਂ ਨਾਲ ਵੀ ਉਹਨਾਂ ਨੂੰ ਸਾਂਝ ਰੱਖਣੀ ਚਾਹੀਦੀ ਹੈ। ਉਚੇਚੇ ਤੌਰ 'ਤੇ ਮੈਂ ਤੁਹਾਨੂੰ ਉਦਾਹਰਣਾਂ ਦਿੰਦਾ ਹਾਂ। ਜਿਸ ਤਰ੍ਹਾਂ ਫਰਜ਼ ਕਰ ਲਉ ਬਈ "ਵੰਗਾਰ" ਹੈ। "ਵੰਗਾਰ" ਆਪਣੇ ਹਿੰਦੁਸਤਾਨ ਦੇ ਲੋਕਾਂ ਲਈ ਕਿੰਨਾਂ ਵਧੀਆ ਲਿਖਦਾ ਹੈ। ਸਭ ਤੋਂ ਪਹਿਲਾਂ 'ਵਤਨੋਂ ਦੂਰ' ਸੀ। ਵਤਨੋਂ ਦੂਰ ਆ ਕੇ ਵੀ ਜਿੰਨੇ ਲੋਕ ਇਥੇ "ਵਤਨੋਂ ਦੂਰ" ਦੇ ਵਿੱਚ ਛਪਦੇ ਨੇ, ਕਿੰਨਾ ਵਧੀਆ ਉਹਨਾਂ ਦਾ ਪ੍ਰਭਾਵ ਹੈ। ਆਪਣੀ ਸੁਸਾਇਟੀ ਨੂੰ ਉਹ ਕਦੇ ਨਹੀਂ ਭੁੱਲੇ। ਹਮੇਸ਼ਾ ਆਪਣੇ ਦੇਸ਼ ਦਾ ਮੋਹ ਡੁੱਲ ਡੁੱਲ ਪੈਂਦਾ ਹੈ – ਉਹਨਾਂ ਦੀਆਂ ਰਚਨਾਵਾਂ ਚੋਂ। ਨਾਲ ਦੀ ਨਾਲ ਜਿੱਥੇ ਉਹ ਆਪਣੇ ਦੇਸ਼ ਨੂੰ ਯਾਦ ਰੱਖਣ ਉੱਥੇ ਜਿਹੜੇ ਦੇਸ਼ ਵਿੱਚ ਵੀ ਉਹ ਰਹਿੰਦੇ ਨੇ ਉਸ ਦੇਸ਼ ਦੀ ਕਾਮਾ ਸ਼੍ਰੇਣੀ ਨਾਲ ਉਹਨਾਂ ਨੂੰ ਜ਼ਰੂਰ ਮਿਲ ਕੇ ਰਹਿਣਾ ਚਾਹੀਦਾ ਹੈ। ਇਹ ਮੇਰੀ ਉਹਨਾਂ ਨੂੰ ਇਕ ਅਪੀਲ ਹੈ। ਮੈਂ ਸਮਝਦਾ ਹਾਂ ਪਈ ਮੇਰੇ ਜਿਹੜੇ ਬਾਹਰ ਰਹਿੰਦੇ ਲਿਖਾਰੀ ਵੀਰ ਨੇ ਉਹਨਾਂ ਨੇ ਇਸ ਗੱਲ ਨੂੰ ਕਿਸੇ ਹੱਦ ਤੱਕ ਨੇਪਰੇ ਵੀ ਚਾੜਿਆ ਹੈ ਤੇ ਖਾਸ ਤੌਰ 'ਤੇ ਮੈਨੂੰ ਪ੍ਰਭਾਵਿਤ ਕੀਤਾ ਹੈ। ਮੇਰੀ ਬਦਕਿਸਮਤੀ ਰਹੀ ਹੈ ਕਿ ਮੈਂ ਉਹਨਾਂ ਲੋਕਾਂ ਨਾਲ ਆਪਣੀ ਕਵਿਤਾ ਰਾਹੀਂ ਸਿੱਧੇ ਤੌਰ 'ਤੇ ਨਹੀਂ ਜੁੜ ਸਕਿਆ। "ਵਤਨੋਂ ਦੂਰ" ਵਿੱਚ ਮੇਰੀਆਂ ਕਵਿਤਾਵਾਂ ਆਉਂਦੀਆਂ ਵੀ ਰਹੀਆਂ ਹਨ ਤੇ ਮੈਂ ਪ੍ਰਭਾਵਿਤ ਵੀ ਬਹੁਤ ਹਾਂ ਇਸ ਰਸਾਲੇ ਤੋਂ।

ਸਾਧੂ ਬਿਨਿੰਗ: ਪਿਛਲੇ ਦਹਾਕੇ ਵਿੱਚ ਪੰਜਾਬੀ ਸਾਹਿਤ ਵਿੱਚ ਬਹੁਤ ਕੁੱਝ ਅਗਾਂਹ-ਵਧੂ ਵਾਪਰਿਆ ਹੈ। ਕੀ ਪੰਜਾਬੀ ਪੱਤਰਕਾਰੀ ਵਿੱਚ ਵੀ ਕੋਈ ਇਹੋ ਜਿਹੀ ਤਬਦੀਲੀ ਆਈ ਹੈ?

ਸੰਤ ਰਾਮ ਉਦਾਸੀ: ਜਦੋਂ ਲੋਕ ਜਥੇਬੋਦੀਆਂ ਅੱਗੇ ਵਧਦੀਆਂ ਹਨ, ਤਾਂ ਜੇ ਉਹਨਾਂ ਦੀ ਸ਼ਕਤੀ ਸਿਰਫ ਇਕ ਪਾਸੜ ਹੋਵੇ ਜਿਵੇਂ ਸਿਰਫ ਕਵਿਤਾ ਹੀ। ਤਾਂ ਮੈਂ ਸਮਝਦਾ ਹਾਂ ਕਿ ਉਹ ਪੂਰੀ ਨਹੀਂ। ਜਦੋਂ ਸਾਰਿਆਂ ਪਾਸਿਆਂ ਤੋਂ ਜਾਣੀ ਕਿ ਸਰਵ-ਪੱਖੀ ਵਿਕਾਸ ਹੁੰਦਾ ਹੈ ਤਾਂ ਜ਼ਿਆਦਾ ਠੀਕ ਹੁੰਦਾ ਹੈ। ਸੋ ਜਿੱਥੇ ਪੰਜਾਬੀ ਕਵਿਤਾ ਨੇ ਵਿਕਾਸ ਕੀਤਾ ਹੈ ਉਹਦੇ ਨਾਲ ਨਾਲ ਪੰਜਾਬੀ ਲੋਕਮੰਚ ਨੇ ਵੀ ਬਹੁਤ ਵਿਕਾਸ ਕੀਤਾ ਹੈ। ਅੱਗੇ ਪਿੰਡਾਂ ਵਿੱਚ ਨਾਟਕਾਂ ਨੂੰ ਕੋਈ ਕੁੱਝ ਸਮਝਦਾ ਈ ਨਹੀਂ ਸੀ ਹੁੰਦਾ। ਹੁਣ ਪਿੰਡ ਪਿੰਡ ਵਿੱਚ ਇਹ ਮੰਗ ਹੁੰਦੀ ਹੈ ਕਿ ਸਾਡੇ ਪਿੰਡ ਨਾਟਕ ਕਰੋ, ਸਾਡੇ ਪਿੰਡ ਇਹੋ ਜਿਹਾ ਨਾਟਕ ਕਰੋ। ਪਹਿਲਾਂ ਪਿੰਡਾਂ 'ਚ ਜਾਂ ਨਚਾਰ ਆਉਂਦੇ ਸੀ ਜਾਂ ਨਕਲੀਏ ਜਾਂ ਰਾਸ ਤੇ ਰਾਮ ਲੀਲਾ ਕਰਨ ਵਾਲੇ ਆਉਂਦੇ ਸੀ। ਹਾਂ, ਅੱਜ ਗੱਲ ਵੱਖਰੀ ਹੈ। ਪਿੰਡ ਪਿੰਡ ਕਿਰਤੀ ਕਿਸਾਨ ਸਭਾਵਾਂ ਬਣੀਆਂ ਹੋਈਆਂ ਹਨ। ਡਰਾਮਾ ਪਾਰਟੀਆਂ ਹਨ। ਸਭਿਆਚਾਰਕ ਕੇਂਦਰ ਬਣੇ ਹੋਏ ਹਨ। ਉਹਨਾਂ ਦੀ ਇਹ ਵੱਡੀ ਮੰਗ ਹੁੰਦੀ ਹੈ ਕਿ ਉਹ ਆ ਕੇ ਚੰਗੇ ਡਰਾਮੇ ਦੇਖਣ ਤੇ ਚੰਗੀਆਂ ਕਵਿਤਾਵਾਂ ਸੁਣਨ। ਇਹਦੇ ਨਾਲ ਪੱਤਰਕਾਰੀ ਦੀ ਵੀ ਇਹੋ ਗੱਲ ਹੈ। ਸੋ ਪੰਜਾਬੀ ਵਿੱਚ ਜਾਂ ਬਾਕੀ ਹਿੰਦੁਸਤਾਨ ਦੇ ਹਿੱਸਿਆਂ ਵਿੱਚ ਵੀ (ਪਰ ਮੈਨੂੰ ਤਾਂ ਪੰਜਾਬੀ ਬਾਰੇ ਜ਼ਿਆਦਾ ਪਤਾ ਹੈ) ਤਕਰੀਬਨ ਦਸ ਤੋਂ ਵੱਧ ਰਸਾਲੇ ਇਹੋ ਜਿਹੇ ਛਪਦੇ ਹਨ ਜਿਹੜੇ ਲੋਕਪੱਖੀ ਗੱਲਾਂ ਨੂੰ ਅੱਗੇ ਲਿਆਂਉਦੇ ਹਨ। ਮੈਂ ਇਹ ਸਮਝਦਾ ਹਾਂ ਕਿ ਪੱਤਰਕਾਰੀ ਦੇ ਮੋੜ ਵਿੱਚ ਇਥੋਂ ਤਕ ਵਾਧਾ ਹੋਇਆ ਕਿ ਜਿਹੜੇ ਬੁਰਜਆ ਅਦਾਰੇ ਨੇ ਪੱਤਰਕਾਰੀ ਦੇ, ਉਹਨਾਂ ਨੂੰ ਵੀ ਮਜਬੂਰਨ ਲੋਕਾਂ ਦੀਆਂ ਗੱਲਾਂ ਜਾਂ ਲੋਕਾਂ ਦੀਆਂ ਰਿਪੋਰਟਾਂ ਪੇਸ਼ ਕਰਨੀਆਂ ਪੈਂਦੀਆਂ ਹਨ ਕਿਉਂਕਿ ਉਹਨਾਂ ਨੂੰ ਡਰ ਹੁੰਦਾ ਹੈ ਕਿ ਕਿਤੇ ਲੋਕਪੱਖੀ ਪੱਤਰਕਾਰ ਹੀ ਬਾਜੀ ਨਾ ਲੈ ਜਾਣ, ਸੋ ਉਹਨਾਂ ਨੂੰ ਜਨਤਕ ਉਭਾਰ ਦੇ ਦਬਾਅ ਥੱਲੇ ਮਜਬੂਰਨ ਲੋਕਪੱਖੀ ਗੱਲਾਂ ਕਰਨੀਆਂ ਪੈਂਦੀਆਂ ਹਨ। ਸੋ ਇਹ ਸਭ ਲੋਕਪੱਖੀ ਪੱਤਰਕਾਰੀ ਦੇ ਮੈਦਾਨ ਵਿੱਚ ਆਉਣ ਕਰਕੇ ਹੀ ਹੋਇਆ ਹੈ।

ਸਾਧੂ ਬਿਨਿੰਗ: ਹਿੰਦੁਸਤਾਨ ਦੀਆਂ ਹੋਰ ਬੋਲੀਆਂ ਦੇ ਸਾਹਿਤ ਵਿੱਚ ਅੱਜ ਕੱਲ ਕਿਸ ਕਿਸਮ ਦੇ ਸਾਹਿਤ ਦਾ ਬੋਲ ਬਾਲਾ ਹੈ?

ਸੰਤ ਰਾਮ ਉਦਾਸੀ: ਮੈਂ ਇਸੇ ਜਨਵਰੀ ਵਿੱਚ ਕਲਕੱਤੇ ਗਿਆਂ ਸਾਂ। ਕਲਕੱਤੇ ਮੇਰੇ ਸਨਮਾਨ ਵਿੱਚ ਤਕਰੀਬਨ ਬੰਗਾਲੀ, ਮਰਾਠੀ, ਪੰਜਾਬੀ ਤੇ ਹਿੰਦੀ ਲਿਖਾਰੀ ਜ਼ਿਆਦਾ ਆਏ ਸਨ। ਬੇਸ਼ਕ ਕਈਆਂ ਲਿਖਾਰੀਆਂ ਦੀ ਗੱਲ ਮੈਨੂੰ ਸਿੱਧੇ ਤੌਰ 'ਤੇ ਸਮਝ ਨਹੀਂ ਆਈ ਪਰ ਆਮ ਤੌਰ 'ਤੇ ਬੰਗਾਲੀ ਤੇ ਹਿੰਦੀ ਦੇ ਲਿਖਾਰੀਆਂ ਦੁਆਰਾ ਬਹੁਤ ਪ੍ਰਭਾਵਸ਼ਾਲੀ ਕਵਿਤਾਵਾਂ ਪੜ੍ਹੀਆਂ ਗਈਆਂ ਤੇ ਲੈਕਚਰ ਅਤੇ ਗੀਤ ਪੇਸ਼ ਕੀਤੇ ਗਏ। ਮੈ ਸਮਝਦਾ ਹਾਂ ਕਿ ਕੱਲੇ ਪੰਜਾਬ ਵਿੱਚ ਹੀ ਨਹੀਂ, ਪੰਜਾਬ ਤਾਂ ਸਗੋਂ ਲੋਕਪੱਖੀ ਕਵਿਤਾ ਵਿੱਚ ਬਹੁਤ ਪਛੜਿਆ ਹੋਇਆ ਹੈ। ਜਿੰਨਾ ਅੱਗੇ-ਵਧੂ ਬੰਗਾਲ, ਆਂਧਰਾ, ਬਿਹਾਰ ਜਾਂ ਉੱਤਰ ਪ੍ਰਦੇਸ਼ ਹੈ ਉਤਨਾ ਪੰਜਾਬ ਨਹੀਂ। ਉਤਰ ਪ੍ਰਦੇਸ਼ ਵਿੱਚ ਲਖਨਊ ਦੇ ਦੋ ਤਿੰਨ ਲੇਖਕ, ਉਹਨਾਂ ਦੇ ਨਾਂ ਤਾਂ ਮੈਨੂੰ ਯਾਦ ਨਹੀਂ ਪਰ ਉਹਨਾਂ ਨੇ ਬਹੁਤ ਹੀ ਵਧੀਆ ਪ੍ਰਭਾਵ ਦਿੱਤਾ। ਜਾਣੀ ਸਮੁੱਚੇ ਹਿੰਦੁਸਤਾਨ ਦੇ ਵਿੱਚ ਅੱਗੇ-ਵਧੂ ਲਹਿਰ ਦੇ ਲੇਖਕ ਹਨ ਤੇ ਉਹ ਦਿਨੋ ਦਿਨ ਅੱਗੇ ਵੱਧ ਰਹੇ ਹਨ ਅਤੇ ਲੋਕ ਪੱਖੀ ਰਚਨਾਵਾਂ ਕਰ ਰਹੇ ਹਨ।

ਸਾਧੂ ਬਿਨਿੰਗ: ਤੁਸੀਂ ਹੁਣ ਤੱਕ ਕਿੰਨੀ ਵਾਰ ਜ੍ਹੇਲ ਜਾ ਚੁੱਕੇ ਹੋ? ਆਪਣੇ ਜੇਲ੍ਹ ਜੀਵਨ ਬਾਰੇ ਤੇ ਤੁਹਾਡੇ ਉਤੇ ਹੋਏ ਜਿਸਮਾਨੀ ਅਤਿਆਚਾਰਾਂ ਬਾਰੇ ਸਾਨੂੰ ਕੁੱਝ ਦੱਸੋ?

ਸੰਤ ਰਾਮ ਉਦਾਸੀ: ਸਭ ਤੋਂ ਪਹਿਲਾਂ ਮੈਨੂੰ ਜਨਵਰੀ 1971 ਵਿੱਚ ਫੜਿਆ ਗਿਆ ਸੀ। ਉਸ ਵਕਤ ਲਗਾਤਾਰ ਮੈਨੂੰ ਅਠੱਤੀ ਦਿਨ ਇੰਟੈਰੋਗੇਸ਼ਨ ਵਿੱਚ ਰੱਖਿਆ ਗਿਆ ਸੀ। ਉੱਥੇ ਉਚੇਚੇ ਤੌਰ 'ਤੇ ਜਿਹੜਾ ਮੈਨੂੰ ਹੁਣ ਤਕ ਵੀ ਮਹਿਸੂਸ ਹੁੰਦਾ ਹੈ – ਉਹ ਇਕ ਤਾਂ ਜੋੜਾਂ ਦਾ ਦਰਦ ਜ਼ਿਆਦਾ ਹੈ। ਇਕ ਜਿਹੜਾ ਉਹਨਾਂ ਨੇ ਮੇਰਾ ਸਿਰ ਜ਼ਿਆਦਾ ਘੁੱਟਿਆ। ਜਿਹੜਾ ਨਰਵ ਸਿਸਟਮ ਧੌਣ ਉਪਰੋਂ ਮਸਲਿਆ ਘੋਟਣਾ ਧਰ ਕੇ, ਉਹਦਾ ਮੇਰੇ ਤੇ ਜ਼ਿਆਦਾ ਅਸਰ ਹੋਇਆ। ਉਸ ਨਾਲ ਮੇਰੀ ਨਜ਼ਰ ਤੇ ਬਹੁਤ ਮਾਰੂ ਅਸਰ ਹੋਇਆ ਹੈ ਤੇ ਮੇਰੀ ਸੁਣਨ ਸ਼ਕਤੀ ਤੇ ਵੀ ਕਾਫੀ ਪ੍ਰਭਾਵ ਪਿਆ। ਇੱਥੋਂ ਤੱਕ ਕਿ ਮੈਂ ਹੁਣ ਘਬਰਾਉਂਦਾ ਬਹੁਤ ਛੇਤੀ ਹਾਂ। ਮੈਨੂੰ ਗੁੱਸਾ ਬੜੀ ਛੇਤੀ ਚੜ੍ਹ ਜਾਂਦਾ ਹੈ। ਮਾੜੇ ਜਿਹੇ ਕੰਮ ਬਾਅਦ ਮੈਨੂੰ ਥਕੇਵਾਂ ਹੋ ਜਾਂਦਾ ਹੈ। ਉਹਦੇ ਨਾਲ ਕਈ ਕਿਸਮ ਦੇ ਅਸਰ ਹੋਏ ਹਨ ਮੇਰੀ ਸਿਹਤ 'ਤੇ। ਮੇਰੀ ਇਕ ਅੱਖ ਤਾਂ ਬਿਲਕੁੱਲ ਕੰਮ ਨਹੀਂ ਕਰਦੀ। ਮੈਂ ਜ਼ਿੰਦਗੀ ਵਿੱਚ ਤਿੰਨ ਵਾਰ ਬਲਾਇੰਡ ਹੋ ਚੁੱਕਾ ਹਾਂ। ਇਕ ਵਾਰ 1973 ਦੇ ਵਿੱਚ ਪੂਰੀ ਤਰ੍ਹਾਂ। ਉਸ ਵਕਤ ਕਲਕੱਤੇ ਵਾਲੇ ਸਾਥੀਆਂ ਨੇ ਬਹੁਤ ਖਰਚ ਕਰਕੇ ਦੁਨੀਆਂ ਪੱਧਰ ਦੇ ਡਾਕਟਰਾਂ ਕੋਲੋ ਮੇਰਾ ਇਲਾਜ ਕਰਵਾਇਆ। ਉਸ ਤੋਂ ਬਾਅਦ 29 ਜੁਲਾਈ 1977 ਨੂੰ ਮੈਂ ਬਲਾਇੰਡ ਹੋਇਆ, ਬਾਬਾ ਬੂਝਾ

ਸਿੰਘ ਦੀ ਬਰਸੀ ਤੋਂ ਮਗਰੋਂ। ਉਸ ਤੋਂ ਬਾਅਦ ਬੀ. ਜੀ. ਹਸਪਤਾਲ ਦੇ ਸਿਆਣੇ ਡਾਕਟਰਾਂ ਨੇ ਮੇਰਾ ਇਲਾਜ ਕੀਤਾ। ਜ਼ਿਆਦਾ ਟੈਨਸ਼ਨ ਰਹਿਣ ਨਾਲ ਜਾਂ ਬੋਲਣ ਨਾਲ ਜਾਂ ਉਨੀਂਦਰੇ ਨਾਲ ਦਿਮਾਗ 'ਤੇ ਸੋਜ ਹੋ ਜਾਂਦੀ ਹੈ। ਫੇਰ 9 ਸਤੰਬਰ ਨੂੰ ਟੋਟਲੀ ਬਲਾਇੰਡ ਹੋ ਗਿਆ ਸੀ ਤੇ ਡਾਕਟਰਾਂ ਨੇ ਹੈਰਾਨ ਹੋ ਕੇ ਕਿਹਾ ਸੀ ਕਿ ਅਸੀਂ ਜੂਆ ਖੇਡ ਰਹੇ ਹਾਂ। ਪਤਾ ਨਹੀਂ ਉਸ ਵਿੱਚ ਸਾਡੀ ਜਿੱਤ ਹੋਵੇਗੀ ਕਿ ਹਾਰ ਹੋਵੇਗੀ। ਪਰ ਉਦੋਂ ਠੀਕ ਹੋ ਗਿਆ। ਅੱਸੀ ਨੱਬੇ ਟੀਕੇ ਅੱਖ ਵਿੱਚ ਲੱਗੇ। ਉਹਦੇ ਨਾਲ ਸੱਜੀ ਅੱਖ ਵਿੱਚ ਨਿਗਾਹ 6/24 ਹੈ ਤੇ ਖੱਬੀ ਅੱਖ ਬਿਲਕੁਲ ਬਲਾਇੰਡ ਹੈ। ਅੱਖ ਵਿੱਚ ਟੀਰ ਵੀ ਆ ਗਿਆ ਸੀ। ਉਹ ਫੇਰ ਓਪਰੇਸ਼ਨ ਕਰਕੇ ਸਿੱਧੀ ਕੀਤੀ। ਬਹੁਤੀ ਗੱਲ ਤਾਂ ਇਹ ਹੈ ਮੇਰੇ ਤਾਂਤ੍ਰਿਕ ਜਾਂ ਜਿਸ ਨੂੰ ਅਸੀਂ ਨਰਵ ਸਿਸਟਮ ਕਹਿੰਦੇ ਹਾਂ ਉਹਦੇ 'ਤੇ ਬਹੁਤ ਜ਼ਿਆਦਾ ਅਸਰ ਹੋਇਆ ਹੈ। ਕਿਸੇ ਵੀ ਇਕ ਕਿਸਮ ਦੇ ਮੌਸਮ ਵਿੱਚ ਬਹੁਤਾ ਚਿਰ ਨਹੀਂ ਠਹਿਰ ਸਕਦਾ। ਨਾ ਬਹੁਤੀ ਗਰਮੀ ਸਹੀ ਜਾਂਦੀ ਹੈ ਨਾ ਸਰਦੀ। ਨਾ ਜ਼ਿਆਦਾ ਉਚੀ ਅਵਾਜ਼ ਹੀ ਸਹੀ ਜਾਂਦੀ ਹੈ। ਜਦੋਂ ਮੈਂ ਗਾਉਣਾ ਹੁੰਦਾ ਹੈ ਤਾਂ ਲੋਕ ਵੱਡੀਆਂ ਵੱਡੀਆਂ ਆਸਾਂ ਲੈਕੇ ਸੁਣਨ ਆਉਂਦੇ ਹਨ ਤੇ ਉਹ ਬੜਾ ਚੰਗਾ ਪ੍ਰਭਾਵ ਵੀ ਲੈ ਕੇ ਜਾਂਦੇ ਹਨ। ਗਾਉਣ ਤੋਂ ਮੈਂ ਕਾਫੀ ਘਬਰਾਂਉਦਾ ਹਾਂ ਜਾਣੀ 'ਸਾਈਕਿਕ' ਹੋ ਜਾਂਦਾ ਹਾਂ। ਸਫਰ ਕਰਨ ਤੋਂ ਮੈਂ ਬਹੁਤ ਚਲਦਾ ਹਾਂ। ਮੈਨੂੰ ਆਮ ਤੌਰ 'ਤੇ 'ਜਰਨੀ ਫੀਵਰ' ਹੋ ਜਾਂਦਾ ਹੈ। ਇਹ ਹੀ ਗੱਲ ਨਹੀਂ ਕਿ ਮੈਨੂੰ ਇਕੱਲੇ ਨੂੰ ਹੀ ਇੰਟੈਰੋਗੇਟ ਕੀਤਾ ਗਿਆ ਬਲਕਿ ਮੇਰੇ ਬੱਚਿਆਂ ਨੂੰ ਵੀ। ਬੱਲੀ ਨੂੰ ਵੀ ਠਾਣੇ ਲਿਜਾ ਕੇ ਕੁੱਟਿਆ ਗਿਆ। ਐਮਰਜੈਂਸੀ ਤੋਂ ਪਹਿਲਾਂ ਮੈਨੂੰ ਚਾਰ ਵਾਰ ਅਰੈਸਟ ਕੀਤਾ ਗਿਆ ਸੀ। ਦਦਾਹੂਰ ਦੇ ਮਾਮਲੇ ਵਿੱਚ ਵੀ ਮੈਨੂੰ ਫੜਿਆ ਗਿਆ ਸੀ। ਪੰਦਰਾਂ ਸੋਲਾਂ ਦਿਨ ਲਗਾਤਾਰ ਇੰਟੈਰੋਗੇਟ ਕੀਤਾ ਗਿਆ। ਐਮਰਜੈਂਸੀ ਦੇ ਦੌਰਾਨ ਮੇਰੇ 'ਤੇ ਪੰਜ ਕੇਸ ਬਣਾਏ ਗਏ ਸੀ ਜਿਹਦੇ ਵਿੱਚ ਕਦੇ ਦੋ ਮਹੀਨੇ ਕਦੇ ਇਕ ਮਹੀਨਾ ਕਦੇ ਪੰਦਰਾਂ ਦਿਨ ਇਸ ਤਰ੍ਹਾਂ ਉਹਨਾਂ ਨੇ ਲਗਾਤਾਰ ਪੰਜ ਕੇਸਾਂ ਵਿੱਚ ਫਸਾਈ ਰੱਖਿਆ ਤੇ ਗਿਆਰਾਂ ਬਾਰਾਂ ਮਹੀਨੇ ਮੈਨੂੰ ਖਰਾਬ ਕੀਤਾ। ਅੱਜ ਤਾਂਈਂ ਦੋ ਵਾਰ ਨੌਕਰੀ ਤੋਂ ਮੁਅੱਤਲ ਹੋ ਚੁੱਕਿਆ ਹਾਂ। ਇਸ ਤਰ੍ਹਾਂ ਦੀ ਮੇਰੀ ਵਿਥਿਆ ਹੈ। ਬਾਕੀ ਜਿਹੜੀ ਗੱਲ ਹੈ ਪਈ ਮੈਨੂੰ ਟਾਰਚਰ ਕਿਸ ਤਰ੍ਹਾਂ ਕੀਤਾ ਗਿਆ ਇਹ ਤਾਂ ਪਰੈਕਟਿਸ ਵਿੱਚ ਹੀ ਪਤਾ ਲਗਦਾ। ਕਿਉਂਕਿ ਬੰਦਾ ਪੰਦਰਾਂ ਕੁ ਮਿੰਟ ਹੀ ਟਾਰਚਰ ਸਹਿ ਸਕਦਾ ਹੈ ਤੇ ਉਸ ਤੋਂ ਬਾਅਦ ਬੇਹੋਸ਼ ਹੋ ਜਾਂਦਾ ਹੈ ਤੇ ਬਾਅਦ ਵਿੱਚ ਉਹ ਪਤਾ ਨਹੀਂ ਕੀ ਕਰਦੇ ਆ ਤੇ ਕੀ ਨਹੀਂ ਕਰਦੇ। ਇਕ ਗੱਲ ਜਿਹੜੀ ਮੈਨੂੰ ਬਹੁਤ ਵਧੀਆ ਲੱਗੀ ਤੇ ਹਰ ਵੇਲੇ ਮੇਰੇ ਅੰਗ ਸੰਗ ਰਹੀ ਹੈ ਉਹ ਇਹ ਕਿ ਜਦੋਂ ਵੀ ਮੈਨੂੰ ਟਾਰਚਰ ਕਰਦੇ ਸੀ ਤਾਂ ਮੇਰਾ ਇਤਿਹਾਸ-ਉਹ ਇਤਿਹਾਸ ਜਿਸ ਨੂੰ ਮੇਰੇ ਲੋਕਾਂ ਨੇ ਆਰਿਆਂ ਨਾਲ ਚਰੀਕੇ, ਦੇਗਾਂ ਵਿੱਚ ਉਬਲਕੇ, ਤੱਤੀਆਂ ਤਵੀਆਂ 'ਤੇ ਬਹਿ ਕੇ ਤੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਗਲ੍ਹਾਂ 'ਚ ਹਾਰ ਪੁਆ ਕੇ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਤਸੀਹੇ ਸਹਿ ਕੇ ਸਿਦਕ ਨੂੰ ਕਾਇਮ ਰੱਖ ਕੇ ਚਿਤਰਿਆ ਹੈ - ਇਹ ਮੇਰੇ ਲਈ ਬਹੁਤ ਸਹਾਈ ਰਿਹਾ ਹੈ। ਕਿਉਂਕਿ ਮੈਂ 1971 ਤੋਂ ਪਹਿਲਾਂ ਧਾਰਮਿਕ ਹਿਸਟਰੀ ਨੂੰ ਗੁਰੂ ਗੋਬਿੰਦ ਸਿੰਘ ਦੇ ਜੀਵਨ ਬਾਰੇ ਜਾਂ ਜਿਹੜਾ ਸਾਡਾ ਸਮਾਜਕ ਪਿਛੋਕੜ ਸੀ ਉਹ ਸਭ ਪੜ੍ਹ ਚੁੱਕਿਆ ਸਾਂ। ਮੈਂ ਖੁਦ ਉਸ ਦਾ ਧਾਰਨੀ ਵੀ ਸੀ ਤੇ ਹੁਣ ਵੀ ਹਾਂ ਉਸ ਇਤਿਹਾਸ ਦਾ। ਉਸ ਇਤਿਹਾਸ ਨੇ ਮੇਰੇ 'ਤੇ ਬੜਾ ਪ੍ਰਭਾਵ ਰੱਖਿਆ। ਮੇਰੇ ਸਿਦਕ ਕਾਇਮ ਰੱਖਣ ਵਿੱਚ ਇਹ ਗੱਲ ਬੜੀ ਸਹਾਈ ਹੋਈ ਹੈ। ਇਹ ਗੱਲ ਮੈਨੂੰ ਬਹੁਤ ਫਖਰ ਤੇ ਮਾਣ ਨਾਲ ਕਹਿਣੀ ਪੈਂਦੀ ਹੈ।

ਸਾਧੂ ਬਿਨਿੰਗ: ਭਾਰਤ ਦੀ ਸਿਆਸੀ ਹਾਲਤ ਬਾਰੇ ਕੁੱਝ ਦੱਸੋ?

ਸੰਤ ਰਾਮ ਉਦਾਸੀ: ਅਸੀਂ ਜਿਸ ਗੱਲ ਖਾਤਰ ਲੜ ਰਹੇ ਹਾਂ ਜਾਂ ਜਿਸ ਗੱਲ ਖਾਤਰ ਟਾਰਚਰ ਸੈਂਟਰਾਂ ਦਾ, ਇੰਟੈਰੋਗੇਸ਼ਨ ਸੈਂਟਰਾਂ ਦਾ ਸਾਹਮਣਾ ਕਰ ਰਹੇ ਹਾਂ ਉਹ ਹੈ ਕਿ ਜੋ ਅਸੀਂ ਚਾਹੁੰਦੇ ਹਾਂ, ਸਾਡੇ ਜੋ ਲੋਕ ਚਾਹੁੰਦੇ ਹਨ ਉਹ ਅਜੇ ਤੱਕ ਨਹੀਂ ਹੋ ਰਿਹਾ। ਲੋਕਾਂ ਨੇ 1947 ਤੋਂ ਬਾਅਦ ਮਹਿਸੂਸ ਕੀਤਾ ਸੀ ਕਿ ਅੰਗਰੇਜ਼ਾਂ ਦਾ ਰਾਜ ਚਲਿਆ ਗਿਆ ਤੇ ਹੁਣ ਸਾਡੇ ਲੋਕਾਂ ਦਾ ਰਾਜ ਆ ਗਿਆ ਤੇ ਸਾਡੀ ਮੁਕਤੀ ਦਾ ਰਾਹ ਖੁੱਲ੍ਹ ਗਿਆ। ਪਰ ਲੋਕਾਂ ਨੂੰ ਸਗੋਂ ਪਹਿਲਾਂ ਤੋਂ ਵੀ ਦੋਹਰੀ ਤਿਹਰੀ ਗੁਲਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਉਸ ਵਿੱਚ ਕੋਈ ਖਾਸ ਤਬਦੀਲੀ ਨਹੀਂ ਆਈ। 1975 ਦੇ ਵਿੱਚ ਅਸੀਂ ਸੋਚਿਆ ਸੀ ਕਿ ਅਸੀਂ ਜਿਹੜੇ ਇਨਕਲਾਬੀ ਹਾਂ ਸਾਨੂੰ ਤਾਂ ਹੁਣ ਕਦੀ ਬਾਹਰ ਜਾਣ ਦਾ ਮੌਕਾ ਈ ਨਹੀਂ ਮਿਲਣਾ। ਅਸੀਂ ਤਾਂ ਹੁਣ ਜੇਲ੍ਹਾਂ 'ਚ ਹੀ ਸੜ ਜਾਣਾ ਹੈ। ਜਿਸ ਦਿਨ ਸਾਨੂੰ ਐਮਰਜੈਂਸੀ ਲੱਗੀ 'ਤੇ ਬੰਦ ਕੀਤਾ ਸੀ। ਪਰ 1977 ਵਿੱਚ ਅਸੀਂ ਮਹਿਸੂਸ ਕੀਤਾ ਕਿ ਕੁੱਝ ਹੋਣ ਵਾਲਾ ਹੈ। ਕੁੱਝ ਨਾ ਕੁੱਝ ਸਾਡੀ ਮੁਕਤੀ ਦਾ ਰਾਹ ਮੋਕਲਾ ਹੋ ਗਿਆ ਹੈ। ਪਰ ਕਿਉਂਕਿ ਸਟੇਟ ਦਾ ਨਿਰਣਾ ਨਹੀਂ ਸੀ ਬਦਲਿਆ। ਸਾਨੂੰ ਕੁੱਝ ਰਾਹਤ ਤਾਂ ਮਿਲੀ। ਮਗਰੋਂ ਜਿਸ ਤਰ੍ਹਾਂ ਪੰਜਾਬੀ ਅਖਾਉਤ ਹੈ ਪਈ ਪਰਨਾਲਾ ਉੱਥੇ ਦਾ ਉੱਥੇ। ਸੋ ਅਜੇ ਕੁੱਝ ਨਵਾਂ ਨਹੀਂ ਵਾਪਰਿਆ। ਮੇਰੇ ਲੋਕ ਉਹੋ ਜਿਹਾ ਜੀਵਨ - ਇਕ ਕਰਜ਼ਾਈਆਂ ਵਾਲਾ ਜੀਵਨ ਜੀਅ ਰਹੇ ਹਨ। ਅੱਜ ਵੀ ਜੇ ਅਸੀਂ ਪੰਜਾਬ ਵਿੱਚ ਦੇਖੀਏ ਤਾਂ ਪੈਟਰੋਲ ਪੰਪਾਂ ਸਾਹਮਣੇ ਕਿਸ ਤਰ੍ਹਾਂ ਲੋਕ ਡੀਜ਼ਲ, ਪੈਟਰੋਲ ਲੈਣ ਲਈ ਔਖੇ ਹੁੰਦੇ ਹਨ ਤੇ ਕਿਸ ਤਰ੍ਹਾਂ ਸਰਮਾਏਦਾਰ ਉਸ ਨੂੰ ਇਕ ਥੁੜ ਦਿਖਾ ਕੇ ਤੇ ਆਪ ਬਲੈਕ ਵਿੱਚ ਤੇਲ ਵੇਚਦੇ ਹਨ। ਕਿਸ ਤਰ੍ਹਾਂ ਮੇਰੇ

ਮਜ਼ਦੂਰ ਲੋਕ ਜਿਹੜੇ 1947 ਦੇ ਵਿੱਚ ਕੇਵਲ 35% ਲੋਕ ਗਰੀਬੀ ਲਾਈਨ ਤੋਂ ਥੱਲੇ ਜਿਉਂਦੇ ਸੀ। ਪਰ ਸਾਡੀ ਬਦਕਿਸਮਤੀ ਇਹ ਹੈ ਕਿ ਸਾਡੀ ਸਰਕਾਰ ਇਸ ਨੂੰ ਅਜ਼ਾਦੀ ਕਹਾਉਂਦੀ ਹੈ ਤੇ ਡੈਮੋਕਰੈਟਿਕ ਇੰਡੀਆ ਕਹਾਉਂਦੀ ਹੈ। ਅੱਜ ਸਾਡੇ 60% ਤੋਂ 65% ਲੋਕ ਗਰੀਬੀ ਲਾਈਨ ਤੋਂ ਥੱਲੇ ਜਿਉਂਦੇ ਹਨ। ਇਥੋਂ ਤੱਕ ਕਿ ਸਾਡਾ ਧਾਰਮਿਕ ਜੀਵਨ ਵੀ ਬਹੁਤ ਗਿਰਿਆ ਹੋਇਆ ਹੈ ਤੇ ਸਾਡਾ ਸਮਾਜਿਕ ਜੀਵਨ ਤਾਂ ਬਿਲਕੁਲ ਤਬਾਹ ਹੀ ਹੋ ਗਿਆ ਹੈ। ਇਥੋਂ ਤੱਕ ਕਿ ਜਿਹੜੇ ਬੰਦੇ ਪੜ੍ਹ ਲਿਖ ਜਾਂਦੇ ਹਨ ਉਹਨਾਂ ਨੂੰ ਇਸ ਸਿਸਟਮ ਵਿੱਚ ਫਿੱਟ ਹੋਣ ਲਈ ਜਾਂ ਰੁਜ਼ਗਾਰ ਲੱਭਣ ਲਈ ਕਈ ਵਾਰੀ ਹੀ ਡੀ-ਮੌਰੇਲਾਈਜ਼ ਹੋਣਾ ਪੈਂਦਾ ਹੈ। ਸਾਡੀਆਂ ਪੜ੍ਹੀਆਂ ਲਿਖੀਆਂ ਭੈਣਾਂ ਨੂੰ ਰੁਜ਼ਗਾਰ ਲੱਭਣ ਲਈ ਜਾਂ ਪੇਟ ਪੂਰਤੀ ਲਈ ਬਹੁਤ ਕੁੱਝ ਨੀਵਾਂ ਦੇਖਣਾ ਪੈਂਦਾ ਹੈ। ਇਖਲਾਕ ਤੋਂ ਗਿਰੀਆਂ ਹੋਈਆਂ ਗੱਲਾਂ ਕਰਨੀਆਂ ਪੈਂਦੀਆਂ ਹਨ। ਕਲਕੱਤੇ ਦੇ ਸੋਨਾਗਾਚੀ ਇਹਦੇ ਸਬੂਤ ਹਨ। ਦਿੱਲੀ ਦੀ ਜੀ ਬੀ ਰੋਡ ਵੀ ਇਸ ਦੀ ਸਬੂਤ ਹੈ। ਇਕ ਸਰਕਾਰੀ ਰਿਪੋਰਟ ਮੁਤਾਬਕ ਇਕੱਲੇ ਬੰਬਈ ਸ਼ਹਿਰ ਵਿੱਚ 72000 ਉਹ ਕੁੜੀ ਹੈ ਜੋ ਰੋਟੀ ਦੀ ਖਾਤਰ ਆਪਣਾ ਜਿਸਮ ਤੁੜਵਾਉਂਦੀ ਹੈ ਤੇ ਨਿੱਤ ਆਪਣੀ ਇਜ਼ਤ ਵੇਚਦੀ ਹੈ। ਸੋ ਮੈਂ ਸਮਝਦਾ ਹਾਂ ਕਿ ਇਹ ਸਾਰੀਆਂ ਅਲਾਮਤਾਂ ਸਰਕਾਰ ਨਾ ਬਦਲਣ ਕਾਰਨ ਜਾਂ ਸਰਕਾਰ ਦਾ ਖਾਸਾ ਨਾ ਬਦਲਣ ਕਰਕੇ ਹੀ ਹਨ। ਤੇ ਸਰਕਾਰ ਅਜੇ ਬਦਲਦੀ ਵੀ ਨਹੀਂ ਲਗਦੀ। ਤੇ ਇਸ ਤਰ੍ਹਾਂ ਕਦੇ ਹੁੰਦਾ ਵੀ ਨਹੀਂ ਕਿ ਬੜੇ ਅਮਨ ਅਮਾਨ ਨਾਲ ਥਾਲੀ ਵਿੱਚ ਪਰੋਸਿਆ ਹੋਇਆ ਇਨਕਲਾਬ ਸਾਨੂੰ ਮਿਲ ਜਾਵੇਗਾ। ਇਸ ਤਰ੍ਹਾਂ ਪਰੋਸ ਕੇ ਕੋਈ ਕਿਸੇ ਨੂੰ ਇਨਕਲਾਬ ਨਹੀਂ ਦਿੰਦਾ। ਉਹ ਤਾਂ ਲੋਕ ਲੈ ਕੇ ਆਉਂਦੇ ਹਨ। ਉਹ ਲੋਕ ਜਿਹੜੇ ਸਰਮਾਏਦਾਰੀ, ਜਗੀਰਦਾਰੀ ਦੀਆਂ ਚਾਲਾਂ ਨੂੰ ਸਮਝਦੇ ਹਨ ਉਹ ਜਥੇਬੰਦ ਹੋ ਕੇ ਹਥਿਆਰਬੰਦ ਤਰੀਕੇ ਨਾਲ ਇਨਕਲਾਬ ਲਿਆਉਂਦੇ ਹਨ। ਮੇਰਾ ਇਹ ਵਿਚਾਰ ਹੈ ਕਿ ਮਾਰਕਸਵਾਦ - ਲੈਨਿਨਵਾਦ ਤੇ ਮਾਓ ਵਿਚਾਰਧਾਰਾ ਰਾਹੀਂ ਜਿੰਨਾ ਚਿਰ ਕੋਈ ਇਨਕਲਾਬ ਨਹੀਂ ਆਉਂਦਾ ਉਨਾ ਚਿਰ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ। ਮੇਰਾ ਖਿਆਲ ਹੈ ਦੁਨੀਆਂ ਵਿੱਚ ਅਜੇ ਤੱਕ ਇਹਨਾਂ ਗੱਲਾਂ ਤੋਂ ਬਿਨਾਂ ਕੋਈ ਇਨਕਲਾਬ ਨਹੀਂ ਆਇਆ ਜਿਹੜਾ ਲੋਕਾਂ ਦੀ ਮੁਕਤੀ ਕਰਨ ਵਿੱਚ ਕਾਮਯਾਬ ਹੋਇਆ ਹੋਵੇ।

ਸਾਧੂ ਬਿਨਿੰਗ: ਭਾਰਤ ਦੀਆਂ ਕਮਿਊਨਿਸਟ ਪਾਰਟੀਆਂ, ਸੀ ਪੀ ਆਈ ਤੇ ਸੀ ਪੀ ਐਮ ਬਾਰੇ ਤੁਹਾਡੀ ਕੀ ਰਾਏ ਹੈ?

ਸੰਤ ਰਾਮ ਉਦਾਸੀ: 1962 ਤੋਂ ਪਹਿਲਾਂ ਸਾਨੂੰ ਇਕ ਬਹੁਤ ਵੱਡਾ ਭੁਲੇਖਾ ਸੀ ਕਿ ਇਹ ਕਮਿਊਨਿਸਟ ਪਾਰਟੀ ਚੰਗੀ ਹੈ। 1947 ਤੋਂ ਮਗਰੋਂ ਹੋਰ ਕੋਈ ਇੰਨੀ ਵੱਡੀ ਪਾਰਟੀ ਹੀ ਨਹੀਂ ਸੀ ਜਿਹੜੀ ਕਾਂਗਰਸ ਦਾ ਮੁਕਾਬਲਾ ਕਰ ਸਕਦੀ। ਪਰ 1962 ਵਿੱਚ ਆ ਕੇ ਇਸ ਵਿੱਚ ਬਹੁਤ ਵੱਡੀ ਕੰਟਰਾਡਿਕਸ਼ਨ ਖੜੀ ਹੋ ਗਈ ਜਿਹੜੀ ਕਿ ਮੇਰੇ ਖਿਆਲ ਮੁਤਾਬਕ ਕੋਈ ਸਿਆਸੀ ਕੰਟਰਾਡਿਕਸ਼ਨ ਨਹੀਂ ਸੀ। ਉਹ ਵਿਅਕਤੀਗਤ ਕੰਟਰਾਡਿਕਸ਼ਨ ਸੀ। ਮੈਂ ਵੀ ਇਕ ਲਿਖਾਰੀ ਦੇ ਤੌਰ ’ਤੇ ਉਸ ਵਕਤ ਪਾਰਟੀ ਦੀ ਪੂਰੀ ਸਪੋਰਟ ਕਰਦਾ ਸੀ। ਹੁਣ ਵੀਅਤਨਾਮ ਦੇ ਕੰਪੂਚੀਆ ’ਤੇ, ਪਹਿਲਾਂ ਚੀਨ ਦੇ ਵੀਅਤਨਾਮ ’ਤੇ ਹਮਲੇ ਨਾਲ ਦੋਨੋਂ ਪਾਰਟੀਆਂ ਇਕੋ ਸੁਰ ਨਾਲ ਬੋਲਣ ਲੱਗ ਪਈਆਂ। ਜਿਸ ਤੋਂ ਲੋਕਾਂ ਨੂੰ ਕੋਈ ਭੁਲੇਖਾ ਨਹੀਂ ਰਿਹਾ ਸੱਜੀ ਖੱਬੀ ਪਾਰਟੀ ਬਾਰੇ। ਮੈਂ ਤਾਂ ਸਮਝਦਾ ਹਾਂ ਕਿ ਇਨ੍ਹਾਂ ਦੋਹਾਂ ਦਾ ਸਰਕਾਰ ਬਾਰੇ ਜਮਾਤੀ ਨਿਰਨਾ ਇਕ ਹੈ। ਤੇ ਜਿਹੜੀ ਇਨ੍ਹਾਂ ਦੀ ਇਨਕਲਾਬ ਬਾਰੇ ਅਪਰੋਚ ਹੈ ਉਸ ਢੰਗ ਨਾਲ ਹਿੰਦੁਸਤਾਨ ਵਿੱਚ ਇਨਕਲਾਬ ਆ ਹੀ ਨਹੀਂ ਸਕਦਾ। ਕਿਉਂਕਿ ਤੀਹ ਸਾਲ ਹੋ ਗਏ ਹਨ। ਅਸੀਂ ਕਿਸਾਨ ਮੋਰਚਾ ਲੜਿਆ, ਲਾਲ ਪਾਰਟੀ ਬਣੀ, ਆਂਧਰਾ ਦੀ ਤਿਲੰਗਾਨਾ ਦੀ ਮੂਵਮੈਂਟ ਲੜੀ ਤੇ ਕਿੰਨੇ ਲੋਕ ਸ਼ਹੀਦ ਹੋਏ। ਮੈਂ ਸਮਝਦਾ ਹਾਂ ਕਿ ’ਕੱਲੀ ਇੱਕੋ ਪਾਰਟੀ ਮਾਰਕਸਵਾਦੀ - ਲੈਨਿਨਵਾਦੀ ਪਾਰਟੀ ਹੈ, ਜਿਹੜੀ 1969 ਵਿੱਚ ਹੋਂਦ ’ਚ ਆਈ। ਉਹਦੇ ਰਾਹੀਂ ਬਾਰਾਂ ਹਜ਼ਾਰ ਲੋਕ ਲੁਟੇਰੀ ਜਮਾਤ ਦਾ ਫਸਤਾ ਵੱਢਣ ਲਈ ਸ਼ਹੀਦ ਹੋਏ। ਇਹੋ ਇੱਕੋ ਇਕ ਰਾਹ ਹੈ ਜਿਸ ਦੇ ਰਾਹੀਂ ਹਿੰਦੁਸਤਾਨ ਦੇ ਲੋਕ ਮੁਕਤੀ ਪ੍ਰਾਪਤ ਕਰ ਸਕਦੇ ਹਨ।

ਸਾਧੂ ਬਿਨਿੰਗ: ਨਕਸਲਵਾੜੀ ਲਹਿਰ ਦੇ ਨਾਲ ਸੰਬੰਧਤ ਮਾਰਕਸਵਾਦੀ - ਲੈਨਿਨਵਾਦੀ ਪਾਰਟੀ ਜਿਹੜੀ ਕਿ ਕਈ ਵੱਖ ਵੱਖ ਧੜਿਆਂ ਵਿੱਚ ਵੰਡੀ ਜਾ ਚੁੱਕੀ ਸੀ, ਉਸ ਦੀ ਅੱਜ ਕੱਲ ਕੀ ਪੁਜੀਸ਼ਨ ਹੈ? ਕੀ ਉਹ ਇਕ ਦੂਜੇ ਦੇ ਨੇੜੇ ਆ ਰਹੇ ਹਨ?

ਸੰਤ ਰਾਮ ਉਦਾਸੀ: ਦੇਖੋ, ਜਿਹੜੇ ਆਪਣੇ ਆਪ ਨੂੰ ਮਾਰਕਸਵਾਦੀ-ਲੈਨਿਨਵਾਦੀ ਗਰੁੱਪ ਕਹਾਉਂਦੇ ਸਨ, ਅਸੀਂ ਤਾਂ ਅਸਲ ਵਿੱਚ ਇਹਨਾਂ ਨੂੰ ਗਰੁੱਪ ਕਹਿੰਦੇ ਹੀ ਨਹੀਂ। 1969 ਵਿੱਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਬਣੀ ਸੀ ਜਿਹੜੀ ਲਗਾਤਾਰ ਹਰ ਕਿਸਮ ਦੀ ਜਮਾਤੀ ਤੇ ਸਿਆਸੀ ਵਿਰੋਧਤਾ ਹੋਣ ਦੇ ਬਾਵਜੂਦ, ਹਰ ਕਿਸਮ ਦੇ ਤਸ਼ੱਦਦ ਹੋਣ ਦੇ ਬਾਵਜੂਦ ਵੀ ਕਾਇਮ ਰਹੀ ਹੈ। ਵਿੱਚ ਕਈ ਤਰ੍ਹਾਂ ਦੇ ਅੰਸਰ ਆ ਜਾਂਦੇ ਹਨ ਜੋ ਵੱਖਰੇ ਵੱਖਰੇ ਗਰੁੱਪ ਬਣਾ ਲੈਂਦੇ ਹਨ। ਮੈ ਇਹ ਸਮਝਦਾ ਹਾਂ ਪਈ ਭਾਂਵੇਂ ਉਹ ਵੱਖੋ ਵੱਖਰੇ ਵੀ ਹਨ ਪਰ ਜਿਹੜਾ ਉਹਨਾਂ ਦਾ ਸਰਕਾਰ ਬਾਰੇ

ਨਿਰਨਾ ਹੈ ਉਹ ਇਕ ਹੈ। ਤੇ ਜਿਹੜਾ ਇੰਨਕਲਾਬ ਲਿਆਉਣ ਬਾਰੇ ਨਿਰਨਾ ਹੈ ਉਹ ਵੀ ਇਕ ਹੈ ਤੇ ਪਾਰਟੀ ਵਿਚਲੀ ਦੁਫੇੜ ਘੱਟ ਰਹੀ ਹੈ। 24 ਜੂਨ ਦੀ ਡਿਸਕਸ਼ਨ ਦੇ ਬਾਅਦ ਪਾਰਟੀ ਦੇ ਦੋ ਵੱਡੇ ਗਰੁੱਪਾਂ ਪੀ ਸੀ ਸੀ ਤੇ ਸੀ ਓ ਸੀ ਉਹਨਾਂ ਦੀ ਇਕੱਠੀ ਸਟੇਟਮੈਂਟ ਆਈ ਹੈ। ਤੁਹਾਨੂੰ ਉਹ ਪੜ੍ਹ ਲੈਣੀ ਚਾਹੀਦੀ ਹੈ। ਇਹ ਹੀ ਪਾਰਟੀ ਦੇ ਦੋ ਵੱਡੇ ਗਰੁੱਪ ਸੀ ਤੇ ਉਹ ਹੁਣ ਇਕੱਠੇ ਹੋ ਰਹੇ ਹਨ। ਇਹ ਇਕ ਬਹੁਤ ਵਧੀਆ ਆਗਾਜ਼ ਹੈ। ਤੇ ਬਾਕੀ ਦੇ ਜਿਹੜੇ ਛੋਟੇ ਛੋਟੇ ਗਰੁੱਪ ਹਨ ਉਹ ਵੀ ਹੌਲੀ ਹੌਲੀ ਨਾਲ ਆ ਜਾਣਗੇ। ਪਾਰਟੀ ਜਦੋਂ ਕਿਸੇ ਐਕਸ਼ਨ ਵਿੱਚ ਪਵੇਗੀ ਤਾਂ ਉਹ ਆਪ ਹੀ ਸਾਬਤ ਕਰ ਦੇਵੇਗੀ।

ਸਾਧੂ ਬਿਨਿੰਗ: ਹਿੰਦੁਸਤਾਨ ਦੇ ਇਨਕਲਾਬ ਵਿੱਚ ਬਾਹਰਲੀਆਂ ਤਾਕਤਾਂ ਜਿਵੇਂ - ਰੂਸ, ਅਮਰੀਕਾ, ਚੀਨ ਤੇ ਹੋਰ - ਕਿਸ ਕਿਸਮ ਦਾ ਰੋਲ ਅਦਾ ਕਰ ਰਹੀਆਂ ਹਨ?

ਸੰਤ ਰਾਮ ਉਦਾਸੀ: ਦੇਖੋ, ਇਹ ਇਕ ਬਹੁਤ ਵੱਡਾ ਤੇ ਔਖਾ ਸਵਾਲ ਹੈ। ਇਸ ਦਾ ਜਵਾਬ ਦੇਣ ਲਈ ਲੰਮੇ ਸਮੇਂ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਸ ਵੇਲੇ ਹਿੰਦੁਸਤਾਨ ਦੇ ਇੰਨਕਲਾਬ ਨੂੰ ਜਿੰਨੀ ਢਾਹ ਅਮਰੀਕਾ ਤੇ ਰੂਸ ਲਾ ਰਹੇ ਹਨ ਉਤਨਾ ਹੀ ਸੁਚੇਤ ਚੀਨ ਕਰ ਰਿਹਾ ਹੈ। ਇਹ ਮੇਰਾ ਸੰਖੇਪ ਰੂਪ ਵਿੱਚ ਪ੍ਰਭਾਵ ਹੈ ਇਸ ਸਵਾਲ ਬਾਰੇ।

ਸਾਧੂ ਬਿਨਿੰਗ: ਮਾਓ ਬਾਰੇ ਤੁਹਾਡਾ ਕੀ ਵਿਚਾਰ ਹੈ? ਕੁੱਝ ਲੋਕ ਉਸਦੇ ਮਰਨ ਬਾਅਦ ਉਸ ਦੀ ਵਿਚਾਰਧਾਰਾ ਨੂੰ ਪੂਰਨ ਤੌਰ 'ਤੇ ਗਲਤ ਸਾਬਤ ਕਰ ਰਹੇ ਹਨ?

ਸੰਤ ਰਾਮ ਉਦਾਸੀ: ਮੇਰੇ ਮਨ ਵਿੱਚ ਤੇ ਮੇਰੀ ਜਥੇਬੰਦੀ ਦੇ ਮਨ ਵਿੱਚ ਵਿਚਾਰ ਇਹ ਹੈ ਕਿ ਮਾਓ ਵਿਚਾਰਧਾਰਾ ਇਸ ਵੇਲੇ ਦੁਨੀਆਂ ਦੀ ਸਭ ਤੋਂ ਵਧੀਆ ਵਿਚਾਰਧਾਰਾ ਹੈ ਤੇ ਇਸ ਨਾਲ ਹੀ ਦੁਨੀਆਂ ਦਾ ਕਲਿਆਣ ਹੋ ਸਕਦਾ ਹੈ। ਹੋਰ ਪਾਰਟੀ ਬਾਰੇ, ਜਿਥੋਂ ਤਾਂਈ ਚਾਈਨਾ ਦੀ ਪਾਰਟੀ ਹੈ, ਉਹ ਇਕ ਬਹੁਤ ਵੱਡੀ ਤੇ ਬਹੁਤ ਡੂੰਘੇ ਤਜਰਬੇ ਚੋਂ ਨਿਕਲੀ ਹੋਈ ਹੈ ਤੇ ਹੰਢੀ ਹੋਈ ਪਾਰਟੀ ਹੈ। ਬਾਕੀ ਜਿਹੜੇ ਲੋਕ ਆਸੇ ਪਾਸੇ ਸੋਚਦੇ ਹਨ, ਕਦੀ ਖੱਬੇ ਸੋਚਦੇ ਹਨ ਕਦੀ ਸੱਜੇ ਸੋਚਦੇ ਹਨ ਉਹਨਾਂ ਨੇ ਮੇਰਾ ਖਿਆਲ ਹੈ, ਕਦੀ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਇਨਕਲਾਬ ਦੀ ਗੱਲ ਨਹੀਂ ਸੋਚੀ ਤੇ ਨਾ ਹੀ ਉਹ ਕਰ ਸਕੇ ਹਨ। ਹਾਂ ਇਹ ਗੱਲ ਹੈ ਕਿ ਪਾਰਟੀ ਵਿੱਚ ਕਦੇ ਖੱਬੇ ਰੁਝਾਨ ਆ ਜਾਂਦੇ ਹਨ ਤੇ ਕਦੀ ਸੱਜੇ। ਜਿਵੇਂ ਪੈਦਾਵਾਰ ਵੱਧ ਕਰਨੀ ਹੈ ਜਾਂ ਪੈਦਾਵਾਰੀ ਸ਼ਕਤੀਆਂ ਨੂੰ ਵਧਾਉਣਾ ਹੈ। ਇਹਦੇ ਬਾਰੇ ਕੰਟਰਾਡਿਕਸ਼ਨ ਚਲ ਰਹੀ ਹੈ। ਥਰਡ ਵਰਲਡ ਵਾਰ ਕੰਟਰਾਡਿਕਸ਼ਨ ਚਲ ਰਹੀ ਹੈ। ਸੋ ਅਸੀਂ ਕਹਿ ਰਹੇ ਹਾਂ ਕਿ ਕਈ ਵਾਰੀ ਕਮਿਉਨਿਸਟ ਪਾਰਟੀ ਆਫ ਚਾਈਨਾ ਵਿੱਚ ਜਾਂ ਮਾਓ ਵਿਚਾਰਧਾਰਾ ਦੇ ਵਿਚ, ਮਾਓ ਵਿਚਾਰਧਾਰਾ ਵਿੱਚ ਤਾਂ ਨਹੀਂ ਪਰ ਪਾਰਟੀ ਵਿੱਚ ਕਈ ਵਾਰ ਸੱਜਾ ਤੇ ਕਈ ਵਾਰ ਖੱਬਾ ਰੁਝਾਨ ਆਇਆ। ਲਿਨ ਪਿਆਓ ਵੇਲੇ ਖੱਬਾ ਰੁਝਾਨ ਆਇਆ ਤੇ ਇਸ ਤਰ੍ਹਾਂ ਦੇ ਰੁਝਾਨ ਆਉਂਦੇ ਰਹਿੰਦੇ ਹਨ। ਪਰ ਮੈਂ ਇਹ ਸਮਝਦਾ ਹਾਂ ਤੇ ਮੇਰੀ ਜਥਬੰਦੀ ਇਹ ਸਮਝਦੀ ਹੈ ਕਿ ਕਾਮਰੇਡ ਮਾਓ ਦੀ ਜਿਹੜੀ ਸੋਚ ਹੈ ਉਸ ਨੇ ਦੁਨੀਆਂ ਦੇ ਇਤਿਹਾਸ ਦੇ ਵਿੱਚ ਇਕ ਬਹੁਤ ਵੱਡੀ ਤੇ ਮਹਾਨ ਭੂਮਿਕਾ ਨਿਭਾਈ ਹੈ। ਤੇ ਕਮਿਉਨਿਸਟ ਪਾਰਟੀ ਦੇ ਜਾਂ ਦੁਨੀਆਂ ਦੇ ਇਨਕਲਾਬ ਦੇ ਇਤਿਹਾਸ ਵਿੱਚ ਕਾਮਰੇਡ ਮਾਓ, ਸਟਾਲਿਨ ਤੋਂ ਮਗਰੋਂ ਇਕ ਬਹੁਤ ਵੱਡਾ ਹੀਰੋ ਹੈ। ਦੁਨੀਆਂ ਭਰ ਦੇ ਕਿਰਤੀਆਂ ਦਾ ਉਹ ਨੁਮਾਇੰਦਾ ਹੈ। ਦੁਨੀਆਂ ਭਰ ਦੇ ਇਨਕਲਾਬੀ ਯੋਧਿਆਂ ਦਾ ਨੁਮਾਇੰਦਾ ਹੈ।

ਸਾਧੂ ਬਿਨਿੰਗ: ਕੀ ਤੁਸੀਂ ਕਿਸੇ ਸਿਆਸੀ ਪਾਰਟੀ ਦੇ ਇਸ ਵਕਤ ਪੱਕੇ ਮੈਂਬਰ ਹੋ?

ਸੰਤ ਰਾਮ ਉਦਾਸੀ: ਇਹਦੇ ਬਾਰੇ ਮੈਂ ਉਚੇਚੇ ਤੌਰ 'ਤੇ ਕੁੱਝ ਨਹੀਂ ਕਹਿ ਸਕਦਾ। ਵੈਸੇ ਮੈਂ ਮਾਰਕਸਵਾਦੀ -ਲੈਨਿਨਵਾਦੀ ਪਾਰਟੀ ਨੂੰ ਸਪੋਰਟ ਕਰਦਾ ਹਾਂ, ਆਪਣੀ ਕਵਿਤਾ ਰਾਹੀਂ ਵੀ ਤੇ ਉਸ ਤਰ੍ਹਾਂ ਵੀ।

ਸਾਧੂ ਬਿਨਿੰਗ: ਹਿੰਦੁਸਤਾਨ ਤੋਂ ਬਾਹਰ ਵਸਦੇ ਲੋਕਾਂ ਵਿੱਚ - ਜਿਵੇਂ ਇੰਗਲੈਂਡ, ਅਮਰੀਕਾ ਤੇ ਕਨੇਡਾ ਵਿੱਚ ਬਹੁਤ ਸਾਰੀਆਂ ਅਗਾਂਹਵਧੂ ਜਥੇਬੰਦੀਆਂ ਹਨ। ਤੁਹਾਡੇ ਖਿਆਲ ਮੁਤਾਬਕ ਉਹ ਹਿੰਦੁਸਤਾਨ ਦੇ ਇਨਕਲਾਬ ਵਿੱਚ ਕਿਸੇ ਕਿਸਮ ਦਾ ਕੋਈ ਰੋਲ ਅਦਾ ਕਰ ਰਹੀਆਂ ਹਨ ਜਾਂ ਕਰ ਸਕਦੀਆਂ ਹਨ?

ਸੰਤ ਰਾਮ ਉਦਾਸੀ: ਵਿਗਿਆਨ ਨੇ ਦੁਨੀਆ ਨੂੰ ਇੰਨਾ ਛੋਟਾ ਕਰ ਦਿੱਤਾ ਹੈ ਕਿ ਦੁਨੀਆ ਦੇ ਕਿਸੇ ਹਿਸੇ ਵਿੱਚ ਵੀ ਕੁੱਝ ਹੋਵੇ ਉਸ ਦਾ ਅਸਰ ਹਰ ਪਾਸੇ ਹੁੰਦਾ ਹੈ। ਜਿਵੇਂ ਜੇ ਹੁਣ ਭਾਰਤ ਵਿੱਚ ਕਿਸੇ ਲੁਟੇਰੇ ਦਾ ਸਿਰ ਵੀ ਦੁਖੇ ਤਾਂ ਉਸਦੀ ਚੀਸ ਅਮਰੀਕਾ 'ਚ ਪਹਿਲਾਂ ਪਹੁੰਚਦੀ ਹੈ। ਇਸੇ ਤਰ੍ਹਾਂ ਹੀ ਜੇ ਦੁਨੀਆਂ ਭਰ ਦੇ ਕਿਰਤੀ ਰਲ ਕੇ ਹੰਭਲਾ ਨਹੀਂ ਮਾਰਨਗੇ ਤਾਂ ਗੱਲ ਨਹੀਂ ਬਣਨੀ। ਹੁਣ ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਇਨਕਲਾਬ ਇੰਮਪੋਰਟ ਤੇ

ਐਕਸਪੋਰਟ ਨਹੀਂ ਹੁੰਦਾ ਪਰ ਇਨਕਲਾਬ ਦੀ ਕਈ ਤਰ੍ਹਾਂ ਮਦਦ ਕੀਤੀ ਜਾ ਸਕਦੀ ਹੈ। ਜਿਵੇਂ ਬਾਹਰ ਰਹਿੰਦੇ ਇਨਕਲਾਬੀ ਵਿਚਾਰਧਾਰਾ ਵਾਲੇ ਸਾਥੀ ਹਨ ਉਹ ਹਿੰਦੁਸਤਾਨ ਦੇ ਇਨਕਲਾਬ ਲਈ ਬਹੁਤ ਕੁੱਝ ਕਰ ਸਕਦੇ ਹਨ। ਸਿਆਸੀ ਤੌਰ 'ਤੇ, ਆਰਥਿਕ ਤੌਰ 'ਤੇ ਸਮਾਜਿਕ ਤੌਰ 'ਤੇ, ਹਮਾਇਤ ਕੀਤੀ ਜਾ ਸਕਦੀ ਹੈ। ਇਨਕਲਾਬ ਦੇ ਹੱਕ ਵਿੱਚ ਸਟੈਂਡ ਲੈ ਸਕਦੇ ਹਨ ਜਿੱਥੇ ਵਰਲਡ ਕਮਿਊਨਿਟੀ ਦਾ ਸਵਾਲ ਆਉਂਦਾ ਹੈ। ਜ਼ੁਲਮ ਤੇ ਤਸ਼ੱਦਦ ਵਿਰੁੱਧ ਅਵਾਜ਼ ਉਠਾ ਸਕਦੇ ਹਨ। ਇਨਕਲਾਬ ਪ੍ਰਤੀ ਦੁਨੀਆਂ ਦੀ ਹਮਦਰਦੀ ਜਿੱਤ ਸਕਦੇ ਹਨ। ਇਸ ਤਰ੍ਹਾਂ ਕਿੰਨੀ ਕਿਸਮ ਦੇ ਕੰਮ ਹਨ ਜੇ ਕਰਨੇ ਹੋਣ ਤਾਂ।

ਸਾਧੂ ਬਿਨਿੰਗ: ਅੱਛਾ ਹੁਣ ਤੱਕ ਆਪਾਂ ਸਾਹਿਤ ਤੇ ਸਿਆਅਤ ਬਾਰੇ ਕਾਫੀ ਵਿਸਥਾਰ ਵਿੱਚ ਚਰਚਾ ਕੀਤੀ ਹੈ। ਇਹਨਾਂ ਦੋਹਾਂ ਦੇ ਆਪਸੀ ਰਿਸ਼ਤੇ ਬਾਰੇ ਕੁੱਝ ਦੱਸੋ?

ਸੰਤ ਰਾਮ ਉਦਾਸੀ: ਤੁਹਾਡੇ ਪਹਿਲੇ ਹੀ ਇਕ ਸਵਾਲ ਵਿੱਚ ਇਸਦਾ ਜਵਾਬ ਦੇ ਚੁੱਕਾ ਹਾਂ। ਕੋਈ ਵੀ ਲਿਖਾਰੀ, ਉਹ ਕਦੀ ਵੀ ਗੈਰ ਸਿਆਸੀ ਨਹੀਂ ਹੁੰਦਾ। ਕੋਈ ਵੀ ਲਿਖਾਰੀ ਜਾਂ ਬੁਲਾਰਾ ਗੈਰ ਸਿਆਸੀ ਨਹੀਂ ਹੋ ਸਕਦਾ। ਆਹ ਜਿਹੜੀ ਆਪਾਂ ਗੱਲਬਾਤ ਸ਼ੁਰੂ ਕਰ ਰਹੇ ਹਾਂ ਇਹ ਵੀ ਸਿਆਸੀ ਹੈ। ਜਾਂ ਇਹ ਸਵਾਲ ਪੁੱਛਣਾ ਵੀ ਇਕ ਸਿਆਸੀ ਗੱਲ ਹੈ -ਕਿ ਸਾਹਿਤ ਤੇ ਸਿਆਸਤ ਦੇ ਸੁਮੇਲ ਨੂੰ ਮੈਂ ਕੀ ਸਮਝਦਾ ਹਾਂ। ਕੋਈ ਵੀ ਸਾਹਿਤ ਸਿਆਸਤ ਤੋਂ ਅਜ਼ਾਦ ਨਹੀਂ ਹੁੰਦਾ। ਜਿਹੜੇ ਆਮ ਤੌਰ 'ਤੇ ਕਹਿੰਦੇ ਆ ਪਈ ਅਸੀ ਤਾਂ ਲੋਕ ਗੀਤ ਗਾਉਂਦੇ ਹਾਂ ਜਾਂ ਅਸੀਂ ਤਾਂ ਗੈਰ ਸਿਆਸੀ ਬੰਦੇ ਹਾਂ ਉਹ ਵੀ ਇਕ ਸਿਆਸਤ ਹੁੰਦੀ ਹੈ। ਉਹ ਲੱਚਰ ਗੀਤ ਗਾ ਕੇ ਕਿਹਦੀ ਪੂਜਾ ਕਰਦੇ ਹਨ? ਦੋ ਹੀ ਸਾਹਿਤ ਹੁੰਦੇ ਹਨ ਜਾਂ ਲੋਕਾਂ ਦਾ ਜਾਂ ਜੋਕਾਂ ਦਾ। ਲੋਕ ਪੱਖੀ ਜਾਂ ਲੋਕ ਵਿਰੋਧੀ। ਤੇ ਇਹ ਦੋਵੇਂ ਵੱਖੋ ਵੱਖ ਸਿਆਸਤਾਂ ਹਨ। ਸੋ ਕੋਈ ਵੀ ਆਪਣੇ ਆਪ ਨੂੰ ਨਿਰਪੱਖ ਨਹੀਂ ਕਹਿ ਸਕਦਾ। ਖਾਸ ਕਰ ਜਿੱਥੇ ਲੁਟੇਰਿਆਂ ਤੇ ਲੁੱਟੇ ਜਾ ਰਹੇ ਲੋਕਾਂ ਵਿੱਚ ਬਹੁਤ ਵੱਡਾ ਸੰਘਰਸ਼ ਚਲ ਰਿਹਾ ਹੋਵੇ। ਇਹ ਗੱਲ ਵੱਖਰੀ ਹੈ ਪਈ ਲਿਖਾਰੀ ਸ਼ਾਇਦ ਨਾ ਸਮਝਦਾ ਹੋਵੇ ਕਿ ਮੈਂ ਲੁਟੇਰੀ ਸਿਆਸਤ ਨੂੰ ਸਪੋਰਟ ਕਰ ਰਿਹਾ ਜਾਂ ਲੁੱਟੇ ਜਾਣ ਵਾਲਿਆਂ ਨੂੰ। ਉਸ ਨੂੰ ਇਸ ਗੱਲ ਦਾ ਪਤਾ ਹੋਵੇ ਜਾਂ ਨਾਂ ਪਰ ਉਹ ਇਕ ਵਿਚਾਰਧਾਰਾ ਦੀ ਇਕ ਜਮਾਤ ਦੀ ਨੁਮਾਇੰਦਗੀ ਜ਼ਰੂਰ ਕਰ ਰਿਹਾ ਹੁੰਦਾ ਹੈ। ਜਿਹੜੇ ਲੋਕ ਕਹਿੰਦੇ ਹਨ ਕਿ ਅਸੀਂ ਤਾਂ ਜੀ ਰੇਡੀਓ ਸਿੰਗਰ ਹਾਂ ਅਸੀਂ ਤਾਂ ਆਰਟਿਸਟ ਹਾਂ ਉਹ ਵੀ ਇਕ ਸਿਆਸਤ ਹੁੰਦੀ ਹੈ। ਉਹ ਲੋਕ ਮੌਜੂਦਾ ਸਰਕਾਰ ਨੂੰ ਬਰਕਰਾਰ ਰੱਖਣਾ ਚਾਹੁੰਦੇ ਹੁੰਦੇ ਹਨ ਤਾਂ ਕਿ ਪਰਨਾਲਾ ਉੱਥੇ ਦਾ ਉੱਥੇ ਰਹੇ। ਜਿਵੇਂ ਜੇ ਹੁਣ ਉਹ ਕਿਸੇ ਦੇਸ਼ ਭਗਤ ਦੀ ਵੀ ਗੱਲ ਸੁਨਾਉਣ ਉਹਦੇ ਨਾਲ ਜਿਹੜੇ ਹਾਲਾਤ ਨੇ ਉਹਦੇ ਬਾਰੇ ਉਹ ਵਰਣਨ ਕਰ ਦੇਣਗੇ। ਜਿਵੇਂ ਭਗਤ ਸਿੰਘ ਨਾਲ ਮੁਲਾਕਾਤ ਵੇਲੇ ਮਾਂ ਦੇ ਹੰਝੂ ਵਹਾ ਦੇਣਗੇ ਭੈਣਾਂ ਦੇ ਹੰਝੂ ਦਿਖਾ ਦੇਣਗੇ। ਪਰ ਇਹ ਨਹੀਂ ਦੱਸਣਗੇ ਕਿ ਭਗਤ ਸਿੰਘ ਲੜਿਆ ਕਿਉ? ਜਾਂ ਜਿਸ ਦੀ ਖਾਤਿਰ ਉਹ ਲੜਿਆ ਸੀ ਕੀ ਉਹ ਸੁਪਨਾ ਪੂਰਾ ਹੋ ਗਿਆ ਕਿ ਨਹੀਂ? ਸਾਨੂੰ ਕੀ ਕਰਨਾ ਚਾਹੀਦਾ ਹੈ ਇਹ ਕਦੇ ਨਹੀਂ ਦੱਸਣਗੇ। ਇਹ ਫਰਕ ਹੈ। ਵਾਰਤਾ ਤਾਂ ਇਕ ਹੀ ਹੈ। ਕੋਈ ਤਾਂ ਇਸ ਗੱਲ ਨੂੰ ਇਸ ਤਰ੍ਹਾਂ ਲੈਂਦਾ ਹੈ ਕਿ "ਸ਼ਹੀਦੋਂ ਕੀ ਚਿਤਾਓ ਪੇ ਲਗੇਂਗੇ ਹਰ ਵਰਸ਼ ਮੇਲੇ ਵਤਨ ਪੇ ਮਰਨੇ ਵਾਲੋਂ ਕਾ ਯਹੀਂ ਬਾਕੀ ਨਿਸ਼ਾਂ ਹੋਗਾ।" ਗੱਲ ਕਰਨ ਵਾਲੀ ਇਹ ਹੈ ਕਿ ਭਗਤ ਸਿੰਘ ਕਿਉਂ ਲੜਿਆ? ਉਸ ਨੇ ਕਿਉਂ ਫਾਂਸੀ ਦਾ ਰੱਸਾ ਚੁੰਮਿਆ? ਉਹਨੇ ਕੀ ਵਿਚਾਰ ਪੇਸ਼ ਕੀਤੇ ਸਨ? ਸੋ ਸਾਹਿਤ ਦੋਹਾਂ ਨੇ ਹੀ ਲਿਖਣਾ ਹੈ। ਇਕ ਹੈ ਕਿ ਮੌਜੂਦਾ ਸਥਿਤੀ ਨੂੰ ਬਰਕਰਾਰ ਰੱਖਿਆ ਜਾਵੇ ਤੇ ਦੂਜਾ ਹੈ ਕਿ ਲੋਕਾਂ ਵਿੱਚ ਤਬਦੀਲੀ ਲਈ ਰੁਝਾਨ ਪੈਦਾ ਕੀਤੇ ਜਾਣ। ਜਿਹੜੇ ਕਹਿੰਦੇ ਹਨ ਕਿ ਉਹਨਾਂ ਨੇ ਸਾਹਿਤ ਨੂੰ ਸਿਆਸਤ ਤੋਂ ਮੁਕਤ ਕਰਨਾ ਹੈ ਇਹ ਬਿਲਕੁਲ ਫਜ਼ੂਲ ਗੱਲ ਹੈ। ਤੇ ਇਹ ਉਹਨਾਂ ਦਾ ਊਲ-ਜਲੂਲ ਹੈ।

ਸਾਧੂ ਬਿਨਿੰਗ: ਅੱਛਾ ਅਗਲੇ ਇਕ ਦੋ ਸਵਾਲ ਤੁਹਾਡੇ ਨਿਜੀ ਜੀਵਨ ਬਾਰੇ ਹਨ। ਪਹਿਲਾ ਇਹ ਹੈ ਕਿ ਤੁਹਾਡੇ ਬਾਰੇ ਇਹ ਚਰਚਾ ਸੁਣੀ ਹੈ ਕਿ ਤੁਸੀਂ ਸ਼ਰਾਬ ਪੀਣ ਦੇ ਆਦੀ ਹੋ ਗਏ ਹੋ?

ਸੰਤ ਰਾਮ ਉਦਾਸੀ: ਆਦੀ ਤਾਂ ਖੈਰ ਜੇ ਮੈਂ ਹੁੰਦਾ ਤਾਂ ਮੈਂ ਇਹ ਆਦਤ ਅਫੋਰਡ ਹੀ ਨਹੀਂ ਕਰ ਸਕਦਾ। ਆਦੀ ਹੋਣ ਵਾਲੀ ਤਾਂ ਇਸ ਵਿੱਚ ਕੋਈ ਗੱਲ ਨਹੀਂ। ਹਾਂ, ਮੈਂ ਸ਼ਰਾਬ ਪੀ ਲੈਂਦਾ ਹਾਂ। ਮੈਂ ਇਸ ਗੱਲ ਤੋਂ ਮੁਨਕਰ ਨਹੀਂ ਹਾਂ। ਜਿਹੜੇ ਮੇਰੇ 'ਤੇ ਪੀਣ ਦਾ ਕਰੀਟੀਸਿਜ਼ਮ ਕਰਦੇ ਹਨ ਉਹ ਵੀ ਪੀਂਦੇ ਹਨ। ਬਾਕੀ ਇਹ ਗੱਲ ਹੈ ਕਿ ਕਈ ਵਾਰੀ ਇਹ ਮੇਰੀ ਜ਼ਰੂਰਤ ਵੀ ਬਣ ਜਾਂਦੀ ਹੈ। ਜਿਵੇਂ ਕਈ ਵਾਰੀ ਮੈਂ ਇੰਨਾ ਸਫਰ ਕੀਤਾ ਹੁੰਦਾ ਹੈ, ਇੰਨਾ ਬੋਲਿਆ ਹੁੰਦਾ ਹੈ ਪਈ ਨੀਂਦ ਹੀ ਨਹੀਂ ਆਉਂਦੀ। ਤੇ ਜੇ ਮੈਂ ਉਸ ਦੀ ਖਾਤਰ ਨੀਂਦ ਦੀਆਂ ਗੋਲੀਆਂ ਖਾਵਾਂ ਜਾਂ ਕੁੱਝ ਹੋਰ ਕਰਾਂ ਤਾਂ ਉਹ ਗੱਲ ਵੱਖਰੀ ਹੈ। ਸ਼ਰਾਬ ਮੇਰੀ ਕਮਜ਼ੋਰੀ ਨਹੀਂ ਬਣ ਸਕੀ। ਇਹਦਾ ਮਤਲਬ ਇਹ ਨਹੀਂ ਕਿ ਮੈਂ ਕਿਸੇ ਮਜ਼ਦੂਰ ਦੇ ਘਰ ਜਾ ਕੇ ਉਹਨੂੰ ਕਹਾਂ ਪਈ ਮੇਰੀ ਜਾਨ ਨਿਕਲਦੀ ਜਾਂਦੀ ਹੈ ਜਾਂ ਮੈਂ ਮਰਦਾ ਜਾਂਦਾ ਹਾਂ। ਇਹੋ ਜਿਹੀ ਕੋਈ ਗੱਲ

ਨਹੀਂ। ਇਹ ਨਾ ਹੀ ਮੇਰੀ ਆਦਤ ਹੈ ਤੇ ਨਾ ਹੀ ਮੇਰਾ ਸ਼ੌਕ। ਉਂਝ ਮੈਂ ਸ਼ਰਾਬ ਪੀ ਲੈਂਦਾ ਹਾਂ ਮੀਟ ਵੀ ਖਾ ਲੈਂਦਾ ਹਾਂ।

ਸਾਧੂ ਬਿਨਿੰਗ: ਦੂਜਾ ਸਵਾਲ ਹੈ ਕਿ ਤੁਹਾਡੇ 'ਤੇ ਪਿਛਲੇ ਕੁੱਝ ਸਮੇਂ ਤੋਂ ਅਲੋਚਨਾ ਹੋ ਰਹੀ ਹੈ ਕਿ ਤੁਸੀਂ ਹਰ ਕਿਸਮ ਦੀ ਸਟੇਜ ਤੇ ਜਾ ਕੇ ਕਵਿਤਾ ਪੜ੍ਹਦੇ ਹੋ?

ਸੰਤ ਰਾਮ ਉਦਾਸੀ: ਹਾਂ, ਜਿੱਥੇ ਵੀ ਲੋਕ ਹਨ। ਜਿੱਥੇ ਵੀ ਲੋਕਾਂ ਦੀ ਹਾਜ਼ਰੀ ਹੈ ਉੱਥੇ ਸਾਨੂੰ ਹਾਜ਼ਰੀ ਲਗਵਾਉਣੀ ਪੈਂਦੀ ਹੈ। ਪਰ ਗੱਲ ਤਾਂ ਇਹ ਹੈ ਕਿ ਉੱਥੇ ਜਾ ਕੇ ਕਹਿਣਾ ਕੀ ਹੈ। ਮੈਨੂੰ ਕੋਈ ਕਿਸੇ ਵੀ ਸਟੇਜ ਤੇ ਸੱਦੇ, ਅੱਵਲ ਤਾਂ ਲੁਟੇਰੀਆਂ ਜਮਾਤਾਂ ਵਿੱਚ ਜੁਅਰੱਤ ਨਹੀਂ ਕਿ ਮੈਨੂੰ ਸੱਦਣ, ਜੇ ਉਹ ਸੱਦਦੇ ਵੀ ਹਨ ਤਾਂ ਦੇਖਣ ਵਾਲੀ ਗੱਲ ਹੈ ਕਿ ਮੈਂ ਉੱਥੇ ਜਾ ਕੇ ਕੀ ਕਹਿੰਦਾ ਹਾਂ। ਇਹ ਉਹਨਾਂ ਲੋਕਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਮੈਂ ਕਦੀ ਆਪਣੇ ਪੈਰਾਂ ਨੂੰ ਨਹੀਂ ਭੁੱਲਿਆ। ਮੈਨੂੰ ਹਮੇਸ਼ਾਂ ਆਪਣੀ ਬੁਨਿਆਦ ਦਾ ਖਿਆਲ ਹੁੰਦਾ ਹੈ। ਜਿੱਥੇ ਲੋਕ ਹੁੰਦੇ ਹਨ ਉੱਥੇ ਸਾਡੀ ਹਾਜ਼ਰੀ ਬਹੁਤ ਜ਼ਰੂਰੀ ਹੁੰਦੀ ਹੈ। ਮੈਨੂੰ ਕੋਈ ਵੀ ਸੱਦੇ ਮੈਂ ਉੱਥੇ ਜਾਂਦਾ ਹਾਂ। ਚਾਹੇ ਮੈਨੂੰ ਗੁਰਦੁਆਰੇ ਸੱਦਣ ਜਾਂ ਸਰਕਾਰ ਦੀਆਂ ਸਟੇਜਾਂ 'ਤੇ ਸੱਦਣ। ਲਾਲ ਕਿਲੇ 'ਤੇ ਮੈਨੂੰ ਸੱਦਿਆ ਗਿਆ ਉੱਥੇ ਜਾ ਕੇ ਮੈਂ ਲੋਕਪੱਖੀ ਗੱਲ ਕੀਤੀ ਹੈ। ਅਤੇ ਉੱਥੇ ਲੋਕਾਂ ਵਿੱਚ ਐਨਾ ਚਰਚਾ ਹੋਇਆ ਮੇਰਾ ਕਿ ਦੂਜਿਆਂ ਨੂੰ ਕੋਈ ਸੁਣਨੇ ਨੂੰ ਤਿਆਰ ਈ ਨਹੀਂ ਸੀ। ਜਿਹੜੇ ਆਪਣੇ ਆਪ ਨੂੰ ਕਹਿੰਦੇ ਸੀ ਪਈ ਸਿਆਸਤ ਤੋਂ ਨਿਰਪੱਖ ਹਨ ਉਹਨਾਂ ਦੀ ਬਜਾਏ ਲੋਕ ਗੱਲ ਹੀ ਮੇਰੀ ਸੁਣਦੇ ਸਨ। ਸੋ ਮੈਂ ਨਹੀਂ ਸਮਝਦਾ ਕਿ ਮੈਂ ਕਿਸੇ ਸਟੇਜ ਦਾ ਬਾਈਕਾਟ ਕਰਨਾ ਹੈ। ਸਾਨੂੰ ਜਾਣਾ ਚਾਹੀਦਾ ਹੈ ਅਤੇ ਆਪਣੀ ਗੱਲ ਕਹਿਣੀ ਚਾਹੀਦੀ ਹੈ। ਕੀ ਉਹਨਾਂ ਥਾਵਾਂ 'ਤੇ ਲੋਕ ਨਹੀਂ ਹਨ ਜਿਨਾਂ ਤੱਕ ਅਸੀਂ ਆਪਣੀ ਗੱਲ ਪਹੁੰਚਾਣੀ ਹੈ? ਕਈ ਹੁਣ ਮੇਰੇ ਕੈਨੇਡਾ ਆਉਣ ਤੇ ਹੀ ਸੋਚਣਗੇ, ਕਹਿਣਗੇ ਉਹ ਤਾਂ ਹੁਣ ਕੈਨੇਡਾ ਜਾਣ ਲੱਗ ਗਿਆ ਜੀ। ਉਹ ਤਾਂ ਹੁਣ ਕੋਠੀਆਂ 'ਚ ਰਹਿੰਦਾ ਹੈ। ਇਸ ਤਰ੍ਹਾਂ ਦਾ ਕਰੀਟੀਸਿਜ਼ਮ ਵੀ ਆ ਜਾਂਦਾ ਹੈ। ਹੁਣ ਇਥੇ ਤਾਂ ਪਰਵਾਰ ਦੀ ਸਧਾਰਨ ਲੋੜ ਹੈ ਕਿ ਫਰਿੱਜ ਹੋਵੇ, ਕਾਰ ਹੋਵੇ ਬੰਗਲਾ ਹੋਵੇ ਤੇ ਹੋਰ ਕਈ ਕੁੱਝ। ਹਿੰਦੁਸਤਾਨ ਵਿੱਚ ਇਸ ਨੂੰ ਅਮੀਰੀ ਦਾ ਦਰਜਾ ਦਿੱਤਾ ਜਾਂਦਾ ਹੈ। ਸੋ ਇਹ ਤਾਂ ਸੋਚਾਂ ਦੇ ਪੱਧਰ ਦੀ ਗੱਲ ਹੈ। ਆਮ ਤੌਰ 'ਤੇ ਜਿਹੜੇ ਇਹੋ ਜਿਹਾ ਕਰੀਟੀਸਿਜ਼ਮ ਕਰਦੇ ਹਨ ਉਹ ਮੈਨੂੰ ਇਸ ਲਈ ਨਹੀਂ ਕਹਿੰਦੇ ਕਿ ਉਹ ਚੰਗਾ ਹੋ ਗਿਆ ਜਾਂ ਖਰਾਬ ਹੋ ਗਿਆ। ਉਹ ਤਾਂ ਸਿਰਫ ਮੇਰੇ ਕੋਲੋਂ ਆਪਣੀ ਜਥੇਬੰਦੀ ਮੂਹਰੇ ਹੱਥ ਚੁਕਾਉਣਾ ਚਾਹੁੰਦੇ ਹਨ, ਪਈ ਉਹ ਸਾਡੀ ਈਨ ਮੰਨ ਲਵੇ। ਫੇਰ ਮੈਂ ਬਹੁਤ ਵੱਡਾ ਦੇਸ਼ ਭਗਤ ਬਣ ਜਾਵਾਂਗਾ ਤੇ ਫੇਰ ਮੇਰੇ ਵਿੱਚ ਕੋਈ ਨੁਕਸ ਨਹੀਂ। ਫੇਰ ਮੈਂ ਬੜਾ ਅੱਗੇਵਧੂ ਲਿਖਾਰੀ ਹੋਵਾਂਗਾ। ਮੇਰੀ ਇਕ ਵਿਚਾਰਧਾਰਾ ਬਣ ਚੁੱਕੀ ਹੈ ਉਸਦੇ ਅਧੀਨ ਮੈਂ ਲਿਖਦਾ ਹਾਂ। ਅਲੋਚਕ ਜੋ ਮਰਜ਼ੀ ਕਹੀ ਜਾਣ। ਖੁਦ ਉਹਨਾਂ ਵਿੱਚ ਉਹ ਕਮਜ਼ੋਰੀਆਂ ਹਨ। ਉਹ ਮੇਰੀ ਇਸ ਕਮਜ਼ੋਰੀ ਨੂੰ ਫੜ ਕੇ ਰੌਲਾ ਪਾਉਂਦੇ ਹਨ। ਹੋਰ ਉਹਨਾਂ ਨੂੰ ਮੇਰੀ ਕੋਈ ਕਮਜ਼ੋਰੀ ਦਿਸਦੀ ਵੀ ਨਹੀਂ।

ਸਾਧੂ ਬਿਨਿੰਗ: ਹੁਣ ਤੁਸੀਂ ਇਥੇ ਇਸ ਸੰਸਥਾ ਦੇ ਸੱਦੇ 'ਤੇ ਕੁੱਝ ਸਮੇਂ ਲਈ ਆਏ ਹੋ। ਜੇ ਤੁਹਾਨੂੰ ਇਹ ਖੁੱਲ ਹੋਵੇ ਕਿ ਤੁਸੀਂ ਆਪਣੇ ਨਿਜੀ ਫੈਸਲੇ 'ਤੇ ਇਥੇ ਰਹਿ ਸਕੋਂ ਤਾਂ ਕੀ ਤੁਸੀਂ ਕੈਨੇਡਾ ਰਹਿਣਾ ਪਸੰਦ ਕਰੋਗੇ? ਜਾਂ ਵਾਪਿਸ ਜਾਣਾ?

ਸੰਤ ਰਾਮ ਉਦਾਸੀ: ਮੈਂ ਇਥੇ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ, ਜਿਸ ਦਾ ਛੋਟਾ ਨਾਂ 'ਇਪਾਨਾ' ਹੈ, ਦੇ ਸੱਦੇ 'ਤੇ ਆਇਆ ਹਾਂ। ਉਹਨਾਂ ਨੇ ਮੇਰੀ ਜਥੇਬੰਦੀ ਕੋਲੋਂ ਇਜਾਜ਼ਤ ਲਈ ਹੈ ਕਿ ਮੈਂ ਦੋ ਤਿੰਨ ਮਹੀਨੇ ਇਥੇ ਰਹਿਣਾ ਹੈ। ਤੇ ਬਾਕੀ ਮੌਸਮ ਦੇ ਲਿਹਾਜ ਨਾਲ ਵੀ ਤੇ ਮੇਰੇ ਘਰੋਗੀ ਕਾਰਨਾਂ ਕਰਕੇ ਵੀ ਅਤੇ ਉਦਾਂ ਵੀ ਮੇਰੇ ਜਜ਼ਬਾਤੀ ਕਾਰਨਾਂ ਕਰਕੇ ਵੀ ਮੈਂ ਕੈਨੇਡਾ ਰਹਿਣਾ ਪਸੰਦ ਨਹੀਂ ਕਰਦਾ। ਹੁਣ ਤਕਰੀਬਨ ਮਹੀਨਾ ਹੋ ਗਿਆ ਮੈਨੂੰ ਇਥੇ ਆਏ ਨੂੰ ਤੇ ਮੇਰਾ ਚਿੱਤ ਬਿਲਕੁਲ ਨਹੀਂ ਲਗਦਾ। ਮੈਨੂੰ ਆਪਣੇ ਲੋਕ ਬਹੁਤ ਪਿਆਰੇ ਲਗਦੇ ਹਨ। ਆਪਣੀ ਧਰਤੀ ਲਈ ਮੈਂ ਤਰਸਿਆ ਪਿਆ ਹਾਂ। ਬਹੁਤਾ ਰਹਿਣ ਦੀ ਮੈਂ ਉਮੀਦ ਹੀ ਨਹੀਂ ਕਰਦਾ। ਮੈਂ ਤਾਂ ਕਹਿਣਾ ਪਈ ਜਿੰਨੀ ਮੈਨੂੰ ਇਜਾਜ਼ਤ ਮਿਲੀ ਹੈ ਇੰਨੀ ਵੀ ਮੈਂ ਮਸਾਂ ਹੀ ਪੂਰੀ ਕਰਨੀ ਹੈ। ਜਿੱਥੇ ਮੈਂ ਕੰਮ ਕਰਨਾ ਹੈ, ਜਿਹੜੇ ਲੋਕਾਂ ਦੇ ਵਿੱਚ ਮੇਰਾ ਆਧਾਰ ਹੈ, ਮੈਂ ਉਹਨਾਂ ਲੋਕਾਂ ਤੋਂ ਵੱਖ ਨਹੀਂ ਰਹਿਣਾ ਚਾਹੁੰਦਾ। ਬਾਕੀ ਜਿਹੜੀ ਗੱਲ ਹੈ ਕਮਾਈ ਕਰਨ ਦੀ ਜਾਂ ਆਪਣੀ ਉਸਤਤ ਵਧਾਉਣ ਦੀ, ਇਹ ਗੱਲਾਂ ਮੇਰੇ ਲਈ ਨਹੀਂ। ਮੈਨੂੰ ਕੈਨੇਡਾ ਵਿੱਚ ਬਹੁਤ ਪਿਆਰ ਮਿਲਿਆ ਹੈ। ਪਰ ਇਸ ਤੋਂ ਵੀ ਕਿਤੇ ਵੱਧ ਪਿਆਰ ਮੈਨੂੰ ਹਿੰਦੁਸਤਾਨ ਵਿੱਚ ਮਿਲਿਆ ਹੈ। ਮੈਨੂੰ ਆਪਣਾ ਦੇਸ਼ ਬਹੁਤ ਪਿਆਰਾ ਹੈ। ਉਸ ਨਾਲੋਂ ਵਿਛੜ ਕੇ ਮੈਂ ਬਹੁਤਾ ਚਿਰ ਨਹੀਂ ਰਹਿਣਾ ਚਾਹੁੰਦਾ। ਹੁਣ ਮੇਰਾ ਦਿਲ ਕਰਦਾ ਹੈ ਪਈ ਮੈਂ ਕਿਹੜੀ ਘੜੀ ਵਾਪਿਸ ਚਲੇ ਜਾਵਾਂ। ਮੈਨੂੰ ਉਹ ਲੋਕ ਬਹੁਤੇ ਪਿਆਰੇ ਲਗਦੇ ਹਨ। ●

ਕਹਾਣੀ

# ਸੂਰਾ ਸੋ ਪਹਿਚਾਨੀਐ

## ਹਰਪ੍ਰੀਤ ਸੇਖਾ

ਸਕੌਟ ਰੋਡ ਵੱਲ ਜਾਂਦਿਆਂ ਗੁਰਜੀਵਨ ਦੀ ਨਿਗ੍ਹਾ ਅੱਗੇ ਜਾ ਰਹੇ ਇਕ ਪਿਕ-ਅੱਪ ਟਰੱਕ 'ਤੇ ਪੈਂਦੀ ਹੈ। ਉਸ 'ਤੇ ਵੈਨਕੂਵਰ ਕਨੱਕਸ ਦੀ ਹਾਕੀ ਟੀਮ ਦੇ ਲਹਿਰਾ ਰਹੇ ਚਾਰ ਵੱਡੇ ਝੰਡੇ ਗੁਰਜੀਵਨ ਨੂੰ ਚੰਗੇ ਲੱਗਦੇ ਹਨ। ਗੁਰਜੀਵਨ ਆਪਣੀ ਮਸਟੈਂਗ ਕਾਰ ਉਸ ਟਰੱਕ ਦੇ ਬਰਾਬਰ ਕਰ ਕੇ ਹਾਰਨ ਵਜਾਉਂਦਾ ਹੈ। ਟਰੱਕ ਵਾਲਾ ਵੀ ਹਾਰਨ ਮਾਰਦਾ ਹੈ। ਜੇ ਇਹ ਆਮ ਦਿਨਾਂ ਵਰਗੇ ਦਿਨ ਹੁੰਦੇ ਤਾਂ ਗੁਰਜੀਵਨ ਨੇ ਇਸ ਤਰ੍ਹਾਂ ਇਕ ਅਣਪਛਾਤੇ ਬੰਦੇ ਨੂੰ ਹਾਰਨ ਨਹੀਂ ਸੀ ਮਾਰਨਾ। ਇਹ ਤਾਂ ਲੜਾਈ ਮੁੱਲ ਲੈਣ ਵਾਲੀ ਗੱਲ ਹੁੰਦੀ। ਪਰ ਵੈਨਕੂਵਰ ਵਿਚ ਖਾਸ ਦਿਨ ਚੱਲ ਰਹੇ ਹਨ। ਸਾਰਾ ਸ਼ਹਿਰ ਹੀ ਇਕ ਰੰਗ ਵਿੱਚ ਰੰਗਿਆ ਗਿਆ ਹੈ। ਗੁਰਜੀਵਨ ਸਾਰੇ ਰਾਹ ਇਸੇ ਤਰ੍ਹਾਂ ਹੀ ਝੰਡੇ ਵਾਲੇ ਕਾਰਾਂ-ਟਰੱਕਾਂ ਅਤੇ ਸੜਕਾਂ 'ਤੇ ਝੰਡੇ ਫੜੀ ਖੜ੍ਹੇ ਲੋਕਾਂ ਨਾਲ ਹਾਰਨ ਵਜਾ ਕੇ ਖੁਸ਼ੀ ਸਾਂਝੀ ਕਰਦਾ ਆਇਆ ਹੈ। ਟਰੱਕ ਵਾਲੇ ਝੰਡਿਆਂ ਦੇ ਮੁਕਾਬਲੇ ਗੁਰਜੀਵਨ ਨੂੰ ਆਪਣੀ ਕਾਰ 'ਤੇ ਟੰਗੇ ਝੰਡੇ ਛੋਟੇ ਲੱਗਦੇ ਹਨ। ਉਹ ਸਿੱਧੇ ਜਾਂਦਿਆਂ ਅਚਾਨਕ ਕਾਰ 126 ਸਟਰੀਟ ਤੋਂ ਸੱਜੇ ਮੋੜ ਲੈਂਦਾ ਹੈ।

"ਹੇ ਗੁਰਜ, ਤੂੰ ਸੱਜੇ ਕਿਓਂ ਮੁੜਿਆ ਹੈਂ? ਆਪਾਂ ਕਿੱਧਰ ਚੱਲੇ ਆਂ?" ਨਾਲ ਦੀ ਸੀਟ 'ਤੇ ਬੈਠਾ ਉਸਦੇ ਬਚਪਨ ਦਾ ਦੋਸਤ, ਸੁੱਖ ਆਖਦਾ ਹੈ।

"ਸ਼ਾਂਤੀ ਮੈਨ, ਬੱਸ ਦੋ ਮਿੰਟ, ਵਾਲ-ਮਾਰਟ ਜਾਣਾ ਹੈ, ਕਨੱਕਸ ਦੇ ਝੰਡੇ ਲੈਣ।"

"ਤੇਰੀ ਕਾਰ 'ਤੇ ਦੋ ਝੰਡੇ ਲੱਗੇ ਤਾਂ ਹੋਏ ਆ। ਤੈਨੂੰ ਚੇਤੇ ਨਹੀਂ ਕਿ ਤੇਰੀ ਕਾਰ ਦੇ ਦੋ ਹੀ ਦਰਵਾਜ਼ੇ ਆ। ਦੋਹਾਂ 'ਤੇ ਇੱਕ-ਇੱਕ ਝੰਡਾ ਤੂੰ ਪਹਿਲਾਂ ਹੀ ਫਸਾਇਆ ਹੋਇਐ।"

"ਨਹੀਂ, ਮੈਨੂੰ ਦੋ ਵੱਡੇ ਝੰਡੇ ਹੋਰ ਚਾਹੀਦੇ ਆ।"

"ਜੇ ਤੈਨੂੰ ਪੈਸੇ ਬਰਬਾਦ ਕਰਨ ਦਾ ਐਨਾ ਹੀ ਸ਼ੁਦਾਅ ਚੜ੍ਹਿਐ ਤਾਂ ਵਾਲ-ਮਾਰਟ ਕਿਓਂ। ਸਕੌਟ ਰੋਡ 'ਤੇ ਹੋਰ ਬਥੇਰੇ ਸਟੋਰ ਨੇ। ਸਥਾਨਕ ਤੇ ਛੋਟੇ ਸਟੋਰ। ਤੈਨੂੰ ਪਤੈ ਕਿ ਮੈਂ ਵਾਲਮਾਰਟ ਦਾ ਬਾਈਕਾਟ ਕੀਤਾ ਹੋਇਐ।"

"ਤੂੰ ਨਾ ਜਾਈਂ। ਕਾਰ ਵਿੱਚ ਬੈਠਾ ਰਹੀਂ।"

"ਤੂੰ ਦੇਖ। ਤੂੰ ਮੈਨੂੰ ਖਿੱਚ ਕੇ ਨਾਲ ਲਿਆਇਐਂ। ਤੇ ਹੁਣ ਮੈਨੂੰ 'ਕੱਲਾ ਕਾਰ ਵਿਚ ਛੱਡ ਕੇ ਜਾਏਂਗਾ?"

"ਮੇਰੇ ਪੱਚੀ-ਤੀਹ ਡਾਲਰਾਂ ਨਾਲ ਵਾਲਮਾਰਟ ਹੋਰ ਨੀ ਅਮੀਰ ਹੋਣ ਲੱਗਾ। ਤੂੰ ਮੇਰੇ ਨਾਲ ਚੱਲੀਂ।"

"ਬਾਈਕਾਟ ਦਾ ਮਤਲਬ ਐ ਬਾਈਕਾਟ। ਮੈਂ ਨਹੀਂ ਜਾਵਾਂਗਾ।"

"ਤੇਰੀ ਯਾਰ ਸਮੱਸਿਆ ਕੀ ਐ? ਤੂੰ ਜ਼ਿੰਦਗੀ ਦਾ ਆਨੰਦ ਕਿਓਂ ਨੀ ਮਾਣਦਾ?" ਆਖਦਾ ਗੁਰਜੀਵਨ ਖੁਰੀ ਮੋੜ ਮਾਰ ਕੇ ਕਾਰ 88 ਐਵੀਨਿਊ ਵੱਲ ਮੋੜ ਲੈਂਦਾ ਹੈ ਅਤੇ ਫਿਰ ਸਕੌਟ ਰੋਡ ਤੋਂ ਖੱਬੇ। ਗੁਰਜੀਵਨ ਦੇ ਖੁਰੀ ਮੋੜ ਮਾਰਦਿਆਂ ਹੀ ਸੁੱਖ ਬੋਲਿਆ, "ਤੈਨੂੰ ਕੌਣ ਕਹਿੰਦਾ ਹੈ ਕਿ ਮੈਂ ਜ਼ਿੰਦਗੀ ਨੂੰ ਨਹੀਂ ਮਾਣਦਾ। ਸਗੋਂ ਤੂੰ ਹੀ ਇਹ ਗੱਲ ਨਹੀਂ ਸਮਝਦਾ ਕਿ ਵਾਲਮਾਰਟ ਸਟੋਰ ਕਾਮਿਆਂ ਨੂੰ ਯੂਨੀਅਨ ਨਹੀਂ ਬਣਾਉਣ ਦਿੰਦਾ। ਐਹੋ-ਜਿਹੇ ਸਟੋਰਾਂ ਦਾ ਬਾਈਕਾਟ ਕਰਕੇ ਇਨ੍ਹਾਂ ਨੂੰ ਬੰਦ ਕਰਾਉਣਾ ਚਾਹੀਦੈ।"

"ਤਾਂ ਕਿ ਲੋਕ ਨੌਕਰੀਆਂ ਤੋਂ ਹੱਥ ਧੋ ਲੈਣ? ਗੁਰਜੀਵਨ ਵਿਅੰਗ ਨਾਲ ਆਖਦਾ ਹੈ ਤੇ ਫਿਰ ਸੁੱਖ ਵੱਲ ਦੇਖ ਕੇ ਬੋਲਦਾ ਹੈ, " ਇਹ ਤਾਂ ਸਗੋਂ ਚੰਗਾ ਕਿ ਆਪਾਂ ਨੂੰ ਚੀਜ਼ਾਂ ਸਸਤੀਆਂ ਮਿਲਦੀਆਂ।"

"ਤੂੰ ਦੇਖ,ਚੀਜਾਂ ਤਾਂ ਉਨ੍ਹਾਂ ਨੂੰ ਮੰਡੀ ਦੇ ਭਾਅ ਹੀ ਵੇਚਣੀਆਂ ਪੈਣਗੀਆਂ ਜੇ ਉਨ੍ਹਾਂ ਨੇ ਗਾਹਕਾਂ ਨੂੰ ਆਪਣੇ ਵੱਲ ਖਿੱਚਣੈ। ਪਰ ਉਹ ਕਾਮਿਆਂ ਨੂੰ ਥੋੜ੍ਹੀ ਤਨਖਾਹ ਦੇ ਕੇ ਆਪਣਾ ਮੁਨਾਫ਼ਾ ਵਧਾਉਂਦੇ ਆ।"

"ਉਸ ਮੁਨਾਫੇ ਨਾਲ ਹੋਰ ਸਟੋਰ ਖੋਲ੍ਹਦੇ ਨੇ ਤੇ ਹੋਰ ਲੋਕਾਂ ਨੂੰ ਨੌਕਰੀਆਂ ਮਿਲਦੀਆਂ।"

"ਤੂੰ ਦੇਖ, ਇਹੀ ਤਾਂ ਸਰਮਾਏਦਾਰੀ ਦਾ ਖਾਸਾ ਹੈ ਕਿ ਉਹ ਨੌਕਰੀਆਂ ਦੇਣ ਦਾ ਲਾਲਚ ਦੇ ਕੇ ਜਾਂ ਨੌਕਰੀਆਂ ਖੋਹਣ ਦਾ ਡਰਾਵਾ ਦੇ ਕੇ ਕਾਮਿਆਂ ਦਾ ਸ਼ੋਸ਼ਣ ਕਰਦੇ ਆ।"

"ਮੈਨ, ਮੈਨ, ਸੁੱਖ, ਕ੍ਰਿਪਾ ਕਰ। ਅੱਜ ਮੈਨੂੰ ਜਿੱਤ ਦੀ ਖੁਸ਼ੀ ਮਨਾਉਣ ਦੇ। ਬਾਹਰ ਵੇਖ ਕਿਵੇਂ ਲੋਕ ਜਿੱਤ ਦਾ ਜਸ਼ਨ ਮਨਾ ਰਹੇ ਆ," ਆਖ ਕੇ ਗੁਰਜੀਵਨ ਆਪਣਾ ਹੱਥ ਹਾਰਨ ਉੱਪਰ ਰੱਖ ਦਿੰਦਾ ਹੈ ਅਤੇ ਕਾਰ ਹੋਰ ਤੇਜ਼ ਕਰ ਦਿੰਦਾ ਹੈ ਪਰ 76 ਐਵੀਨਿਊ 'ਤੇ ਜਾ ਕੇ ਉਸ ਨੂੰ ਕਾਰ ਹੌਲੀ ਕਰਨੀ ਪੈਂਦੀ ਹੈ। ਬਹੁਤ ਸਾਰੇ ਲੋਕ ਸਕੌਟ ਰੋਡ ਦੇ ਦੋਹੀਂ ਪਾਸੀਂ ਵੈਨਕੂਵਰ ਕਨੱਕਸ ਦੇ ਲੋਗੋ ਵਾਲੀਆਂ ਜਰਸੀਆਂ ਪਾਈ ਕਨੱਕਸ ਦੇ ਝੰਡੇ ਲਹਿਰਾ ਰਹੇ ਹਨ। ਗੁਰਜੀਵਨ ਉਨ੍ਹਾਂ ਕੋਲ ਦੀ ਲੰਘਦਾ ਹਾਰਨ ਵਜਾਉਂਦਾ ਫਿਰ ਹੱਥ ਬਾਹਰ ਕੱਢ ਕੇ ਲਹਿਰਾਉਂਦਾ ਜਾਂਦਾ ਹੈ। 72 ਐਵੀਨਿਊ ਵਾਲਾ ਚੌਰਸਤਾ ਲੰਘ ਕੇ ਉਹ ਬੋਲਦਾ ਹੈ, "ਸੁੱਖ, ਅੱਜ ਪਿਛਲੇ ਵਾਰੀ ਤੋਂ ਵੀ ਜਿਆਦਾ ਲੋਕ ਆ ਇੱਥੇ।"

"ਤੇਰੀ ਗੱਲ ਠੀਕ ਆ। ਪਲੇਅ-ਆਫ਼ ਦੇ ਪਹਿਲੇ ਰਾਊਂਡ ਨਾਲੋਂ ਦੂਜੇ ਰਾਊਂਡ ਵਿਚ ਜਿਆਦਾ ਲੋਕ ਉਤਸ਼ਾਹਤ ਹੋਏ ਸੀ ਤੇ ਹੁਣ ਉਸ ਨਾਲੋਂ ਵੀ ਜਿਆਦਾ। ਜਿਵੇਂ-ਜਿਵੇਂ ਟੀਮ ਅਗਲੇ ਰਾਊਂਡ ਵਿਚ ਪਹੁੰਚ ਰਹੀ ਐ ਹੋਰ ਲੋਕ ਟੀਮ ਦੇ ਪ੍ਰਸੰਸਕ ਬਣ ਰਹੇ ਆ," ਸੁੱਖ ਜਵਾਬ ਦਿੰਦਾ ਹੈ।

"ਹੁਣ ਤਾਂ ਆਪਣੇ ਵੀ ਬਹੁਤ ਲੋਕ ਕਨੱਕਸ ਦੇ ਪ੍ਰਸੰਸਕ ਆ। ਇੱਥੇ ਸਕੌਟ ਰੋਡ 'ਤੇ ਵੀ ਅੱਧੇ ਤੋਂ ਜਿਆਦਾ ਪੰਜਾਬੀ ਲੋਕ ਆ। ਆਪਣੇ ਬੁੱਢੇ ਲੋਕ ਵੀ ਹਾਕੀ ਦੇਖਣ ਲੱਗੇ ਆ। ਤੈਨੂੰ ਹੈਰਾਨੀ ਵਾਲੀ ਗੱਲ ਦੱਸਦਾਂ ਮੇਰਾ ਰਿਸ਼ਤੇਦਾਰ ਸੰਨੀ ਐ ਨਾ। ਤੂੰ ਉਸਦੀ ਨਾਨੀ ਦੇਖੀ ਆ? ਬਹੁਤ ਬੁੱਢੀ ਐ। ਮੈਂ ਉਨ੍ਹਾਂ ਦੇ ਘਰ ਗਿਆ। ਮੈਂ ਸੰਨੀ ਨੂੰ ਪੁੱਛਿਆ ਕਿ ਸਕੋਰ ਕੀ ਆ। ਕੋਲੋਂ ਨਾਨੀ ਕਹਿੰਦੀ, 'ਦੋ-ਜ਼ੀਰੋ ਆ। ਹੁਣੇ ਕੈਸਲਰ ਨੇ ਦੋ ਲਗਾਤਾਰ ਗੋਲ ਕੀਤੇ ਆ'। ਮੈਂ ਹੈਰਾਨ ਹੋ ਗਿਆ। ਮੈਨੂੰ ਲਗਦਾ ਸੀ ਕਿ ਉਸਨੂੰ ਹਾਕੀ ਬਾਰੇ ਕੁਝ ਪਤਾ ਈ ਨੀ ਹੋਣਾ," ਆਖ ਕੇ ਗੁਰਜੀਵਨ ਹੱਸਦਾ ਹੈ। ਸਕੌਟਸਡੇਲ ਮੌਲ ਦੀ ਪਾਰਕਿੰਗ ਲੌਟ ਵਿਚ ਕਾਰ ਖੜ੍ਹੀ ਕਰਕੇ ਉਹ ਫਿਰ ਸਕੌਟ ਰੋਡ ਤੇ 72 ਐਵੀਨਿਊ ਦੇ ਚੌਰਸਤੇ ਵੱਲ ਤੁਰ ਪੈਂਦੇ ਹਨ। ਉੱਥੇ ਢੋਲ ਵੱਜਦਾ ਹੈ। ਉਹ ਨੱਚ ਰਹੇ ਮੁੰਡੇ-ਕੁੜੀਆਂ ਨਾਲ ਨੱਚਣ ਲੱਗਦੇ ਹਨ। ਕਈ ਉੱਚੀ ਆਵਾਜ਼ ਵਿਚ 'ਗੋ ਕਨੱਕਸ ਗੋ' ਗਾ ਰਹੇ ਹਨ।

ਗੁਰਜੀਵਨ ਹੋਰਾਂ ਨੇ ਉਸ ਸਾਲ ਵੀ ਇਹ 'ਗੋ ਕਨੱਕਸ ਗੋ' ਗੀਤ ਬਹੁਤ ਉਤਸ਼ਾਹ ਨਾਲ ਗਾਇਆ ਸੀ, ਜਿਸ ਸਾਲ ਉਹ ਪਹਿਲੀ ਵਾਰ ਵੈਨਕੂਵਰ ਕਨੱਕਸ ਦੀ ਗੇਮ ਦੇਖਣ ਲਈ ਪ੍ਰਿੰਸ ਰੂਪਰਟ ਤੋਂ ਚੱਲ ਕੇ ਵੈਨਕੂਵਰ ਆਏ ਸਨ। ਉਦੋਂ ਉਹ ਅੱਠਵੀਂ ਵਿਚ ਪੜ੍ਹਦੇ ਸਨ। ਗੁਰਜੀਵਨ ਨੇ ਆਪਣੇ ਪ੍ਰੀਵਾਰ ਦੇ ਨਾਲ ਸੁੱਖ ਨੂੰ ਵੀ ਲਿਜਾਣ ਲਈ ਆਪਣੇ ਅਤੇ ਸੁੱਖ ਦੇ ਮਾਂ-ਪਿਓ ਨੂੰ ਮਨਾ ਲਿਆ।

ਕਾਰ ਦੇ ਚੱਲਣ ਦੀ ਦੇਰ ਸੀ ਕਿ ਗੁਰਜੀਵਨ , ਉਸਦੀ ਛੋਟੀ ਭੈਣ ਗੁਰਸਿਮਰਨ ਤੇ ਸੁੱਖ ਕਾਰ ਦੀ ਪਿਛਲੀ ਸੀਟ 'ਤੇ ਬੈਠੇ 'ਗੋ ਕਨੱਕਸ ਗੋ' ਗਾਉਣ ਲੱਗੇ ਸਨ। ਉਹ ਟੈਰੱਸ ਤੱਕ ਸਾਰੇ ਰਾਹ ਘੰਟਾ ਭਰ ਇਵੇਂ ਗਾਉਂਦੇ ਰਹੇ ਸਨ। ਗੁਰਜੀਵਨ ਦੀ ਮਾਂ ਆਖਦੀ, "ਥੋਡਾ ਸੰਘ ਦੁਖਣ ਲੱਗਜੂ। ਵੇਖ ਕਿਵੇਂ ਰਿੰਗਦੇ ਆ।" ਪਰ ਉਹ ਚੁੱਪ ਨਹੀਂ ਸੀ ਕੀਤੇ। ਟੈਰੱਸ ਲੰਘ ਕੇ ਜਦੋਂ ਉਹ ਪਹਿਲਾਂ ਹੌਲੀ ਤੇ ਫਿਰ ਚੁੱਪ ਹੋਏ ਸਨ ਤਾਂ ਗੁਰਜੀਵਨ ਦੇ ਡੈਡੀ ਬੋਲੇ, "ਚਲੋ ਹੁਣ ਰਹਿਰਾਸ ਸਾਹਿਬ ਦੇ ਪਾਠ ਦਾ ਟਾਈਮ ਹੋ ਗਿਆ। ਕੌਣ ਕਰੂ?"

"ਤਿੰਨੇ ਕਰਨਗੇ ਵਾਰੀ ਵਾਰੀ। ਕਿਓਂ ਬੱਚਿਓ?" ਗੁਰਜੀਵਨ ਦੀ ਮਾਂ ਬੋਲੀ। ਪਾਠ ਕਰਨ ਤੋਂ ਬਾਅਦ ਉਹ ਫਿਰ ਇਸੇ ਤਰ੍ਹਾਂ ਗਾਉਣ ਲੱਗ ਪਏ। ਪਰ ਉਹ ਥੋੜ੍ਹੀ ਦੇਰ ਗਾ ਕੇ ਫਿਰ ਚੁੱਪ ਹੋ ਗਏ। ਫਿਰ ਕਾਰ ਦੀਆਂ ਇਕਦਮ ਬਰੇਕਾਂ ਵੱਜੀਆਂ ਅਤੇ ਕਾਰ ਹਚਕੋਲਾ ਮਾਰ ਕੇ ਫਿਰ ਤੁਰ ਪਈ। ਗੁਰਜੀਵਨ ਨੇ ਅਗਾਂਹ ਹੋ ਕੇ ਦੇਖਿਆ। ਸੜਕ ਦੇ ਵਿਚਕਾਰ ਹਿਰਨ ਖੜ੍ਹਾ ਸੀ। "ਐਡਾ ਮੂਰਖ ਜਾਨਵਰ ਐ। ਅੱਖਾਂ ਮੀਚ ਕੇ ਕਾਰ ਵੱਲ ਭੱਜੂ ," ਗੁਰਜੀਵਨ ਦੇ ਡੈਡੀ ਨੇ ਕਿਹਾ। ਫਿਰ ਗੁਰਜੀਵਨ ਤੇ ਸੁੱਖ ਬਾਹਰ ਵੱਲ ਦੇਖਣ ਲੱਗੇ ਸਨ। ਉਹ ਕੁਝ ਦੂਰ ਹੀ ਗਏ ਸਨ ਕਿ ਗੁਰਜੀਵਨ ਦੀ ਨਿਗ੍ਹਾ ਸੜਕ ਤੇ ਖੜ੍ਹੇ ਰਿੱਛ 'ਤੇ ਪਈ। "ਡੈਡੀ ,ਰੁਕੋ,ਰੁਕੋ। ਉਹ ਰਿੱਛ ਖੜ੍ਹਾ।"

"ਇਹਦੀ ਚਿੰਤਾ ਨਾ ਕਰ। ਇਹ ਸਿਆਣਾ ਜਾਨਵਰ ਆ। ਠਰੰਮੇ ਵਾਲਾ। ਏਹਨੇ ਇਵੇਂ ਖੜ੍ਹੇ ਰਹਿਣਾ। ਜਦੋਂ ਕਾਰ ਲੰਘ ਗਈ ਅਰਾਮ ਨਾਲ ਸੜਕ ਪਾਰ ਕਰੂਗਾ," ਗੁਰਜੀਵਨ ਦੇ ਡੈਡੀ ਨੇ ਕਿਹਾ। ਗੁਰਜੀਵਨ ਅਰਾਮ ਨਾਲ ਬੈਠ ਗਿਆ। ਉਸ ਨੂੰ ਆਪਣੀ ਮਾਂ ਦਾ 'ਵ੍ਹਾਗੁਰੂ-ਵ੍ਹਾਗਰੂ' ਦਾ ਜਾਪ ਉੱਚਾ ਹੋ ਗਿਆ ਲੱਗਾ। ਜਦੋਂ ਉਸਦੀ ਆਵਾਜ਼ ਕੁਝ ਨੀਵੀਂ ਹੋਈ, ਗੁਰਜੀਵਨ ਤੇ ਸੁੱਖ ਫਿਰ 'ਗੋ ਕਨੱਕਸ ਗੋ' ਦਾ ਜਾਪ ਕਰਨ ਲੱਗੇ। ਗੁਰਜੀਵਨ ਦੀ ਮਾਂ ਬੋਲੀ, "ਜੇ ਹਿਰਨ ਕਾਰ 'ਚ ਵੱਜਦਾ ਤਾਂ ਕੁਛ ਨੀ ਸੀ ਬਚਣਾ ਲੱਗਦੇ ਕਨੱਕਸ ਦੇ। ਚੁੱਪ ਕਰਕੇ ਸੌਂ ਜੋ।"

ਪਰ ਉਹ ਸੁੱਤੇ ਨਹੀਂ ਸਨ। ਸੋਲਾਂ ਘੰਟਿਆਂ ਦੇ ਸਫ਼ਰ ਵਿਚ ਮਸਾਂ ਤਿੰਨ-ਚਾਰ ਘੰਟੇ ਹੀ ਸੁੱਤੇ ਸਨ। ਵੈਨਕੂਵਰ ਪਹੁੰਚ ਕੇ ਉਨ੍ਹਾਂ ਨੇ ਕਨੱਕਸ ਦੇ ਲੋਗੋ ਵਾਲੀਆਂ ਜਰਸੀਆਂ ਖ੍ਰੀਦੀਆਂ ਸਨ। ਗੁਰਜੀਵਨ ਨੇ ਆਪਣੇ ਮਨਭਾਉਂਦੇ ਖਿਡਾਰੀ ਟੌਡ ਬਰਟੂਜ਼ੀ ਵਾਲੀ ਨੰਬਰ 44 ਅਤੇ ਸੁੱਖ ਤੇ ਗੁਰਸਿਮਰਨ ਨੇ ਮਾਰਕਸ ਨਸਲੈਂਡ ਵਾਲੀ ਨੰਬਰ 19। ਗੇਮ ਦੇਖਦਿਆਂ ਵੀ ਉਹ ਬਾਕੀ ਲੋਕਾਂ ਨਾਲ ਰਲ ਕੇ ਵਿਚ-ਵਿਚ 'ਗੋ ਕਨੱਕਸ ਗੋ' ਗਾਉਣ ਲੱਗਦੇ।

ਇਸ ਸਾਲ ਤਾਂ ਸਾਰਾ ਸੂਬਾ ਹੀ ਇਹ ਗਾ ਰਿਹਾ ਹੈ। ਵੈਨਕੂਵਰ ਦੇ ਲਾਗਲੇ ਸ਼ਹਿਰਾਂ ਵਿੱਚ ਤਾਂ ਕਨੱਕਸ ਦੀ ਹਨੇਰੀ ਝੁੱਲ ਗਈ ਹੈ। ਵੈਨਕੂਵਰ ਦੀ ਆਈਸ ਹਾਕੀ ਟੀਮ 'ਵੈਨਕੂਵਰ ਕਨੱਕਸ' ਨੂੰ ਚਾਲ੍ਹੀ ਵਰ੍ਹੇ ਹੋ ਗਏ ਹਨ, ਨੈਸ਼ਨਲ ਹਾਕੀ ਲੀਗ ਨਾਲ ਭਾਈਵਾਲੀ ਕੀਤਿਆਂ ਪਰ ਹਾਲੇ ਤੱਕ ਇਸਨੇ ਇੱਕ ਵਾਰ ਵੀ ਸਟੈਨਲੇ ਕੱਪ ਨਹੀਂ ਜਿੱਤਿਆ। ਦੋ ਵਾਰ ਜਿੱਤਣ ਦੀਆਂ ਐਨ ਬਰੂਹਾਂ ਤੋਂ ਮੁੜੀ ਸੀ। ਇਸ ਸਾਲ ਪਹਿਲੀ ਵਾਰ ਵੈਨਕੂਵਰ ਕਨੱਕਸ ਨੇ ਰੈਗੂਲਰ ਸੀਜ਼ਨ ਦੀਆਂ 82 ਗੇਮਾਂ ਵਿੱਚ ਸਾਰੀਆਂ ਤੀਹ ਟੀਮਾਂ ਵਿੱਚੋਂ ਸਭ ਤੋਂ ਜਿਆਦਾ 117 ਪੁਆਇੰਟ ਲੈ ਕੇ ਪ੍ਰੈਜ਼ੀਡੈਂਟਸ ਟਰਾਫ਼ੀ ਜਿੱਤੀ ਹੈ। ਵੈਨਕੂਵਰ ਵਾਲਿਆਂ ਨੂੰ ਆਸ ਹੈ ਕਿ ਪਲੇਆਫ਼ ਵਿੱਚ ਵੀ ਉਨ੍ਹਾਂ ਦੀ ਟੀਮ ਸਭ ਤੋਂ ਉੱਪਰ ਰਹੇਗੀ। ਤੇ ਪਲੇਅ-ਆਫ਼ ਵਿੱਚ ਵੀ ਟੀਮ ਨੇ ਪਹਿਲਾ, ਦੂਜਾ ਤੇ ਫਿਰ ਤੀਜਾ ਰਾਊਂਡ ਜਿੱਤ ਕੇ ਵੈਸਟਰਨ ਕਾਨਫਰੰਸ ਦੀ ਕੈਮਬਲ ਬੋਅਲ ਟਰਾਫੀ 'ਤੇ ਕਬਜ਼ਾ ਕਰ ਲਿਆ ਹੈ। ਜਿਓਂ-ਜਿਓਂ ਟੀਮ ਅੱਗੇ ਵਧਦੀ ਹੈ ਲੋਕਾਂ ਦਾ ਉਤਸ਼ਾਹ ਦੂਣ-ਸਵਾਇਆ ਹੋ ਰਿਹਾ ਹੈ। 'ਗੋ ਕਨੱਕਸ ਗੋ' ਦਾ ਗੀਤ ਹੋਰ ਗੂੰਜਣ ਲੱਗਦਾ ਹੈ। ਲੋਕਲ ਅਖਬਾਰਾਂ ਦੇ ਪਹਿਲੇ ਸਫ਼ੇ ਉੱਪਰ ਵੈਨਕੂਵਰ ਕਨੱਕਸ ਦੀ ਜਿੱਤ ਦੀ ਵੱਡੀ ਫੋਟੋ ਹੁੰਦੀ ਹੈ।

ਪਹਿਲੇ ਸਫ਼ੇ 'ਤੇ ਕਨੱਕਸ ਦੀ ਫੋਟੋ ਦੇਖ ਕੇ ਗੁਰਜੀਵਨ ਨੂੰ ਅਖਬਾਰ ਚੰਗੀ-ਚੰਗੀ ਲੱਗਦੀ ਹੈ। ਹੁਣ ਉਸ ਨੂੰ ਅਖਬਾਰ ਪਿਛਲੇ ਸਫ਼ੇ ਤੋਂ ਸ਼ੁਰੂ ਨਹੀਂ ਕਰਨੀ ਪੈਂਦੀ, ਜਿੱਥੇ ਖੇਡਾਂ ਦੀਆਂ ਖਬਰਾਂ ਹੁੰਦੀਆਂ ਹਨ। ਪਰ ਸੁੱਖ ਨੂੰ ਇਹ ਗੱਲ ਬਹੁਤ ਅੱਖਰਦੀ ਹੈ ਕਿ ਅਖਬਾਰਾਂ ਨੂੰ ਹੋਰ ਸਭ ਕੁਝ ਐਨਾਂ ਮਹੱਤਵ ਪੂਰਨ ਨਹੀਂ ਲੱਗਦਾ, ਜਿੰਨਾ ਹਾਕੀ ਟੀਮ ਦੀ ਜਿੱਤ-ਹਾਰ। ਉਸ ਨੂੰ ਵੱਡਾ ਗਿਲਾ ਇਹ ਹੈ ਕਿ ਅਖਬਾਰਾਂ ਟੈਕਸ

ਪ੍ਰਤੀ ਉਸ ਰੈਫਰੰਡਮ ਨੂੰ ਓਹਨੀ ਮਹੱਤਤਾ ਨਹੀਂ ਦਿੰਦੀਆਂ, ਜਿਸ ਦੇ ਨਤੀਜਿਆਂ ਨੇ ਲੋਕਾਂ ਦੀ ਨਿੱਤ ਦੀ ਜਿੰਦਗੀ 'ਤੇ ਅਸਰ ਪਾਉਣਾ ਹੈ। ਇਸ ਰੈਫਰੈਂਡਮ ਦੀ ਵੋਟ ਵਿੱਚ ਬਹੁਤ ਥੋੜ੍ਹਾ ਸਮਾਂ ਰਹਿ ਗਿਆ ਹੈ। ਸੁੱਖ ਲਈ ਇਸ ਰੈਫਰੈਂਡਮ ਦੀ ਵੋਟ ਬਹੁਤ ਮਹੱਤਵਪੂਰਨ ਹੈ। ਉਸ ਨੇ ਆਪਣੇ ਸਾਥੀਆਂ ਨਾਲ ਰਲ ਕੇ ਘਰ-ਘਰ ਜਾ ਕੇ ਟੈਕਸ ਦੇ ਖਿਲਾਫ਼ ਪਟੀਸ਼ਨ 'ਤੇ ਸਾਈਨ ਕਰਵਾਏ ਸਨ, ਜਿਸ ਕਰਕੇ ਸਰਕਾਰ ਨੂੰ ਇਹ ਰੈਫਰੈਂਡਮ ਕਰਵਾਉਣਾ ਪਿਆ ਹੈ। ਸੁੱਖ ਨੂੰ ਮੀਡੀਏ 'ਤੇ ਉਦੋਂ ਵੀ ਰੋਸ ਸੀ, ਜਦੋਂ ਮੀਡੀਆ ਆਖ ਰਿਹਾ ਸੀ ਕਿ ਬ੍ਰਿਟਿਸ਼ ਕੋਲੰਬੀਆ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ 'ਸਿਟੀਜ਼ਨ'ਸ ਇਨੀਸ਼ੀਏਟਿਵ ਪਟੀਸ਼ਨ' ਕਦੇ ਵੀ ਕਾਮਯਾਬ ਨਹੀਂ ਸੀ ਹੋਈ ਤੇ ਨਾ ਹੀ ਹੋਵੇਗੀ। ਪਰ ਸੁੱਖ ਤੇ ਉਸਦੇ ਸਾਥੀਆਂ ਨੇ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਾਰੇ 85 ਹਲਕਿਆਂ ਵਿੱਚੋਂ 90 ਦਿਨਾਂ ਦੇ ਅੰਦਰ-ਅੰਦਰ 10 ਪ੍ਰਤੀਸ਼ਤ ਤੋਂ ਜਿਆਦਾ ਰਜਿਸਟਰਡ ਵੋਟਰਾਂ ਦੇ ਦਸਤਖਤ ਕਰਵਾ ਕੇ ਇਤਿਹਾਸ ਸਿਰਜ ਦਿੱਤਾ ਸੀ। ਉਨ੍ਹਾ ਦਿਨਾਂ ਵਿਚ ਗੁਰਜੀਵਨ ਸੁੱਖ ਦਾ ਮਜ਼ਾਕ ਉਡਾਉਂਦਾ ਆਖਦਾ, "ਮੈਨ, ਤੂੰ ਆਪਣਾ ਸਮਾਂ ਬਰਬਾਦ ਕਰ ਰਿਹੈਂ।"

"ਤੂੰ ਦੇਖ, ਕਿਸੇ ਨੂੰ ਤਾਂ ਇਹ ਕਰਨਾ ਹੀ ਪੈਣਾ। ਜੇ ਅਸੀਂ ਚੁੱਪ ਰਹੇ ਤਾਂ ਸਰਕਾਰ ਦੇ ਹੌਂਸਲੇ ਹੋਰ ਵਧ ਜਾਣਗੇ ਮਨਮਰਜੀਆਂ ਕਰਨ ਲਈ।"

"ਕਦੇ ਸੁਣਿਆ ਹੈ ਕਿ ਸਰਕਾਰ ਲਾਏ ਟੈਕਸ ਨੂੰ ਵਾਪਸ ਲਵੇ?"

"ਆਪਾਂ ਇਹ ਕਰਨ ਲਈ ਸਰਕਾਰ ਨੂੰ ਮਜਬੂਰ ਕਰ ਸਕਦੇ ਹਾਂ।"

"ਸਰਕਾਰ ਫਿਰ ਕਿੱਥੋਂ ਪੈਸੇ ਲਿਆਵੇ। ਆਪਣੇ ਤੋਂ ਹੀ ਇਕੱਠੇ ਕਰਨੇ ਆ।"

"ਤੂੰ ਦੇਖ, ਸਾਨੂੰ ਟੈਕਸ ਵਧਾਉਣ 'ਤੇ ਇਤਰਾਜ਼ ਨਹੀਂ। ਦੁੱਖ ਸਾਨੂੰ ਇਸ ਗੱਲ ਦਾ ਹੈ ਕਿ ਸਰਕਾਰ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਚੋਣਾਂ ਤੋਂ ਪਹਿਲਾਂ ਕਹਿੰਦੇ ਸੀ ਕਿ ਉਹ ਇਸ ਟੈਕਸ ਦੇ ਵਿਰੁੱਧ ਹਨ। ਜਿੱਤਣ ਤੋਂ ਝੱਟ ਬਾਅਦ ਉਨ੍ਹਾਂ ਇਹ ਟੈਕਸ ਠੋਕ ਦਿੱਤਾ। ਨਾਲੇ ਇਸ ਟੈਕਸ ਨਾਲ ਹੋਣ ਵਾਲੀ ਕਮਾਈ ਸਰਕਾਰ ਨੇ ਲੋਕਾਂ 'ਤੇ ਨਹੀਂ ਲਾਉਣੀ। ਆਮ ਲੋਕਾਂ ਤੋਂ ਇਹ ਟੈਕਸ ਲੈ ਕੇ ਇਸਦੇ ਬਰਾਬਰ ਦੀ ਛੋਟ ਵੱਡੇ ਵਿਉਪਾਰਾਂ ਨੂੰ ਦੇਣੀ ਹੈ।"

"ਸਰਕਾਰ ਕਹਿੰਦੀ ਹੈ ਕਿ ਇਸ ਨਾਲ ਹੋਰ ਵਪਾਰ ਸਾਡੇ ਸੂਬੇ ਵਿੱਚ ਆਉਣਗੇ ਅਤੇ ਹੋਰ ਨੌਕਰੀਆਂ ਪੈਦਾ ਹੋਣਗੀਆਂ। ਨਾਲੇ ਜਦੋਂ ਵਪਾਰਾਂ ਵਾਲਿਆਂ ਨੂੰ ਟੈਕਸ ਚੋਂ ਛੋਟ ਮਿਲੂ ਉਹਨਾਂ ਦੇ ਖਰਚੇ ਘਟਣਗੇ ਤੇ ਉਹ ਚੀਜ਼ਾਂ ਸਸਤੀਆਂ ਕਰ ਦੇਣਗੇ।"

"ਸਰਕਾਰ ਲੋਕਾਂ ਨੂੰ ਐਵੇਂ ਪਰਚਾ ਰਹੀ ਹੈ। ਵਪਾਰਾਂ ਦਾ ਸਭ ਤੋਂ ਵੱਡਾ ਮਕਸਦ ਵੱਧ ਤੋਂ ਵੱਧ ਮੁਨਾਫਾਂ ਕਮਾਉਣਾ ਹੁੰਦੈ।"

"ਪਰ ਤੂੰ ਆਪਣਾ ਸਮਾਂ ਕਿਓਂ ਬਰਬਾਦ ਕਰ ਰਿਹੈਂ? ਤੈਨੂੰ ਵਿੱਚੋਂ ਕੀ ਮਿਲੂ?" ਗੁਰਜੀਵਨ ਨੇ ਕਿਹਾ।

ਗੁਰਜੀਵਨ ਇਸੇ ਤਰ੍ਹਾਂ ਹੀ ਸੋਚਦਾ ਹੈ। ਉਸ ਨੂੰ ਲੱਗਦਾ ਹੈ ਕਿ ਵੈਨਕੂਵਰ ਆ ਕੇ ਸੁੱਖ ਬਦਲ ਗਿਆ ਹੈ। ਉਹ ਅਜੇਹੇ ਕੰਮ ਕਰਨ ਲੱਗਾ ਹੈ, ਜਿਨ੍ਹਾਂ ਦਾ ਬਿਲਕੁਲ ਹੀ ਕੋਈ ਫਾਇਦਾ ਨਹੀਂ। ਵੈਨਕੂਵਰ ਉਹ ਪਿਛਲੇ ਦੋ ਸਾਲਾਂ ਤੋਂ ਰਹਿ ਰਹੇ ਹਨ। ਬਾਰ੍ਹਵੀਂ ਕਰਨ ਤੋਂ ਬਾਅਦ ਉਨ੍ਹਾਂ ਨੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਉਨ੍ਹਾਂ ਦੇ ਮਾਪਿਆਂ ਨੇ ਸਰੀ ਵਿਚ ਇੱਕ ਸਾਂਝਾ ਜੁੜਵਾਂ ਮਕਾਨ ਪਹਿਲਾਂ ਹੀ ਖ੍ਰੀਦ ਲਿਆ ਸੀ, ਤਾਂ ਕਿ ਜਦੋਂ ਬੱਚੇ ਵੱਡੇ ਹੋ ਕੇ ਪੜ੍ਹਣ ਵੈਨਕੂਵਰ ਜਾਣਗੇ ਤਾਂ ਉੱਥੇ ਉਨ੍ਹਾਂ ਦੇ ਰਹਿਣ ਲਈ ਮਕਾਨ ਹੋਵੇਗਾ। ਇਕ ਬੇਸਮੈਂਟ ਵਿਚ ਗੁਰਜੀਵਨ ਤੇ ਸੁੱਖ ਰਹਿਣ ਲੱਗੇ ਹਨ ਤੇ ਬਾਕੀ ਘਰ ਕਿਰਾਏ ਉੱਪਰ ਚੜ੍ਹਾ ਦਿੱਤਾ। ਕਿਰਾਏ ਨਾਲ ਗੁਰਜੀਵਨ ਅਤੇ ਸੁੱਖ ਦਾ ਰੋਟੀ-ਪਾਣੀ ਤੇ ਘਰ ਦੀ ਕਿਸ਼ਤ ਚੱਲੀ ਜਾਂਦੀ ਹੈ। ਫੀਸਾਂ ਉਨ੍ਹਾਂ ਦੇ ਮਾਪੇ ਭਰੀ ਜਾਂਦੇ ਹਨ। ਯੂਨੀਵਰਸਿਟੀ ਤੋਂ ਵੇਹਲੇ ਹੋ ਕੇ ਉਹ ਇੱਕੋ ਕੰਪਨੀ ਵਿਚ ਟੈਲੀਮਾਰਕੀਟਿੰਗ ਦੀ ਜੌਬ 'ਤੇ ਚਲੇ ਜਾਂਦੇ ਹਨ। ਗੁਰਜੀਵਨ ਜਿਆਦਾ ਜਾਂਦਾ ਤੇ ਸੁਖ ਘੱਟ। ਬਹੁਤਾ ਸਮਾਂ ਸੁੱਖ ਕੋਰਸ ਤੋਂ ਬਿਨਾਂ ਹੋਰ ਕਿਤਾਬਾਂ ਪੜ੍ਹਣ ਤੇ ਲਾਉਂਦਾ ਹੈ। ਜਦੋਂ ਦੀ ਉਸ ਨੇ ਨਿਓਮੀ ਕਲੈਨ ਦੀ 'ਦਾ ਸ਼ੌਕ ਡੌਕਟਰੀਨ-ਦਾ ਰਾਈਜ਼ ਆਫ਼ ਡੀਸਾਸਟਰ ਕੈਪੀਟਲਿਜ਼ਮ' ਕਿਤਾਬ ਪੜ੍ਹੀ ਹੈ, ਉਹ ਇਸੇ ਤਰ੍ਹਾਂ ਦੀਆਂ ਹੋਰ ਕਿਤਾਬਾਂ ਪੜ੍ਹਣ ਲੱਗਾ ਹੈ। ਗੁਰਜੀਵਨ ਆਖਦਾ, " ਸੁਖ , ਬੇਫਾਇਦਾ ਕੰਮਾਂ ਵਿਚੋਂ ਤੈਨੂੰ ਕੀ ਮਿਲਦਾ ਓਸ ਸਮੇਂ 'ਚ ਕੰਮ ਤੇ ਜਾਇਆ ਕਰ ਤੇ ਕੁਝ ਕਮਾਈ ਕਰ।"

"ਜਿਹੜਾ ਕੁਛ ਤੈਨੂੰ ਹਾਕੀ ਬਾਰੇ ਸੋਚਣ ਤੇ ਦੇਖਣ ਤੋਂ ਮਿਲਦਾ," ਸੁੱਖ ਆਖਦਾ।

"ਹਾਕੀ ਸਭ ਦੇਖਦੇ ਆ। ਹਾਕੀ ਦੇਖਦਿਆਂ ਮਜ਼ਾ ਆਉਂਦਾ।"

"ਇਹ ਸਰਮਾਏਦਾਰਾਂ ਵੱਲੋਂ ਦਿਖਾਈ ਜਾਂਦੀ ਸਰਕਸ ਆ। ਸਰਮਾਏਦਾਰੀ ਨਿਜਾਮ ਦਾ ਮੰਨਣਾ ਹੈ ਕਿ ਲੋਕਾਂ ਨੂੰ ਖਾਣ ਲਈ ਰੋਟੀ ਮਿਲਦੀ ਰਹੇ ਤੇ ਉਹ ਸਰਕਸ ਵਿਚ ਉਲਝੇ ਰਹਿਣ ਤਾਂ ਉਨ੍ਹਾਂ ਦੀ ਜਿਵੇਂ ਮਰਜ਼ੀ ਲੁੱਟ ਕਰੀ ਚੱਲੋ।"

"ਓਹ ਸੁੱਖ, ਸਮਾਜਵਾਦੀ ਕਿਤਾਬਾਂ ਤੇਰਾ ਦਿਮਾਗ ਖਰਾਬ ਕਰ ਰਹੀਐਂ। ਜੇ ਉਹ ਸਿਸਟਮ ਐਨਾਂ ਹੀ ਚੰਗਾ ਹੁੰਦਾ ਤਾਂ ਰਸ਼ੀਆ ਤੇ ਹੋਰ ਯੋਰਪੀਅਨ ਮੁਲਕ ਇਸ ਤੋਂ ਕਿਨਾਰਾ ਨਾ ਕਰਦੇ। ਓਹਨਾਂ ਦੇਸ਼ਾਂ ਤੋਂ ਖਿਡਾਰੀ ਐਥੇ ਨੈਸ਼ਨਲ ਹਾਕੀ ਲੀਗ 'ਚ ਖੇਡਣ ਆਉਂਦੇ ਆ ਤੇ ਐਥੇ ਹੀ ਰਹਿ ਜਾਂਦੇ ਆ। ਉਨ੍ਹਾਂ ਨੂੰ ਇਹ ਸਿਸਟਮ ਵਧੀਆ ਲੱਗਦਾ। ਰੱਜ ਕੇ ਕਮਾਈ ਕਰੋ ਤੇ ਮਨ ਭਾਉਂਦੀਆਂ ਚੀਜਾਂ ਰੱਜ ਕੇ ਵਰਤੋ।"

ਗੁਰਜੀਵਨ ਨੂੰ ਲੱਗਦਾ ਹੈ ਕਿ ਸੁੱਖ ਤੋਂ ਬਿਨਾਂ ਉਸਦੇ ਆਸ-ਪਾਸ ਦੇ ਸਾਰੇ ਲੋਕ ਹੀ ਇਸ ਤਰ੍ਹਾਂ ਸੋਚਦੇ ਅਤੇ ਕਰਦੇ ਹਨ। ਅੱਜ-ਕੱਲ੍ਹ ਉਹ ਆਪਣੇ ਇਸ ਸ਼ਹਿਰ ਦੇ ਬਹੁਤੇ ਲੋਕਾਂ ਵਾਂਗ ਹਾਕੀ ਦਾ ਆਨੰਦ ਲੈ ਰਿਹਾ ਹੈ। ਉਠਦਾ-ਬੈਠਦਾ ਉਹ ਹਾਕੀ ਬਾਰੇ ਹੀ ਸੋਚਦਾ ਹੈ। ਪੜ੍ਹਾਈ ਕਰਦਾ-ਕਰਦਾ ਉਹ ਹੋਰ ਟੀਮਾਂ ਦੇ ਗੋਲ਼ ਚੈੱਕ ਕਰਨ ਲੱਗਦਾ ਹੈ। ਉਹ ਚਾਹੁੰਦਾ ਹੈ ਕਿ ਸੁੱਖ ਵੀ ਉਸਦੇ ਨਾਲ ਇਸ ਖੁਸ਼ੀ ਵਿਚ ਸ਼ਰੀਕ ਹੋਵੇ।

ਸਟੈਨਲੀ ਕੱਪ ਦਾ ਫਾਈਨਲ ਸ਼ੁਰੂ ਹੋ ਗਿਆ ਹੈ। ਵੈਨਕੂਵਰ ਦੀ ਟੀਮ ਸਤਾਰਾਂ ਸਾਲਾਂ ਬਾਅਦ ਇਸ ਫਾਈਨਲ ਵਿੱਚ ਪਹੁੰਚੀ ਹੈ। ਪਿਛਲੀ ਵਾਰ ਟੀਮ ਸੱਤਵੀਂ ਗੇਮ ਵਿਚ ਨਿਊ ਯਾਰਕ ਰੇਂਜਰਸ ਦੀ ਟੀਮ ਤੋਂ ਹਾਰ ਗਈ ਸੀ। ਇਸ ਵਾਰ ਵੀ ਉਸਦਾ ਮੁਕਾਬਲਾ ਅਮਰੀਕਨ ਟੀਮ ਬੌਸਟਨ ਬਰੂਅਨ ਨਾਲ ਹੈ। ਦੋਹੇਂ ਟੀਮਾਂ ਸੱਤ ਗੇਮਾਂ ਤੱਕ ਖੇਡਣਗੀਆਂ, ਜਿਹੜੀ ਟੀਮ ਪਹਿਲਾਂ ਚਾਰ ਗੇਮਾਂ ਜਿੱਤ ਗਈ ਉਹ ਕੱਪ ਜਿੱਤ ਜਾਵੇਗੀ। ਪਹਿਲੀਆਂ ਦੋ ਗੇਮਾਂ ਵੈਨਕੂਵਰ ਵਿਚ ਹੋਣਗੀਆਂ। ਫਿਰ ਦੋ ਬੌਸਟਨ ਵਿੱਚ। ਜੇ ਲੋੜ ਪਈ ਤਾਂ ਹੋਰ ਗੇਮਾਂ ਇਕ-ਇਕ ਕਰਕੇ ਦੋਨਾਂ ਸ਼ਹਿਰਾਂ ਵਿਚ ਹੋਣਗੀਆਂ। ਗੁਰਜੀਵਨ ਚਾਹੁੰਦਾ ਹੈ ਕਿ ਸੁੱਖ ਉਸ ਨਾਲ ਸਰੀ ਸ਼ਹਿਰ ਵਿਚ ਲੱਗੀ ਵੱਡੀ ਸਕਰੀਨ 'ਤੇ ਪਹਿਲੀ ਗੇਮ ਦੇਖਣ ਜਾਵੇ । ਪਰ ਸੁਖ ਆਖਦਾ ਹੈ , "ਮੈਂ ਕਲਾਸ ਤੋਂ ਬਾਅਦ ਇੱਕ ਮੀਟਿੰਗ 'ਚ ਜਾਣੈ। ਅਸੀਂ ਰੈਫਰੈਂਡਮ ਵਾਸਤੇ ਇਸ਼ਤਿਹਾਰ ਛਪਵਾਉਣ ਬਾਰੇ ਵਿਚਾਰ ਕਰਨੀ ਆ।"

"ਸਮਾਂ ਬਰਬਾਦ ਕਰਨ ਜਾਣੈ ਆਖ।"

"ਤੂੰ ਕਿਵੇਂ ਆਖ ਸਕਦਾ ਹੈਂ ਕਿ ਸਮਾਂ ਬਰਬਾਦ ਕਰਦੈਂ। ਇਹ ਸਾਡੇ ਪਟੀਸ਼ਨਾਂ 'ਤੇ ਦਸਤਖ਼ਤ ਕਰਵਾਉਣ ਕਰਕੇ ਹੀ ਪ੍ਰੀਮੀਅਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਐ ਕਿ ਉਸ ਨੇ ਲੋਕਾਂ ਨੂੰ ਭਰੋਸੇ ਵਿਚ ਲੈਣ ਤੋਂ ਬਿਨ੍ਹਾਂ ਹੀ ਟੈਕਸ ਠੋਕ ਦਿੱਤਾ। ਇਸੇ ਕਰਕੇ ਉਸ ਨੂੰ ਅਸਤੀਫ਼ਾ ਦੇਣਾ ਪਿਆ। ਇਸੇ ਕਰਕੇ ਹੁਣ ਸਰਕਾਰ ਦੋ ਪ੍ਰਤੀਸ਼ਤ ਟੈਕਸ ਘਟਾਉਣ ਦੀ ਗੱਲ ਆਖ ਰਹੀ ਹੈ। ਹੁਣ ਰੈਫ਼ਰੈਂਡਮ ਜਿੱਤ ਕੇ ਸਰਕਾਰ ਨੂੰ ਮਜਬੂਰ ਕਰਨਾ ਹੈ ਕਿ ਲੋਕਾਂ ਦੀ ਮਰਜੀ ਦੇ ਉਲਟ ਲਾਏ ਟੈਕਸ ਨੂੰ ਵਾਪਸ ਲਵੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਕੋਈ ਰਾਜਨੀਤੀਵਾਨ ਆਪਣੇ ਆਪ ਨੂੰ ਤਾਨਾਸ਼ਾਹ ਨਾ ਸਮਝਣ ਲੱਗ ਪਵੇ।"

"ਸੁੱਖ ਮੈਨ, ਤੂੰ ਆਪਣਾ ਇਹ ਭਾਸ਼ਣ ਕਿਸੇ ਹੋਰ ਮੌਕੇ ਲਈ ਰਾਖਵਾਂ ਰੱਖ। ਤੇ ਚੱਲ ਅੱਜ ਗੇਮ ਦੇਖੀਏ।" ਪਰ ਸੁਖ ਨਹੀਂ ਮੰਨਦਾ। ਗੁਰਜੀਵਨ ਇਕੱਲਾ ਹੀ ਸਰੀ ਸੈਂਟਰਲ ਵੱਲ ਚੱਲ ਪੈਂਦਾ ਹੈ। ਉੱਥੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਕੈਂਪਸ ਮੂਹਰੇ ਇਕ ਵੱਡੀ ਟੀ ਵੀ ਸਕਰੀਨ ਲੱਗੀ ਹੋਈ ਹੈ। ਹਜ਼ਾਰਾਂ ਲੋਕ ਇੱਕਠੇ ਗੇਮ ਸ਼ੁਰੂ ਹੋਣ ਦੀ ਉਡੀਕ ਵਿਚ ਹਨ। ਗੁਰਜੀਵਨ ਨੇ ਆਪਣੇ ਮਨਭਾਉਂਦੇ ਖਿਡਾਰੀ ਗੋਲ ਟੈਂਡਰ ਰੋਬਰਟੋ ਲੋਆਗੋਂ ਦੀ 1 ਨੰਬਰ ਵਾਲੀ ਜਰਸੀ ਪਾਈ ਹੋਈ ਹੈ। ਗੇਮ ਸ਼ੁਰੂ ਹੋਣ ਦੀ ਦੇਰ ਹੈ ਕਿ ਗੁਰਜੀਵਨ ਉਸ ਵਿਚ ਖੁੱਭ ਜਾਂਦਾ ਹੈ। ਜਦੋਂ ਵੀ ਵੈਨਕੂਵਰ ਦਾ ਕੋਈ ਖਿਡਾਰੀ ਬੌਸਟਨ ਦੀ ਟੀਮ ਵੱਲ ਸ਼ੌਟ ਮਾਰਦਾ ਉਹ ਚਹਿਕਣ ਲੱਗਦੇ ਹਨ ਤੇ ਜਦੋਂ ਬੌਸਟਨ ਵਾਲੇ ਮਾਰਦੇ ਹਨ ਉਹ 'ਆਹ-ਆਹ' ਕਰਦੇ ਤੇ ਫਿਰ ਗੋਲੀ ਵੱਲੋਂ ਗੋਲ ਬਚਾਉਣ ਤੇ ਤਾੜੀਆਂ ਮਾਰਦੇ ਹਨ। ਵੈਨਕੂਵਰ ਦੀ ਟੀਮ ਨੇ ਇਹ ਗੇਮ ਜਿੱਤ ਲਈ ਹੈ। ਗੁਰਜੀਵਨ ਪੂਰੀ ਖੁਸ਼ੀ ਵਿਚ ਚਹਿਕਦਾ ਘਰ ਮੁੜਦਾ ਹੈ। ਆਉਂਦਾ ਹੀ ਉਹ ਆਖਦਾ ਹੈ, "ਸੁੱਖ ਮੈਨ, ਤੈਨੂੰ ਪਤਾ ਹੀ ਨਹੀਂ ਕਿ ਤੂੰ ਕੀ ਮਿੱਸ ਕੀਤਾ ਹੈ।" ਸੁੱਖ ਉਸਦੀ ਗੱਲ ਸੁਣ ਕੇ ਮੁਸਕਰਾਉਂਦਾ ਹੈ। ਫਿਰ ਆਖਦਾ ਹੈ, "ਮੈਨੂੰ ਖੁਸ਼ੀ ਹੈ ਕਿ ਤੂੰ ਗੇਮ ਦਾ ਆਨੰਦ ਮਾਣ ਕੇ ਆਇਐਂ।" ਸੁੱਖ ਨੂੰ ਪਤਾ ਹੈ ਕਿ ਗੁਰਜੀਵਨ ਉਤਸ਼ਾਹ ਦੀਆਂ ਸਿਖਰਾਂ ਤੇ ਪਹੁੰਚ ਕੇ ਇਸੇ ਤਰ੍ਹਾ ਬੋਲਦਾ ਹੈ। ਉਸ ਨੇ ਪਿਛਲੇ ਸਾਲ ਵੀ ਸੁੱਖ ਨੂੰ ਇਸੇ ਉਤਸ਼ਾਹ ਵਿਚ ਆਖਿਆ ਸੀ, "ਸੁੱਖ ਮੈਨ, ਤੈਨੂੰ ਨੀ ਪਤਾ ਕਿ ਤੂੰ ਅੱਜ ਕਿਵੇਂ ਆਈ ਪੈਡ ਖ਼੍ਰੀਦਣ ਦਾ ਮੌਕਾ ਗਵਾ ਦਿੱਤਾ।"

ਉਸ ਦਿਨ ਸੁੱਖ ਮੁਸਕਰਾਇਆ ਨਹੀਂ ਸੀ। ਉਸ ਨੇ ਜਵਾਬ ਦਿੱਤਾ, "ਮੌਕਾ ਨਹੀਂ ਗਵਾਇਆ। ਮੈਂ ਜਾਣ ਬੁੱਝ ਕੇ ਨਹੀਂ ਗਿਆ। ਮੇਰੇ ਕੋਲ ਲੈਪ-ਟਾਪ ਹੈ। ਮੈਨੂੰ ਆਈ-ਪੈਡ ਦੀ ਜਰੂਰਤ ਹੀ ਨਹੀਂ ਤਾਂ ਮੈਂ ਕਿਓਂ ਜਾ ਕੇ ਲਾਈਨ ਵਿਚ ਖੜ੍ਹ ਕੇ ਸਮਾਂ ਬਰਬਾਦ ਕਰਦਾ।"

"ਇਹ ਸਮਾਂ ਬਰਬਾਦ ਕਰਨਾ ਨਹੀਂ ਸੀ। ਇਹ ਕੰਪਿਊਟਰ ਦੀ ਨਵੀਂ ਪੀੜ੍ਹੀ ਹੈ। ਦੋ ਘੰਟੇ 'ਚ ਸਾਰੇ ਵਿਕ ਗਏ।"

"ਮਿੱਤਰਾ, ਇਹ ਸਾਰੇ ਵੇਚਣ ਦੇ ਢੌਂਗ ਆ। ਤੈਨੂੰ ਪਤਾ ਕਿ ਐਪਲ ਕੰਪਨੀ, ਜਿਸ ਨੇ ਇਹ ਆਈ ਪੈਡ ਮਾਰਕੀਟ ਵਿਚ ਲਿਆਂਦਾ ਹੈ ਉਸ ਦੇ ਸ਼ੇਅਰ-ਬਾਜ਼ਾਰ ਵਿਚ ਸ਼ੇਅਰ ਹੇਠ ਚਲੇ ਗਏ ਸੀ। ਉਨ੍ਹਾਂ ਨੇ ਇਸ ਆਈ ਪੈਡ ਦੀ ਮਸ਼ਹੂਰੀ ਇਸ ਤਰ੍ਹਾਂ ਕੀਤੀ ਕਿ ਤੇਰੇ ਵਰਗੇ ਉਡੀਕਣ ਲੱਗੇ ਕਿ ਕਦੋਂ ਮਾਰਕੀਟ ਵਿਚ ਆਵੇ। ਉਨ੍ਹਾਂ ਦੇ ਸ਼ੇਅਰ ਰਾਤੋ-ਰਾਤ ਵਧ ਗਏ। ਹੁਣ ਦੇਖ ਲਵੀਂ ਕੁਝ ਮਹੀਨਿਆਂ ਨੂੰ ਇਨ੍ਹਾਂ ਦੇ ਮੁਕਾਬਲੇ ਬਲੈਕ ਬੈਰੀ ਵਾਲੇ ਆਪਣੀ ਕੋਈ ਇਸ ਦੇ ਨਾਲ ਦੀ ਚੀਜ਼ ਲਿਆਉਣਗੇ। ਤੇਰੇ ਵਰਗੇ ਫਿਰ ਉਸ ਮਗਰ ਭੱਜ ਤੁਰਨਗੇ। ਕੁਝ ਮਹੀਨਿਆਂ ਬਾਅਦ ਐਪਲ ਵਾਲੇ ਇਸ ਵਿਚ ਕੁਝ ਕੁ ਨਵੀਆਂ ਵਿਸ਼ੇਸ਼ਤਾਵਾਂ ਪਾ ਕੇ ਫਿਰ ਮਾਰਕੀਟ ਵਿਚ ਲੈ ਆਉਣਗੇ ਤੇ ਲੋਕੀਂ ਉਸ ਮਗਰ ਹੋ ਜਾਣਗੇ।"

"ਇਹ ਤਾਂ ਸਗੋਂ ਚੰਗਾ, ਜਦੋਂ ਬੰਦਾ ਕਿਸੇ ਚੀਜ਼ ਤੋਂ ਅੱਕ ਜਾਵੇ ਉਦੋਂ ਤੱਕ ਨਵੀਂ ਚੀਜ਼ ਆ ਜਾਂਦੀ ਆ ਮਾਰਕੀਟ ਵਿਚ।" ਫਿਰ ਗੁਰਜੀਵਨ ਰੁਕ ਕੇ ਬੋਲਿਆ, "ਪਰ ਤੈਨੂੰ ਕੀ। ਤੂੰ ਤਾਂ ਮਹਾਂ ਕੰਜੂਸ ਐਂ। ਇਕ ਫੋਨ ਨਾਲ ਹੀ ਦੋ-ਤਿੰਨ ਸਾਲ ਕੱਢ ਦਿੰਨੈ। ਨਵੀਂ ਚੀਜ਼ ਮਾਰਕੀਟ ਵਿਚ ਆਈ ਹੋਵੇ ਤਾਂ ਉਸ ਬਾਰੇ ਜਾਣੂੰ ਹੋਵੋ। ਓਹਨੂੰ ਵਰਤੋ।"

"ਤੇ ਓਹਦੀ ਕੀਮਤ ਤਾਰਨ ਲਈ ਫਿਰ ਕਲਾਸਾਂ ਛੱਡ-ਛੱਡ ਕੇ ਕੰਮ ਕਰੋ।"

"ਇਸ ਤਰ੍ਹਾਂ ਹੀ ਤਾਂ ਜਿੰਦਗੀ ਦਾ ਆਨੰਦ ਹੈ।"

"ਤੁਹਾਡੀ ਏਸ ਤਰ੍ਹਾਂ ਦੀ ਮਾਨਸਿਕਤਾ ਬਣਾ ਕੇ ਹੀ ਉਹ ਚੀਜ਼ਾਂ ਵੇਚਦੇ ਆ। ਤੂੰ ਦੇਖ, ਜੇ ਆਈ-ਪੈਡ ਪਹਿਲਾਂ ਹੀ ਉਹ ਚਾਰ ਗੀਗਾ ਬਾਈਟ ਵਾਲੀ ਰੈਮ ਵਾਲਾ ਬਣਾ ਦਿੰਦੇ ਤਾਂ ਲੋਕਾਂ ਨੂੰ ਚਾਰ ਸਾਲ ਹੋਰ ਲੈਣ ਦੀ ਲੋੜ ਮਹਿਸੂਸ ਨਹੀਂ ਸੀ ਹੋਣੀ। ਹੁਣ ਉਨ੍ਹਾਂ ਨੇ 256 ਮੈਗਾ ਬਾਈਟ ਦੀ ਰੈਮ ਦਾ ਬਣਾਇਆ। ਕੁਝ ਮਹੀਨਿਆ ਨੂੰ ਇੱਕ ਗੀਗਾ ਬਾਈਟ ਵਾਲਾ ਬਨਾਉਣਗੇ ਤੇ ਇਸ ਤਰ੍ਹਾਂ ਪਰਚਾਰ ਕਰਨਗੇ ਕਿ ਪਹਿਲਾ ਤਾਂ ਬਹੁਤ ਹੌਲੀ ਤੇ ਬੇਕਾਰ ਹੈ, ਨਵਾਂ ਖ਼੍ਰੀਦੋ।"

ਆਈ-ਪੈਡ ਦੀ ਥੋੜ੍ਹੀ ਯਾਦ ਸ਼ਕਤੀ ਵਾਲੀ ਰੈਮ ਦੀ ਗੱਲ ਗੁਰਜੀਵਨ ਦੇ ਦਿਮਾਗ ਵਿਚ ਵੀ ਆਈ ਸੀ, ਜਦ ਉਸ ਨੇ ਕੁਝ ਮਹੀਨੇ ਪਹਿਲਾਂ ਹੀ ਖ਼੍ਰੀਦੇ ਆਪਣੇ ਨਵੇਂ ਲੈਪਟਾਪ ਨਾਲ ਇਸ ਦੀ ਤੁਲਨਾ ਕੀਤੀ ਸੀ। ਉਸਦੇ ਲੈਪਟਾਪ ਦੀ ਯਾਦ ਸ਼ਕਤੀ ਆਈ ਪੈਡ ਨਾਲੋਂ ਚਾਰ ਗੁਣਾ ਜ਼ਿਆਦਾ ਸੀ। ਗੁਰਜੀਵਨ ਦਾ ਜੀਅ ਕੀਤਾ ਸੀ ਕਿ ਉਹ ਆਈ ਪੈਡ ਨਾ ਖ਼੍ਰੀਦੇ ਪਰ ਜਦੋਂ ਉਹ ਉਸ ਦੀ ਸ਼ਕਲ ਦੇਖਦਾ ਤਾਂ ਉਹ ਗੁਰਜੀਵਨ ਨੂੰ ਧੂਹ ਪਾਉਂਦੀ। ਇੰਟਰਨੈੱਟ 'ਤੇ ਆਈ ਪੈਡ ਦੀ ਫੋਟੋ ਦੇ ਨਾਲ ਲਿਖਿਆ ਸੀ, 'ਕੰਪਿਊਟਰ ਦੀ ਨਵੀਂ ਪੀੜ੍ਹੀ-ਇਸ ਦੇ ਮਾਲਕ ਬਨਣ ਦੀ ਪਹਿਲ ਕਰੋ'। ਇਹ ਪੜ੍ਹ ਕੇ ਗੁਰਜੀਵਨ ਦਾ ਜੀਅ ਕਰਦਾ ਸੀ ਕਿ ਉਹ ਆਪਣੇ ਸਾਥੀਆਂ 'ਚੋਂ ਪਹਿਲਾ ਹੋਵੇ, ਜਿਸ ਕੋਲ ਇਹ ਹਲਕੇ ਜਿਹੇ ਭਾਰ ਵਾਲਾ ਟੱਚ ਸਕਰੀਨ ਆਈ ਪੈਡ ਹੋਵੇ। ਫਿਰ ਇਸ ਦੀ ਕੀਮਤ ਦੇਖ ਉਹ ਕੁਝ ਸੋਚੀਂ ਪੈ ਜਾਂਦਾ। ਉਹ ਹਿਸਾਬ-ਕਿਤਾਬ ਲਾਉਂਦਾ ਕਿ ਉਸ ਨੂੰ ਕਿੰਨੇ ਘੰਟੇ ਵਾਧੂ ਕੰਮ ਕਰਨਾ ਪਵੇਗਾ। 'ਇਹੀ ਤਾਂ ਜਿੰਦਗੀ ਹੈ' ਸੋਚ ਉਸ ਤੇ ਭਾਰੂ ਹੋ ਗਈ ਤੇ ਉਹ ਆਈਪੈਡ ਦੇ ਮੰਡੀ ਵਿਚ ਆਉਣ ਦੇ ਪਹਿਲੇ ਹੀ ਦਿਨ ਕਤਾਰ ਵਿਚ ਜਾ ਖੜ੍ਹਾ ਹੋਇਆ। ਤੇ ਫਿਰ ਉਹ ਕੁਝ ਦਿਨ ਆਈਪੈਡ ਦੀਆਂ ਕੁਝ ਵਿਸ਼ੇਸ਼ਤਾਵਾਂ ਦੇ ਗੁਣ-ਗਾਣ ਕਰਦਾ ਰਿਹਾ ਸੀ। ਸੁੱਖ ਨੂੰ ਪਤਾ ਸੀ ਕਿ ਆਈ ਪੈਡ ਦਾ ਕੁਝ ਦਿਨ ਇਸੇ ਤਰ੍ਹਾਂ ਹੀ ਜਾਪ ਹੁੰਦਾ ਰਹੇਗਾ ਤੇ ਫਿਰ ਉਸ ਵਿਚਲੇ ਨੁਕਸਾਂ ਦੀ ਗੱਲ ਸ਼ੁਰੂ ਹੋ ਜਾਵੇਗੀ। ਇਵੇਂ ਹੀ ਉਹ ਹਾਕੀ ਦੀ ਗੇਮ ਤੋਂ ਬਾਅਦ ਕਰਦਾ ਹੈ। ਜਦੋਂ ਟੀਮ ਜਿੱਤ ਜਾਂਦੀ ਹੈ ਉਹ ਖਿਡਾਰੀਆਂ ਦੀ ਪ੍ਰਸ਼ੰਸਾ ਕਰਦਾ ਨਹੀਂ ਥੱਕਦਾ। ਜਦੋਂ ਟੀਮ ਹਾਰ ਜਾਂਦੀ ਹੈ ਉਹ ਆਖਣ ਲਗਦਾ ਹੈ ਕਿ ਫਲਾਣੇ ਖਿਡਾਰੀ ਨੂੰ ਬਦਲ ਕੇ ਉਸਦੀ ਥਾਂ ਫਲਾਣੀ ਟੀਮ ਦਾ ਖਿਡਾਰੀ ਲੈ ਲੈਣਾ ਚਾਹੀਦਾ।

ਵੈਨਕੂਵਰ ਦੀ ਟੀਮ ਬੌਸਟਨ ਨਾਲ ਹੋਈ ਦੂਜੀ ਗੇਮ ਵੀ ਜਿੱਤ ਲੈਂਦੀ ਹੈ। ਗੁਰਜੀਵਨ ਉੱਡਿਆ ਫਿਰਦਾ ਹੈ । ਪਰ ਵੈਨਕੂਵਰ ਦੇ ਤੀਜੀ ਗੇਮ ਹਾਰਨ ਤੋਂ ਬਾਅਦ ਗੁਰਜੀਵਨ ਨੇ ਖਾਣਾ ਨਹੀਂ ਖਾਧਾ। ਚੌਥੀ ਗੇਮ ਵਾਲੇ ਦਿਨ ਉਹ ਫਿਰ ਉਤਸ਼ਾਹ ਵਿਚ ਹੈ। ਉਹ ਸੁੱਖ ਨੂੰ ਆਖਦਾ ਹੈ, "ਕਨੱਕਸ ਨੇ ਪਿਛਲੀ ਗੇਮ ਜਾਣ-ਬੁੱਝ ਕੇ ਹਾਰੀ ਸੀ। ਅੱਜ ਉਹ ਜਿੱਤਣਗੇ ਤੇ ਫਿਰ ਉਹ ਪੰਜਵੀਂ ਗੇਮ ਵਿੱਚ ਭੋਗ ਪਾ ਦੇਣਗੇ। ਉਹ ਚਾਹੁੰਦੇ ਆ ਕਿ ਸਟੈਨਲੀ ਕੱਪ ਵੈਨਕੂਵਰ ਵਿੱਚ ਜਿੱਤਿਆ ਜਾਵੇ।"

"ਦੂਜੀ ਟੀਮ ਵੀ ਤਾਂ ਖੇਡਦੀ ਆ। ਉਹ ਵੀ ਈਸਟਰਨ ਕਾਨਫਰੰਸ ਦੀਆਂ ਸਾਰੀਆਂ ਟੀਮਾਂ ਨੂੰ ਹਰਾ ਕੇ ਫਾਈਨਲ ਵਿਚ ਪਹੁੰਚੇ ਆ।"

"ਤੈਨੂੰ ਮੰਨਣਾ ਪਊ ਕਿ ਆਪਣੀ ਟੀਮ ਤਕੜੀ ਆ। ਇਹਨੇ ਰੈਗੂਲਰ ਸੀਜ਼ਨ ਵਿੱਚ ਸਾਰਿਆਂ ਨਾਲੋਂ ਜ਼ਿਆਦਾ ਪੁਆਇੰਟ ਲੈ ਕੇ ਪ੍ਰੈਜ਼ੀਡੈਂਟਸ ਟਰਾਫ਼ੀ ਜਿੱਤੀ ਆ। ਇਹ ਗੇਮ ਨੂੰ ਕੰਟਰੋਲ ਕਰਦੇ ਆ।"

ਪਰ ਵੈਨਕੂਵਰ ਦੀ ਟੀਮ ਉਸ ਰਾਤ ਵੀ ਹਾਰ ਜਾਂਦੀ ਹੈ। ਸਗੋਂ ਬੁਰੀ ਤਰ੍ਹਾਂ ਹਾਰਦੀ ਹੈ। ਗੁਰਜੀਵਨ ਨੂੰ ਉਦਾਸ ਵੇਖ ਸੁੱਖ ਆਖਦਾ ਹੈ, " ਤੂੰ ਦੇਖ, ਕਨੱਕਸ ਦੀ ਟੀਮ ਗੇਮ ਨਹੀਂ ਕੰਟਰੋਲ ਕਰਦੀ, ਸਗੋਂ ਤੈਨੂੰ ਕੰਟਰੋਲ ਕਰਦੀ ਹੈ।"

ਗੁਰਜੀਵਨ ਮੂਹਰੋਂ ਕੁਝ ਨਹੀਂ ਬੋਲਦਾ ਤੇ ਉਵੇਂ ਹੀ ਸੋਗੀ ਮੂਡ ਵਿਚ ਬੈਠਾ ਰਹਿੰਦਾ ਹੈ। ਸੁੱਖ ਫਿਰ ਆਖਦਾ ਹੈ, "ਤੈਨੂੰ ਪਤਾ ਕਿ ਹਾਕੀ ਬਹੁਤ ਵੱਡਾ ਵਿਉਪਾਰ ਹੈ? ਟੀਮਾਂ ਦੇ ਮਾਲਕ ਬਿਲੀਅਨੇਅਰ ਨੇ । ਉਹ ਹਾਕੀ ਟੀਮਾਂ ਦੇ ਨਾਲ-ਨਾਲ ਹੋਰ ਵੀ ਕਈ ਵੱਡੇ ਵਪਾਰਾਂ ਦੇ ਮਾਲਕ ਨੇ। "

"ਫੇਰ? ਹਾਕੀ ਸਾਡੀ ਕੌਮੀ ਖੇਡ ਆ।"

"ਤੁਹਾਡੀਆਂ ਇਨ੍ਹਾਂ ਭਾਵਨਾਵਾਂ ਦਾ ਲਾਭ ਉਠਾਂ ਕੇ ਸਰਮਾਏਦਾਰ ਵਿਉਪਾਰ ਕਰਦੇ ਆ ਤੇ ਤੁਹਾਡੀਆਂ ਜੇਬਾਂ ਖਾਲੀ ਕਰਦੇ ਆ।"

"ਤੇਰਾ ਫਿਰ ਸਰਮਾਏਦਾਰੀ ਬਾਰੇ ਭਾਸ਼ਨ ਸ਼ੁਰੂ ਹੋ ਗਿਆ। ਸਿੱਧੀ ਗੱਲ ਆ ਕਿ ਸਾਡਾ ਗੋਲੀ ਨਰਵਸ ਹੋ ਗਿਆ ਤੇ ਉਸ ਕੁਝ ਮਾੜੇ ਗੋਲ ਕਰਵਾ ਲਏ। ਇਸ ਵਿਚ ਸਰਮਾਏਦਾਰੀ ਕਿੱਥੋਂ ਆ ਗਈ? ਅਗਲੀ ਗੇਮ ਫਿਰ ਵੈਨਕੂਵਰ ਵਿਚ ਹੋਣੀ ਐ ਤੇ ਸਾਡੀ ਟੀਮ ਨੇ ਜਿੱਤ ਜਾਣੈ।"

"ਤੂੰ ਹੀ ਦੱਸਿਆ ਸੀ ਕਿ ਤੇਰੀ ਟੀਮ ਦੇ ਗੋਲ਼ੀ ਨੂੰ ਪਿਛਲੇ ਸਾਲ ਬਾਰ੍ਹਾ ਸਾਲਾਂ ਲਈ 64 ਮਿਲੀਅਨ ਡਾਲਰ ਦਾ ਕੰਨਟਰੈਕਟ ਮਿਲਿਆ। ਜੇ ਉਹ ਜਿੱਤੇਗਾ ਤਾਂ ਇਹ ਉਸਦੀ ਨਿੱਜੀ ਪ੍ਰਾਪਤੀ ਹੋਵੇਗੀ। ਤੇ ਤੈਨੂੰ ਕੀ ਮਿਲਦਾ? ਜਦੋਂ ਉਹ ਚੰਗਾ ਖੇਡਦਾ ਤੂੰ ਖੁਸ਼ ਹੋ ਜਾਨੈ, ਜਦੋਂ ਉਹ ਮਾੜਾ ਖੇਡਦਾ ਤੂੰ ਉਦਾਸ ਹੋ ਜਾਨੈ। ਖਾਣਾ ਛੱਡ ਦਿੰਨੈ। ਤੇਰੀ ਖੁਸ਼ੀ ਨੂੰ ਇੱਕ ਮਿਲੀਅਨੇਅਰ ਕੰਟਰੋਲ ਕਰਦੈ।"

"ਠੀਕ ਆ ਡੈਅਡ," ਗੁਰਜੀਵਨ 'ਡੈਅਡ' ਸ਼ਬਦ ਘਰੋੜ ਕੇ ਆਖਦਾ ਹੈ। ਤੇ ਫਿਰ ਆਖਣ ਲੱਗਦਾ ਹੈ, "ਤੂੰ ਮੇਰਾ ਪਿਓ ਬਨਣ ਦੀ ਕਿਓਂ ਕੋਸ਼ਿਸ਼ ਕਰਦੈਂ। ਜਦੋਂ ਤੂੰ ਭਾਸ਼ਣ ਨੀਂ ਦਿੰਦਾ ਓਦੋਂ ਬਹੁਤ ਚੰਗਾ ਲੱਗਦੈਂ ਪਰ ਜਦੋਂ ਤੂੰ---

ਸੁੱਖ ਚੁੱਪ ਕਰ ਜਾਂਦਾ ਹੈ। ਗੁਰਜੀਵਨ ਅਗਲੀ ਗੇਮ ਤੋਂ ਬਾਅਦ ਪੂਰਾ ਖੁਸ਼ ਹੋ ਜਾਂਦਾ ਹੈ। ਵੈਨਕੂਵਰ ਦੀ ਟੀਮ ਨੇ ਗੇਮ ਜਿੱਤ ਲਈ ਹੈ। ਵੈਨਕੂਵਰ ਦੀ ਟੀਮ ਤਿੰਨ ਗੇਮਾਂ ਜਿੱਤ ਚੁੱਕੀ ਹੈ। ਅਗਲੇ ਦਿਨ ਫਿਰ ਅਖਬਾਰ ਦੀ ਸੁਰਖ਼ੀ ਹੈ ਕਿ ਵੈਨਕੂਵਰ ਵਿਚ ਸਟੈਨਲੀ ਕੱਪ ਪਰੇਡ ਹੋਣ ਵਿਚ ਸਿਰਫ਼ ਇਕ ਗੇਮ ਦੀ ਵਿੱਥ। ਤੇ ਉਸ ਤੋਂ ਅਗਲੇ ਦਿਨ ਫਿਰ ਗੇਮ ਹੋਣੀ ਹੈ, ਜਿਸ ਦਿਨ ਵੈਨਕੂਵਰ ਨੇ ਪਹਿਲੀ ਵਾਰ ਸਟੈਨਲੀ ਕੱਪ ਚੈਂਪੀਅਨ ਬਨਣਾ ਹੈ। ਪਰ ਉਸੇ ਦਿਨ ਗੁਰਜੀਵਨ ਦੇ ਇਕ ਰਿਸ਼ਤੇਦਾਰ ਦੀ ਮੰਗਣੀ ਹੈ। ਗੁਰਜੀਵਨ ਦੇ ਮੰਮੀ-ਡੈਡੀ ਤੇ ਛੋਟੀ ਭੈਣ ਗੁਰਸਿਮਰਨ ਪ੍ਰਿੰਸ ਰੂਪਰਟ ਤੋਂ ਚੱਲ ਕੇ ਇਸ ਰਸਮ ਵਿਚ ਸ਼ਾਮਿਲ ਹੋਣ ਲਈ ਸਰੀ ਆਏ ਹੋਏ ਹਨ। ਉਹ ਗੁਰਜੀਵਨ ਨੂੰ ਨਾਲ ਜਾਣ ਲਈ ਆਖਦੇ ਹਨ ਪਰ ਗੁਰਜੀਵਨ ਆਖਦਾ ਹੈ ਕਿ ਓਨ੍ਹਾਂ ਨੇ ਮੰਗਣੀ ਉਸ ਦਿਨ ਦੀ ਰੱਖੀ ਹੀ ਕਿਓਂ?

"ਅਸੀਂ ਤੇਰੇ ਮਾਮੇ ਨੂੰ ਆਖ ਦਿੰਨੇ ਆ ਕਿ ਭਾਈ ਮੰਗਣੀ ਕੈਂਸਲ ਕਰ ਦਿਓ ਸਾਡੇ ਜੀਵਨ ਨੇ ਉਸ ਦਿਨ ਹਾਕੀ ਦੀ ਗੇਮ ਦੇਖਣੀ ਆ। ਕਿਓਂ ਜੀਵਨ?" ਗੁਰਜੀਵਨ ਦੀ ਮਾਂ ਬੋਲਦੀ ਹੈ । ਫਿਰ ਉਹ ਗੁਰਜੀਵਨ ਦਾ ਮੋਢਾ ਪਲੋਸਦੀ ਹੋਈ ਆਖਦੀ ਹੈ, "ਨਾ ਮੇਰਾ ਪੁੱਤ

ਜਾਈਂ ਜਰੂਰ ਭਾਵੇਂ ਥੋੜ੍ਹਾ ਚਿਰ ਈ ਜਾਈਂ। ਭੈਣ ਨਾਲ ਤਬਲਾ ਫਿਰ ਕੌਣ ਵਜਾਊ? ਤੇਰੀ ਮਾਮੀ ਆਖਦੀ ਸੀ ਕਿ ਸਿਮਰਨ ਮੰਗਣੀ ਤੋਂ ਪਹਿਲਾਂ ਸ਼ਬਦ ਜਰੂਰ ਪੜ੍ਹੇ।"

"ਮੈਂ ਬਹੁਤ ਚਿਰ ਤੋਂ ਤਬਲੇ ਦਾ ਅਭਿਆਸ ਨਹੀਂ ਕੀਤਾ," ਗੁਰਜੀਵਨ ਆਖਦਾ ਹੈ।

"ਐਵੇਂ ਬਹਾਨੇ ਨਾ ਘੜ। ਗੇਮ ਤੇਰੀ ਸਾਢੇ ਚਾਰ ਸ਼ੁਰੂ ਹੋਣੀ ਆ ਤੇ ਸਾਢੇ ਸੱਤ-ਅੱਠ ਤੱਕ ਮੁੱਕ ਜਾਣੀ ਆ। ਜਦੋਂ ਨੂੰ ਸ਼ਬਦ ਪੜ੍ਹਨਾ ਓਦੋਂ ਨੂੰ ਮੁੜ ਆਏਂਗਾ।"

"ਸੁੱਖ ਨੂੰ ਲੈ ਜੋ। ਇਹ ਤਬਲਾ ਵਜਾਦੂ।"

"ਲੈ ਸੁੱਖ ਕਿਓਂ ਵਜਾਊ, ਜਦੋਂ ਤੂੰ ਨੀਂ ਵਜਾਉਂਦਾ। ਨਾਲੇ ਗੁਰਸਿੱਖ ਕੁੜੀ ਨਾਲ ਗੁਰਸਿੱਖ ਈ ਤਬਲਾ ਵਜਾਉਂਦਾ ਜਚਦਾ ਆ। ਸੁੱਖ ਤਾਂ ਹੁਣ ਅੰਗ੍ਰੇਜ਼ ਬਨਿਆ। ਕਿਓਂ ਸੁੱਖ?"

"ਚਲੋ ਆਓ ਅਭਿਆਸ ਕਰੀਏ," ਆਖਦੀ ਹੋਈ ਗੁਰਸਿਮਰਨ ਅੰਦਰੋਂ ਤਬਲਾ ਚੁੱਕ ਲਿਆਉਂਦੀ ਹੈ।

ਤਬਲੇ ਗੁਰਜੀਵਨ ਤੇ ਸੁੱਖ ਆਪਣੇ ਨਾਲ ਦੋਨੋਂ ਹੀ ਲੈ ਆਏ ਸਨ ਪਰ ਉਨ੍ਹਾਂ ਨੇ ਵੈਨਕੂਵਰ ਆ ਕੇ ਕਦੇ ਅਭਿਆਸ ਨਹੀਂ ਕੀਤਾ । ਪ੍ਰਿੰਸਰੂਪਰਟ ਰਹਿੰਦਿਆਂ ਉਹ ਹਰ ਐਤਵਾਰ ਗੁਰਦੁਆਰੇ ਕੀਰਤਨ ਕਰਦੇ ਸਨ। ਗੁਰਸਿਮਰਨ ਦੇ ਜ਼ੋਰ ਦੇਣ ਨਾਲ ਗੁਰਜੀਵਨ ਅਤੇ ਸੁੱਖ ਦੋਨਾਂ ਨੇ ਹੀ ਆਪਣੇ ਤਬਲਿਆਂ ਤੋਂ ਗਰਦ ਝਾੜ ਲੈਂਦੇ ਹਨ ਅਤੇ ਫਿਰ ਆਪਣੇ ਹੱਥਾਂ ਤੋਂ ਜੰਗਾਲ ਵੀ ਲਾਹ ਸੁੱਟਦੇ ਹਨ।

ਅਗਲੇ ਦਿਨ ਉਹ ਤਿੰਨੋਂ ਹੀ ਵੱਡੀ ਸਕਰੀਨ ਤੇ ਗੇਮ ਦੇਖਣ ਲਈ ਸਰ੍ਹੀ ਸੈਂਟਰਲ ਵੱਲ ਚੱਲ ਪੈਂਦੇ ਹਨ। 'ਬੌਸਟਨ ਪੀਜ਼ਾ' ਰੈਸਟੋਰੈਂਟ ਦੇ ਮੂਹਰੋਂ ਲੰਘਦਿਆਂ ਸੁੱਖ ਛੇੜਦਾ ਹੈ, " ਗੁਰਜ਼, ਤੇਰਾ ਮਨਭਾਉਂਦਾ ਰੈਸਟੋਰੈਂਟ।"

"ਨਹੀਂ, ਹੁਣ ਨੀ?" ਗੁਰਜੀਵਨ ਜਵਾਬ ਦਿੰਦਾ ਹੈ।

"ਤੂੰ ਤਾਂ ਕਿਸੇ ਹੋਰ ਪੀਜ਼ਾ ਰੈਸਟੋਰੈਂਟ 'ਤੇ ਜਾਂਦਾ ਹੀ ਨਹੀਂ। ਹੁਣ ਕੀ ਹੋ ਗਿਆ?"

"ਏਹਦਾ ਨਾਂ 'ਬੌਸਟਨ ਦੀ ਟੀਮ ਵਾਲਾ," ਆਖ ਕੇ ਗੁਰਸਿਮਰਨ ਹੱਸਦੀ ਹੈ।

"ਅਗਲਿਆਂ ਨੇ ਤਾਂ ਜਿੰਨੇ ਦਿਨ ਇਹ ਗੇਮਾਂ ਹੋਣੀਆਂ 'ਬੌਸਟਨ ਪੀਜ਼ਾ' ਦੀ ਥਾਂ ਇਸਦਾ ਨਾਂ ਵੀ 'ਵੈਨਕੂਵਰ ਪੀਜ਼ਾ' ਰੱਖ ਦਿੱਤਾ ਹੈ," ਸੁੱਖ ਆਖਦਾ ਹੈ।

"ਤੁਸੀਂ ਹਟ ਜੋ -ਹਟ ਜੋ," ਆਖਦਾ ਗੁਰਜੀਵਨ ਉਨ੍ਹਾਂ ਨੂੰ ਅਗਾਂਹ ਤੋਰ ਲੈਂਦਾ ਹੈ।

ਪਹਿਲੇ ਪੀਰੀਅਡ ਦੇ ਖਤਮ ਹੋਣ ਤੋਂ ਬਾਅਦ ਸੁੱਖ ਗੁਰਸਿਮਰਨ ਨੂੰ ਆਪਣੇ ਨਾਲ ਲੈ ਕੇ ਵਾਪਸ ਆ ਜਾਵੇਗਾ। ਗੁਰਜੀਵਨ ਪੂਰੀ ਗੇਮ ਦੇਖ ਕੇ ਸਿੱਧਾ ਹਾਲ ਵਿੱਚ ਪਹੁੰਚੇਗਾ। ਉਸ ਨੇ ਪਾਰਟੀ ਵਾਲੇ ਕੱਪੜੇ ਆਪਣੀ ਕਾਰ ਵਿੱਚ ਰੱਖੇ ਹੋਏ ਹਨ। ਹੁਣ ਉਸ ਨੇ ਵੈਨਕੂਵਰ ਦੀ ਟੀਮ ਦੇ ਕੈਪਟਨ, ਹੈਨਰਿਕ ਸਡੀਨ ਵਾਲੀ 33 ਨੰਬਰ ਜਰਸੀ ਪਾਈ ਹੋਈ ਹੈ। ਗੇਮ ਦੇ ਸ਼ੁਰੂ ਹੁੰਦਿਆਂ ਹੀ ਬੌਸਟਨ ਦੀ ਟੀਮ ਲਗਾਤਾਰ ਚਾਰ ਗੋਲ ਕਰ ਦਿੰਦੀ ਹੈ। ਗੁਰਜੀਵਨ ਦੇ ਮੂੰਹ 'ਤੇ ਮੁਰਦੇਹਾਣੀ ਛਾ ਜਾਂਦੀ ਹੈ। ਦੂਜਾ ਗੋਲ ਹੋਣ ਤੋਂ ਬਾਅਦ ਹੀ ਉਹ ਵੈਨਕੂਵਰ ਦੀ ਟੀਮ ਦੇ ਕੋਚ 'ਤੇ ਕਚੀਚੀਆਂ ਲੈਣ ਲੱਗਦਾ ਹੈ, ਜਿਸਨੇ ਦੂਜਾ ਗੋਲ ਹੁੰਦਿਆਂ ਹੀ ਗੋਲ਼ੀ ਨੂੰ ਨਹੀਂ ਸੀ ਬਦਲਿਆ। ਪਹਿਲੇ ਪੀਰੀਅਡ ਦੇ ਮੁੱਕਣ ਸਾਰ ਹੀ ਉਹ ਵੀ ਸੁੱਖ ਤੇ ਗੁਰਸਿਮਰਨ ਦੇ ਨਾਲ ਵਾਪਸ ਘਰ ਮੁੜ ਪੈਂਦਾ ਹੈ। ਘਰ ਪਹੁੰਚ ਕੇ ਉਹ ਕਨੱਕਸ ਦੇ ਲੋਗੋ ਵਾਲਾ ਸਫੈਦ ਤੌਲੀਆ ਫੜ ਕੇ ਟੀ ਵੀ ਮੂਹਰੇ ਬੈਠ ਜਾਂਦਾ ਹੈ। ਉਸਦਾ ਵਿਸ਼ਵਾਸ਼ ਹੈ ਕਿ ਜਦੋਂ ਉਹ ਇਸ ਨੂੰ ਹੱਥਾਂ ਵਿੱਚ ਲੈ ਕੇ ਗੇਮ ਦੇਖਦਾ ਹੈ ਤਾਂ ਕਨੱਕਸ ਦੀ ਟੀਮ ਜਿੱਤ ਜਾਂਦੀ ਹੈ।

"ਤੇਰੇ ਇਸ ਤਰ੍ਹਾਂ ਬੈਠਣ ਨਾਲ ਹੁਣ ਕਨੱਕਸ ਜਿੱਤਣ ਨਹੀਂ ਲੱਗੇ। ਬੌਸਟਨ ਦਾ ਗੋਲ਼ੀ ਤਕੜਾ। ਉਹ ਹੁਣ ਚਾਰ ਗੋਲ਼ ਨਹੀਂ ਕਰਵਾਉਣ ਲੱਗਾ। ਚੱਲ ਚੱਲੀਏ ਪਾਰਟੀ 'ਤੇ," ਸੁੱਖ ਆਖਦਾ ਹੈ।

"ਕੀ ਪਤਾ ਹੁੰਦੈ? ਤੁਸੀਂ ਜਾਓ," ਆਖ ਕੇ ਗੁਰਜੀਵਨ ਆਪਣਾ ਧਿਆਨ ਟੀ ਵੀ ਵੱਲ ਕਰ ਲੈਂਦਾ ਹੈ। ਵੈਨਕੂਵਰ ਦੀ ਟੀਮ ਨੇ ਚੌਥੇ ਗੋਲ ਤੋਂ ਬਾਅਦ ਦੂਜੇ ਨੰਬਰ ਵਾਲਾ ਗੋਲੀ ਪਾ ਦਿੱਤਾ ਹੈ। ਟੀਮ ਹੱਲੇ 'ਤੇ ਹੱਲਾ ਬੋਲ ਰਹੀ ਹੈ। ਪਰ ਬੌਸਟਨ ਦਾ ਗੋਲੀ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਣ ਦਿੰਦਾ। ਉਹ ਗੋਲ ਮੂਹਰੇ ਕੰਧ ਬਣ ਕੇ ਖੜ੍ਹ ਜਾਂਦਾ ਹੈ। ਵੈਨਕੂਵਰ ਦੀ ਟੀਮ ਦਾ ਖਿਡਾਰੀ ਡੈਨੀਅਲ ਸਡੀਨ ਗੋਲ਼ ਦੀਆਂ ਐਨ ਬਰੂਹਾਂ 'ਤੇ ਪਹੁੰਚ ਜਾਂਦਾ ਹੈ। ਗੁਰਜੀਵਨ ਸੋਫ਼ੇ ਨਾਲੋਂ ਢੋਅ ਛੱਡ ਦਿੰਦਾ ਹੈ ਅਤੇ ਤੌਲੀਆ ਜੋਰ-ਜ਼ੋਰ ਨਾਲ ਘਮਾਉਂਦਾ ਹੈ। ਪਰ ਡੈਨੀਅਲ ਸ਼ਾਟ ਲਾਉਣ ਤੋਂ ਪਹਿਲਾਂ ਹੀ ਡਿੱਗ ਪੈਂਦਾ ਹੈ। ਪੱਕ ਉਸਦੀ ਹਾਕੀ ਤੋਂ ਦੂਰ ਚਲੀ ਜਾਂਦੀ ਹੈ। "ਪਨੈਲਟੀ ਸ਼ਾਟ", ਗੁਰਜੀਵਨ ਉੱਚੀ ਅਵਾਜ਼ 'ਚ ਕਹਿੰਦਾ ਹੈ। ਪਰ ਰੈਫ਼ਰੀ ਪਨੈਲਟੀ ਸ਼ਾਟ ਤਾਂ ਦੂਰ ਸਿਰਫ਼ ਪਨੈਲਿਟੀ ਲਈ ਵੀ ਇਸ਼ਾਰਾ ਨਹੀਂ ਕਰਦਾ। ਟੀ ਵੀ ਦਾ ਟਿੱਪਣੀਕਾਰ ਆਖਦਾ ਹੈ ਕਿ ਵੈਨਕੂਵਰ ਦੇ ਖਿਡਾਰੀ ਦੀ ਸਕੇਟ ਵਿੱਚ ਬੌਸਟਨ ਦੀ ਟੀਮ ਦੇ ਰੱਖਿਅਕ ਨੇ ਆਪਣੀ ਹਾਕੀ ਅੜਾ ਕੇ ਉਸ ਨੂੰ ਡੇਗਿਆ ਹੈ। ਬੌਸਟਨ ਦੇ ਖਿਡਾਰੀ ਨੂੰ ਇਸਦੀ ਪਨੈਲਿਟੀ ਮਿਲਣੀ ਚਾਹੀਦੀ ਸੀ। ਫਿਰ ਟੀ ਵੀ 'ਤੇ ਖਿਡਾਰੀ ਦੇ ਡਿੱਗਣ ਨੂੰ ਦੋ ਤਿੰਨ ਵਾਰ ਦਿਖਾਇਆ ਜਾਂਦਾ ਹੈ। ਦੂਜਾ ਟਿੱਪਣੀਕਾਰ ਆਖਦਾ ਹੈ ਕਿ ਇਹ ਪੂਰਾ ਸਾਫ਼ ਨਹੀਂ ਕਿ ਖਿਡਾਰੀ ਆਪ ਡਿੱਗਿਆ ਹੈ ਜਾਂ ਡੇਗਿਆ ਗਿਆ ਹੈ। ਪਰ ਗੁਰਜੀਵਨ ਨੂੰ ਸਾਫ਼ ਦਿਸਦਾ ਹੈ ਕਿ ਉਸ ਦੀ ਟੀਮ ਦੇ ਖਿਡਾਰੀ ਨੂੰ ਡੇਗਿਆ ਗਿਆ ਹੈ। ਉਹ ਆਪ ਮੁਹਾਰੇ ਹੀ ਆਖਦਾ ਹੈ, "ਰੈਫ਼ਰੀ ਬੌਸਟਨ ਦੀ ਟੀਮ ਦੀ ਰਈ ਕਰਾ ਰਹੇ ਆ।" ਫਿਰ ਉਹ ਰੈਫ਼ਰੀ ਦੇ ਖਾਤੇ ਵਿੱਚ ਦੋ-ਤਿੰਨ ਵੱਡੀਆਂ ਵੱਡੀਆਂ ਗਾਲ਼੍ਹਾਂ ਪਾ ਕੇ ਪਾਣੀ ਪੀਣ ਲਈ ਉੱਠਦਾ ਹੈ। ਤੀਜੇ ਪੀਰੀਅਡ ਵਿੱਚ ਫਿਰ ਵੈਨਕੂਵਰ ਦੇ ਖਿਡਾਰੀ ਧਾਵੇ 'ਤੇ ਧਾਵਾ ਬੋਲਦੇ ਹਨ ਪਰ ਬੌਸਟਨ ਦੇ ਰੱਖਿਅਕ ਪੰਕਤੀ ਦੇ ਦਿਓ-ਕੱਦ ਖਿਡਾਰੀ ਵੈਨਕੂਵਰ ਦੀ ਟੀਮ ਦੀ ਪੇਸ਼ ਨਹੀਂ ਜਾਣ ਦਿੰਦੇ। ਵੈਨਕੂਵਰ ਦੀ ਟੀਮ ਦਾ ਲੜਾਕਾ ਖਿਡਾਰੀ

ਅੱਕ ਕੇ ਬੌਸਟਨ ਦੇ ਗੋਲ਼ੀ ਦੇ ਪੈਡ ’ਤੇ ਹਾਕੀ ਮਾਰਦਾ ਹੈ। ਬੌਸਟਨ ਦਾ ਖਿਡਾਰੀ ਉਸ ਨੂੰ ਧੱਕਾ ਮਾਰਦਾ ਹੈ ਅਤੇ ਦੋਨੋਂ ਖਿਡਾਰੀ ਦਸਤਾਨੇ ਲਾਹ ਕੇ ਸੁੱਟ ਦਿੰਦੇ ਹਨ ਅਤੇ ਉਹ ਇੱਕ ਦੂਜੇ ਦੇ ਕਾਲਰਾਂ ’ਚ ਹੱਥ ਅੜਾਉਣ ਦੀ ਤਾਕ ਵਿੱਚ ਹਨ। ਟੀ ਵੀ ’ਤੇ ਦਰਸ਼ਕਾਂ ਦਾ “ਲੜੋ-ਲੜੋ” ਦਾ ਰੌਲਾ ਸੁਣਦਾ ਹੈ। ਗੁਰਜੀਵਨ ਸੋਫ਼ੇ ਤੋਂ ਉੱਠ ਖੜ੍ਹਦਾ ਹੈ। ਉਹ ਹਵਾ ਵਿਚ ਮੁੱਠੀਆਂ ਚਲਾਉਂਦਾ ਆਖਦਾ ਹੈ, “ਮਾਰ-ਮਾਰ” ਪਰ ਖਿਡਾਰੀਆਂ ਦੇ ਮੁੱਕੇ ਚੱਲਣ ਤੋਂ ਪਹਿਲਾਂ ਹੀ ਰੈਫ਼ਰੀ ਵਿੱਚ ਪੈ ਕੇ ਉਨ੍ਹਾਂ ਨੂੰ ਛੁਡਾ ਦਿੰਦੇ ਹਨ। ਫਿਰ ਇਸ ਤਰ੍ਹਾਂ ਹੋਰ ਵੀ ਕਈ ਲੜਾਈਆਂ ਹੁੰਦੀਆਂ ਹਨ। ਤੇ ਇਨ੍ਹਾਂ ਲੜਾਈਆਂ ਵਿੱਚ ਹੀ ਵੈਨਕੂਵਰ ਦੀ ਟੀਮ ਨੂੰ ਮਿਲੀ ਇੱਕ ਪਨੈਲਿਟੀ ਵਿੱਚ ਬੌਸਟਨ ਦੇ ਖਿਡਾਰੀ ਇਕ ਹੋਰ ਗੋਲ਼ ਕਰ ਜਾਂਦੇ ਹਨ। ਗੁਰਜੀਵਨ ਟੀ ਵੀ ਦਾ ਰੀਮੋਟ ਪਰ੍ਹਾਂ ਸੁੱਟ ਕੇ ਸੋਫ਼ੇ ’ਤੇ ਨਿਢਾਲ ਹੋ ਕੇ ਡਿੱਗ ਪੈਂਦਾ ਹੈ। ਉਹ ਕੁਝ ਦੇਰ ਇਸੇ ਤਰ੍ਹਾਂ ਹੀ ਪਿਆ ਰਹਿੰਦਾ ਹੈ। ਉਸਦੀ ਮਾਂ ਦਾ ਫੋਨ ਆਉਂਦਾ ਹੈ। ਉਹ ਗੁਰਜੀਵਨ ਨੂੰ ਪਾਰਟੀ ਹਾਲ ਵਿਚ ਆਉਣ ਲਈ ਆਖਦੀ ਹੈ ਪਰ ਗੁਰਜੀਵਨ ਤੇ ਨਿਰਾਸ਼ਾ ਐਨੀ ਭਾਰੂ ਹੋ ਜਾਂਦੀ ਹੈ ਕਿ ਉਸਦਾ ਕਿਸੇ ਨਾਲ ਵੀ ਗੱਲ ਕਰਨ ਨੂੰ ਜੀਅ ਨਹੀਂ ਕਰਦਾ ਤੇ ਉਹ ਆਪਣੇ ਬਿਸਤਰੇ ’ਤੇ ਜਾ ਡਿੱਗਦਾ ਹੈ।

ਸਵੇਰੇ ਨੀਂਦ ਖੁੱਲ੍ਹਣ ਵੇਲੇ ਉਸਦਾ ਦਿਮਾਗ ਖਾਲੀ-ਖਾਲੀ ਹੈ। ਉਹ ਕੁਝ ਦੇਰ ਐਵੇਂ ਹੀ ਬਿਸਤਰੇ ਵਿਚ ਪਿਆ ਰਹਿੰਦਾ ਹੈ। ਫੇਰ ਉਸਦੇ ਦਿਮਾਗ ਵਿਚ ਆਉਂਦਾ ਹੈ ਕਿ ਉਸ ਨੂੰ ਰਾਤ ਪਾਰਟੀ ’ਤੇ ਜਾਣਾ ਚਾਹੀਦਾ ਸੀ। ਗੁਨਾਹ- ਭਾਵ ਉਸ ’ਤੇ ਹਾਵੀ ਹੋਣ ਲੱਗਦਾ ਹੈ। ਪਰ ਇਹ ਭਾਵ ਬਹੁਤੀ ਦੇਰ ਉਸਦੇ ਦਿਮਾਗ ਵਿਚ ਨਹੀਂ ਰਹਿੰਦਾ ਤੇ ਰਾਤ ਵਾਲੀ ਗੇਮ ਬਾਰੇ ਉਹ ਸੋਚਣ ਲੱਗਦਾ ਹੈ। ਉੱਠ ਕੇ ਉਹ ਆਪਣਾ ਲੈਪ-ਟਾਪ ਚਲਾ ਲੈਂਦਾ ਹੈ। ਰਾਤ ਵਾਲੀ ਗੇਮ ਬਾਰੇ ਉਹ ਅਖਬਾਰ ਦੀ ਸੁਰਖੀ ਦੇਖਦਾ ਹੈ। ਲਿਖਿਆ ਹੈ, ‘ਵੈਨਕੂਵਰ ਦੀ ਟੀਮ ਸਟੈਨਲੀ ਕੱਪ ਵੈਨਕੂਵਰ ਵਿਚ ਹੀ ਜਿੱਤੇਗੀ’ ਇਹ ਸੁਰਖੀ ਗੁਰਜੀਵਨ ਨੂੰ ਚੰਗੀ-ਚੰਗੀ ਲੱਗਦੀ ਹੈ। ਗੁਰਜੀਵਨ ਇਸ ਸੁਰਖੀ ਅਤੇ ਵੈਨਕੂਵਰ ਕਨੱਕਸ ਦੀ ਹਾਕੀ ਟੀਮ ਨਾਲ ਸਬੰਧਤ ਹੋਰ ਖਬਰਾਂ ਯੂਨੀਵਰਸਿਟੀ ਪਹੁੰਚ ਕੇ ਪੇਪਰ ’ਤੇ ਚੰਗੀ ਤਰ੍ਹਾਂ ਲਾਈਬਰੇਰੀ ਵਿਚ ਬੈਠ ਕੇ ਪੜ੍ਹੇਗਾ। ਹੁਣ ਉਹ ਹੋਰ ਵੈਬਸਾਈਟਾਂ ’ਤੇ ਸਿਰਫ਼ ਸੁਰਖੀਆਂ ਦੇਖੇਗਾ। ਉਸਦੀ ਮਾਂ ਆਖਦੀ ਹੈ, “ਜੀਵਨ, ਰਾਤ ਬਹੁਤ ਹੀ ਸੋਹਣੀ ਸੀ ਪਾਰਟੀ। ਸਿਮਰਨ ਨੇ ਬਹੁਤ ਸੋਹਣਾ ਸ਼ਬਦ ਗਾਇਆ। ਲੋਕਾਂ ਨੇ ਡਾਲਰਾਂ ਦਾ ਮੀਂਹ ਵਰ੍ਹਾਤਾ।-----ਜੇ ਤੂੰ ਨਾਲ ਚਲਿਆ ਜਾਂਦਾ ਤਾਂ ਅੱਧੇ ਤੈਨੂੰ ਮਿਲ ਜਾਣੇ ਸੀ। ਕਿਓਂ ਸਿਮਰਨ?”

“ਅੱਧੇ ਕਿਓਂ? ਸੁੱਖ ਨੇ ਕਿਹੜਾ ਲਏ ਆ?” ਸਿਮਰਨ ਆਖਦੀ ਹੈ।

“ਚੰਗਾ-ਚੰਗਾ,” ਆਖ ਕੇ ਗੁਰਜੀਵਨ ਟੀ ਵੀ ਚਲਾ ਕੇ ਖੇਡਾਂ ਵਾਲਾ ਚੈਨਲ ਲਾ ਲੈਂਦਾ ਹੈ। ਸੀ ਬੀ ਸੀ ਦਾ ਮਸ਼ਹੂਰ ਟਿੱਪਣੀਕਾਰ ਆਖਦਾ ਹੈ, “ਵੈਨਕੂਵਰ ਦੇ ਪ੍ਰਸੰਸਕੋ, ਨਿਰਾਸ਼ ਨਾ ਹੋਵੋ। ਕੱਪ ਤੁਹਾਡਾ ਹੈ। ਅਗਲੀ ਗੇਮ ਵਿਚ ਤੁਹਾਡਾ ਗੋਲ਼ੀ ਵਧੀਆ ਕਾਰਗੁਜ਼ਾਰੀ ਦਿਖਾਏਗਾ। ਉਹ ਵੈਨਕੂਵਰ ਵਿਚ ਵਧੀਆ ਖੇਡਦਾ ਹੈ।”

ਗੁਰਜੀਵਨ ਨੂੰ ਇਹ ਟਿੱਪਣੀ ਠੀਕ ਲੱਗਦੀ ਹੈ। ਉਹ ਸੋਚਦਾ ਹੈ, ‘ਉਲੰਪਿਕਸ ਵੇਲੇ ਵੀ ਇਸੇ ਤਰ੍ਹਾਂ ਹੀ ਹੋਇਆ ਸੀ। ਇਹੀ ਗੋਲ਼ੀ ਫਾਈਨਲ ਗੇਮ ਵਿਚ ਕਨੇਡਾ ਦੀ ਟੀਮ ਲਈ ਬਹੁਤ ਵਧੀਆ ਖੇਡਿਆ ਸੀ।’ ਗੁਰਜੀਵਨ ਤੇਜ਼ੀ ਨਾਲ ਤਿਆਰ ਹੋ ਕੇ ਯੂਨੀਵਰਸਿਟੀ ਵੱਲ ਚੱਲ ਪੈਂਦਾ ਹੈ। ਉਸਦਾ ਵਿਚਾਰ ਹੈ ਕਿ ਉਹ ਕਲਾਸ ਲੱਗਣ ਤੋਂ ਪਹਿਲਾਂ ਹੀ ਅਖਬਾਰ ਪੜ੍ਹ ਲਵੇਗਾ। ਰਾਹ ਵਿਚ ਜਾਂਦਿਆਂ ਉਹ ਰੇਡੀਓ ਟਿੱਪਣੀਕਾਰ ਦੀ ਉਹੀ ਦਲੀਲ ਸੁਣਦਾ ਹੈ, ਜਿਹੜੀ ਤਕਰੀਬਨ ਹਰ ਹਾਕੀ ਟਿੱਪਣੀਕਾਰ ਨੇ ਕਹੀ ਜਾਂ ਲਿਖੀ ਸੀ। ਉਹ ਆਖ ਰਿਹਾ ਸੀ ਕਿ ਕਨੇਡਾ ਦੇ ਜਿਸ ਵੀ ਸ਼ਹਿਰ ਵਿਚ ਸਰਦੀ ਦੀਆਂ ਉਲੰਪਿਕਸ ਖੇਡਾਂ ਹੁੰਦੀਆਂ ਹਨ, ਉਸ ਤੋਂ ਅਗਲੇ ਸਾਲ ਉਸੇ ਸ਼ਹਿਰ ਦੀ ਹਾਕੀ ਟੀਮ ਸਟੈਨਲੀ ਕੱਪ ਜਿੱਤਦੀ ਹੈ। ਪਹਿਲਾਂ 1976 ਵਿਚ ਇਸੇ ਤਰ੍ਹਾਂ ਮਾਂਟਰੀਅਲ ਤੇ ਫਿਰ 1989 ਵਿਚ ਕੈਲਗਿਰੀ ਵਿਚ ਹੋਇਆ ਸੀ। ਗੁਰਜੀਵਨ ਇਹ ਟਿੱਪਣੀ ਸੁਣ ਕੇ ਰਾਤ ਵਾਲੀ ਹਾਰ ਦੀ ਨਿਰਾਸ਼ਾ ਭੁੱਲ ਜਾਂਦਾ ਹੈ ਅਤੇ ਅਗਲੀ ਗੇਮ ਲਈ ਉਤਸ਼ਾਹਿਤ ਹੋ ਜਾਂਦਾ ਹੈ। ਯੂਨੀਵਰਸਿਟੀ ਪਹੁੰਚ ਕੇ ਗੁਰਜੀਵਨ ਅਖਬਾਰ ਵਿਚ ਹਾਕੀ ਦੇ ਮਸ਼ਹੂਰ ਟਿੱਪਣੀਕਾਰ ਜੈਕ ਦੂਬੇ ਦਾ ਕਾਲਮ ਪੜ੍ਹਦਾ ਹੈ। ਉਹ ਲਿਖਦਾ ਹੈ ਕਿ ਅਗਲੀ ਗੇਮ ਵੈਨਕੂਵਰ ਦੀ ਇਸ ਪੀੜ੍ਹੀ ਲਈ ਨਾ ਭੁੱਲਣ ਵਾਲੀ ਗੇਮ ਹੋਵੇਗੀ ਕਿਓਂਕਿ ਉਹ ਆਪਣੇ ਸ਼ਹਿਰ ਵਿਚ ਆਪਣੀ ਹਾਜ਼ਰੀ ਵਿਚ ਆਪਣੀ ਟੀਮ ਨੂੰ ਸਟੈਨਲੀ ਕੱਪ ਜਿੱਤਦਿਆਂ ਦੇਖਣਗੇ। ਗੁਰਜੀਵਨ ਦਾ ਜੀਅ ਕਰਨ ਲੱਗਦਾ ਹੈ ਕਿ ਉਹ ਵੀ ਇਹ ਗੇਮ ਦੇਖਣ ਜਾਵੇ। ਫਿਰ ਸ਼ਾਮ ਤੱਕ ਇਹ ਇੱਛਾ ਹੋਰ ਪ੍ਰਬਲ ਹੋ ਜਾਂਦੀ ਹੈ। ਉਹ ਇੰਟਰਨੈੱਟ ’ਤੇ ਟਿਕਟ ਚੈੱਕ ਕਰਦਾ ਹੈ। ਉਹ ਸਸਤੀ ਤੋਂ ਸਸਤੀ ਟਿਕਟ ਲੱਭਦਾ ਹੈ। ਉਸਦੀ ਨਿਗ੍ਹਾ ਹਜ਼ਾਰ ਡਾਲਰ ਦੀਆਂ ਦੋ ਟਿਕਟਾਂ ’ਤੇ ਪੈਂਦੀ ਹੈ। “ਐਨੀ ਸਸਤੀ’, ਉਹ ਸੋਚਦਾ ਹੈ। ਉਸ ਨੇ ਵੈਨਕੂਵਰ ਦੀ ਪੰਜਵੀਂ ਗੇਮ ਵਿਚ ਹੋਈ ਜਿੱਤ ਤੋਂ ਬਾਅਦ ਰੇਡੀਓ ’ਤੋਂ ਸੁਣਿਆ ਸੀ ਕਿ ਜੇ ਇਹ ਖੇਡ ਲੜੀ ਸੱਤਵੀਂ ਗੇਮ ਤੱਕ ਪਹੁੰਚੀ ਤਾਂ ਇਸਦੀਆਂ ਟਿਕਟਾਂ ਘੱਟੋ-ਘੱਟ ਇੱਕ ਹਜ਼ਾਰ ਪ੍ਰਤੀ ਟਿਕਟ ਵਿਕ ਰਹੀਆਂ ਹਨ। ਤੇ ਗੁਰਜੀਵਨ ਨੇ ਸਿਰਫ਼ ਇਹ ਤਸਦੀਕ ਕਰਨ ਲਈ ਹੀ ਇੰਟਰਨੈੱਟ ’ਤੇ ਟਿਕਟਾਂ ਦੀ ਕੀਮਤ ਚੈੱਕ ਕੀਤੀ ਸੀ। ਸੱਚਮੁਚ ਹੀ ਇਕ ਹਜ਼ਾਰ ਜਾਂ ਇਸ ਤੋਂ ਉੱਪਰ ਦੀ ਕੀਮਤ ’ਤੇ ਲੋਕਾਂ ਨੇ ਟਿਕਟਾਂ ਵਿਕਣੀਆਂ ਲਾਈਆਂ ਹੋਈਆਂ ਸਨ। ਗੁਰਜੀਵਨ ਨੇ ਉਸ ਵੇਲੇ ਸੋਚਿਆ ਕਿ ਉਸ ਨੂੰ ਵੀ ਪਹਿਲਾਂ ਟਿਕਟਾਂ ਖ੍ਰੀਦ ਕੇ ਰੱਖ ਲੈਣੀਆਂ ਚਾਹੀਦੀਆਂ ਸਨ ਤੇ ਹੁਣ ਵੇਚ ਕੇ ਮੁਨਾਫਾ ਕਮਾਉਂਦਾ। ਤੇ ਹੁਣ ਵੈਨਕੂਵਰ ਦੀ ਪਿਛਲੀ ਗੇਮ ਵਿਚ ਹੋਈ ਹਾਰ ਤੋਂ ਬਾਅਦ ਉਹੀ ਟਿਕਟ ਪੰਜ ਸੌ ਦੀ ਵਿਕ ਰਹੀ ਹੈ। ਗੁਰਜੀਵਨ ਦਾ ਜੀਅ ਕੀਤਾ ਕਿ ਉਹ ਇਹ ਦੋ ਟਿਕਟਾਂ ਛੇਤੀ ਛੇਤੀ ਖ੍ਰੀਦ ਲਵੇ। ਪਰ ਉਹ ਡਾਲਰਾਂ ਦਾ ਪ੍ਰਬੰਧ ਕਿਵੇਂ ਕਰੇ? ਉਸਦੇ ਦਿਮਾਗ ਵਿਚ ਆਉਂਦਾ ਹੈ ਕਿ ਆਪਣੀ ਮਾਂ ਨੂੰ ਕਹੇ ਕਿ ਉਹ ਉਸਦੇ ਡੈਡੀ ਨੂੰ ਆਖ ਕੇ ਇਹ ਟਿਕਟਾਂ ਖ੍ਰੀਦ ਦੇਵੇ। ਫਿਰ ਉਹ ਆਪਣੀ ਇਸ ਸੋਚ ’ਤੇ ਕਾਟਾ ਫੇਰ ਦਿੰਦਾ ਹੈ। ਉਹ ਸੋਚਦਾ ਹੈ ਕਿ ਉਸਦਾ ਡੈਡੀ ਕਦੇ ਵੀ ਐਨੀਆਂ ਮਹਿੰਗੀਆਂ ਟਿਕਟਾਂ ਖ੍ਰੀਦ ਕੇ ਨਹੀਂ ਦੇਵੇਗਾ ਖਾਸ ਕਰਕੇ ਜਦੋਂ ਉਹ ਰਾਤ ਉਨ੍ਹਾਂ ਦੇ ਆਖੇ ਪਾਰਟੀ ’ਤੇ ਨਹੀਂ ਸੀ ਗਿਆ। ਫਿਰ ਗੁਰਜੀਵਨ ਸੋਚਦਾ ਹੈ ਕਿ ਉਹ ਗੁਰਸਿਮਰਨ ਨੂੰ ਪੁੱਛ ਵੇਖੇ ਕਿ ਰਾਤ ਉਸ ਨੂੰ ਕਿੰਨੇ ਡਾਲਰ ਹੋਏ ਸਨ। ਇਹ ਸੋਚ ਗੁਰਜੀਵਨ ਨੂੰ ਠੀਕ ਲੱਗਦੀ ਹੈ ਤੇ ਉਹ ਗੁਰਸਿਮਰਨ ਨੂੰ ਪੁੱਛਦਾ ਹੈ । ਗੁਰਸਿਮਰਨ ਗੇਮ ’ਤੇ ਜਾਣ ਲਈ ਤਿਆਰ ਹੋ ਜਾਂਦੀ ਹੈ ਪਰ ਉਸ ਕੋਲ ਦੋ ਟਿਕਟਾਂ ਜੋਗੇ ਡਾਲਰ ਨਹੀਂ ਹਨ। ਫਿਰ ਗੁਰਜੀਵਨ ਦੇ ਦਿਮਾਗ ਵਿਚ ਆਪਣਾ ਆਈਪੈਡ ਆਉਂਦਾ ਹੈ, ਜਿਹੜਾ ਬਹੁਤ ਦੇਰ ਤੋਂ ਉਸ ਨੇ ਨਹੀਂ ਸੀ ਵਰਤਿਆ। ਉਹ ਉਸਦੀ ਟੱਚ ਸਕਰੀਨ ਅਤੇ ਹੌਲੀ ਚੱਲਣ ਤੋਂ ਅੱਕ ਗਿਆ ਸੀ। ਗੁਰਜੀਵਨ ਸੋਚਦਾ ਹੈ ਕਿ ਉਹ ਉਸ ਨੂੰ ਵੇਚ ਦੇਵੇਗਾ। ਫਿਰ ਉਹ ਸੋਚਦਾ ਹੈ ਕਿ ਉਸ ਨੂੰ ਹੁਣ ਕੌਣ ਖ੍ਰੀਦੇਗਾ ਹੁਣ ਤਾਂ ਨਵੇਂ ਪਹਿਲਾਂ ਨਾਲੋਂ ਤੇਜ਼ ਆਈਪੈਡ ਆ ਗਏ ਹਨ। ਉਹ ਸੋਚਦਾ ਹੈ ਕਿ ਉਹ ਜਾਵੇਗਾ ਜ਼ਰੂਰ ਡਾਲਰਾਂ ਦਾ ਜਿਵੇਂ ਮਰਜ਼ੀ ਪ੍ਰਬੰਧ ਕਰਨਾ ਪਵੇ।

ਗੁਰਸਿਮਰਨ ਆਖਦੀ ਹੈ ਕਿ ਸੁੱਖ ਨੂੰ ਵੀ ਨਾਲ ਲੈ ਜਾਇਆ ਜਾਵੇ। ਗੁਰਜੀਵਨ ਨੂੰ ਪਤਾ ਹੈ ਕਿ ਸੁੱਖ ਨਹੀਂ ਜਾਵੇਗਾ ਪਰ ਉਹ ਗੁਰਸਿਮਰਨ ਦੇ ਆਖੇ ਸੁੱਖ ਨੂੰ ਆਖਦਾ ਹੈ , "ਸੁੱਖ ਮੈਨ, ਮੈਨੂੰ ਦੋ ਸਸਤੀਆਂ ਟਿਕਟਾਂ ਮਿਲ ਗਈਆਂ। ਪੰਜ ਸੌ ਦੀ ਇੱਕ। ਤੂੰ ਵੀ ਚੱਲ ਸਾਡੇ ਨਾਲ। ਇਸ ਕੀਮਤ 'ਤੇ ਹੋਰ ਵੀ ਟਿਕਟ ਮਿਲ ਜਾਊ।"

"ਤੂੰ ਮੂਰਖ ਐ?" ਥੋੜ੍ਹਾ ਚੁੱਪ ਰਹਿ ਕੇ ਸੁੱਖ ਫਿਰ ਆਖਦਾ ਹੈ, "ਤੈਨੂੰ ਲੱਗਦਾ ਇਹ ਸਸਤੀਆਂ?

"ਅੱਜ ਭਾਸ਼ਣ ਨਾ ਦੇਵੀਂ। ਚੱਲ ਮੇਰੇ ਨਾਲ। ਜਿੰਦਗੀ ਵਿੱਚ ਫਿਰ ਪਤਾ ਨੀ ਆਪਣੀ ਟੀਮ ਵੱਲੋਂ ਸਟੈਨਲੇ ਕੱਪ ਜਿੱਤਣ ਦਾ ਮੌਕਾ ਦੇਖਣਾ ਹੈ ਕਿ ਨਹੀਂ।"

"ਤੈਨੂੰ ਕੀ ਪਤਾ ਕਿ ਜਿੱਤਣਗੇ। ਹਾਰ ਵੀ ਸਕਦੇ ਆ?"

"ਦੇਖ ਬੌਸਟਨ ਵਾਲੇ ਤਿੰਨੇ ਉਹ ਗੇਮਾਂ ਜਿੱਤੇ ਆ, ਜਿਹੜੀਆਂ ਬੌਸਟਨ ਵਿੱਚ ਹੋਈਆਂ ਤੇ ਆਪਣੀ ਟੀਮ ਵੈਨਕੂਵਰ ਵਿੱਚ ਹੋਈਆਂ ਸਾਰੀਆਂ ਗੇਮਾਂ ਜਿੱਤੀ ਆ। ਆਪਣਾ ਗੋਲੀ ਲੋਆਂਗੋ ਵੈਨਕੂਵਰ 'ਚ ਵਧੀਆ ਖੇਡਦਾ। ਤੈਨੂੰ ਸਾਡੇ ਨਾਲ ਚੱਲਣਾ ਪੈਣਾ। ਸਿਮਰਨ ਚਾਹੁੰਦੀ ਆ ਕਿ ਤੂੰ ਵੀ ਨਾਲ ਚੱਲੇਂ। ਗੇਮ ਤੋਂ ਬਾਅਦ ਆਪਾਂ ਸਿਮਰਨ ਨੂੰ ਵੈਨਕੂਵਰ ਘੁੰਮਾਵਾਂਗੇ।"

ਉਸ ਦਾ ਉਤਸ਼ਾਹ ਵੇਖ ਅਤੇ ਗੁਰਸਿਮਰਨ ਦੇ ਆਖੇ ਸੁਖ ਹਾਂ ਕਰ ਦਿੰਦਾ ਹੈ। ਪਰ ਉਹ ਸਿਰਫ਼ ਡਾਊਨ-ਟਾਊਨ ਜਾਣਾ ਹੀ ਮੰਨਦਾ ਹੈ, ਜਿੱਥੇ ਗੇਮ ਹੋਣੀ ਹੈ। ਉਹ ਫੈਸਲਾ ਕਰਦੇ ਹਨ ਕਿ ਗੁਰਜੀਵਨ ਤੇ ਗੁਰਸਿਮਰਨ ਰੌਜਰਸ ਏਰੀਨਾ ਵਿੱਚ ਜਾ ਕੇ ਗੇਮ ਦੇਖਣਗੇ ਤੇ ਸੁੱਖ ਬਾਹਰ ਟੀ ਵੀ ਦੀ ਵੱਡੀ ਸਕਰੀਨ 'ਤੇ। ਉਹ ਜਾਣਗੇ ਇਕੱਠੇ।

ਸਕਾਈਟ੍ਰੇਨ 'ਤੇ ਜਾਂਦਿਆਂ ਗੁਰਜੀਵਨ ਦਾ ਉਤਸ਼ਾਹ ਦੇਖ ਸੁੱਖ ਆਖਦਾ ਹੈ, " ਗੁਰਜ, ਲੱਗਦਾ ਕਿ ਤੂੰ ਹਾਲੇ ਵੀ ਅੱਠਵੀਂ 'ਚ ਪੜ੍ਹਦੈਂ। ਭੋਰਾ ਨੀ ਬਦਲਿਆ।"

"ਪਰ ਤੂੰ ਤਾਂ ਬਦਲ ਗਿਐਂ ਨਾ। ਸਾਡੇ ਨਾਲ ਆਉਣ ਲਈ ਧੰਨਵਾਦ।"

ਸੁੱਖ ਮੁਸਕਰਾਉਂਦਾ ਹੈ। ਗੁਰਜੀਵਨ ਫਿਰ ਆਖਦਾ ਹੈ, "ਤੂੰ ਪਹਿਲੀ ਗੇਮ 'ਚ ਉਹ ਗੋਲ਼ ਦੇਖਿਆ ਸੀ, ਜਿਹੜਾ ਲੋਆਂਗੋ ਨੇ ਰੋਕਿਆ ਸੀ? ਬਹੁਤ ਵਧੀਆ ਗੋਲ਼ ਬਚਾਇਆ ਸੀ ਓਹਨੇ। ਅੱਜ ਫੇਰ ਉਹ ਉਵੇਂ-ਜਿਵੇਂ ਗੋਲ਼ ਬਚਾਊਗਾ।"

"ਦੇਖਾਂਗੇ।"

ਤੇ ਫਿਰ ਗੁਰਜੀਵਨ ਆਖਦਾ ਹੈ "ਮੈਂ ਇੰਟਰਨੈੱਟ 'ਤੇ ਪੜ੍ਹਿਆ ਕਿ ਇੱਕ ਕੁੱਕੜ ਨੇ ਵੀ ਭਵਿੱਖਬਾਣੀ ਕੀਤੀ ਐ ਕਿ ਕੱਪ ਕਨੱਕਸ ਨੇ ਜਿੱਤਣਾ। ਹੁਣ ਤੱਕ ਉਸਦੀਆਂ ਸਾਰੀਆਂ ਭਵਿੱਖਬਾਣੀਆਂ ਠੀਕ ਹੋਈਆਂ।" ਸੁਣ ਕੇ ਸੁੱਖ ਹੱਸਦਾ ਹੈ ਪਰ ਗੁਰਜੀਵਨ ਦਾ ਇਸ ਪਾਸੇ ਧਿਆਨ ਨਹੀਂ ਜਾਂਦਾ ਉਹ ਫਿਰ ਆਖਦਾ ਹੈ, "ਸੁੱਖ, ਮੈਨ, ਤੂੰ ਵੀ ਕੋਈ ਕਨੱਕਸ ਦੀ ਜਰਸੀ ਪਾ ਆਉਣੀ ਸੀ। ਦੇਖ ਕਿਵੇਂ ਸਾਰਿਆਂ ਦੇ ਪਾਈਆਂ ਹੋਈਆਂ---ਪਰ ਤੂੰ ਕਿੱਥੇ ਦੋ ਸੌ ਪੰਜਾਹ ਡਾਲਰ ਜਰਸੀ 'ਤੇ ਖਰਚਣ ਲੱਗਾਂ ਕਜੂੰਸ ਬੰਦਾ। ਚਲ ਛੱਡ ਤੂੰ ਕਿਤੇ ਫਿਰ ਨਾ ਆਪਣਾ ਭਾਸ਼ਣ ਸ਼ੁਰੂ ਕਰ ਦੇਵੇਂ ।"

"ਫਿਕਰ ਨਾ ਕਰ, ਅੱਜ ਕੁਝ ਨਹੀਂ ਕਹਿੰਦਾ। ਸਿਰਫ਼ ਤੈਨੂੰ ਖੁਸ਼ ਕਰਨ ਆਇਐਂ," ਸੁੱਖ ਜਵਾਬ ਦਿੰਦਾ ਹੈ।

ਪਰ ਗੁਰਜੀਵਨ ਖੁਸ਼ ਨਹੀਂ ਹੁੰਦਾ। ਵੈਨਕੂਵਰ ਦੀ ਟੀਮ ਹਾਰ ਜਾਂਦੀ ਹੈ। ਗੁਰਜੀਵਨ ਨੂੰ ਲੱਗਦਾ ਹੈ ਜਿਵੇਂ ਉਹ ਲੁੱਟਿਆ ਗਿਆ ਹੋਵੇ। ਉਸਦਾ ਚੀਕਾਂ ਮਾਰਨ ਨੂੰ ਜੀਅ ਕਰਦਾ ਹੈ। ਏਰੀਨਾ ਚੋਂ ਬਾਹਰ ਨਿਕਲਦਾ ਉਹ ਰਾਹ ਵਿਚ ਖਿਲਰੀਆਂ ਕੋਕ-ਬੀਅਰ ਦੀਆਂ ਬੋਤਲਾਂ ਨੂੰ ਠੁੱਡੇ ਮਾਰਦਾ ਹੈ। ਉਹ ਏਰੀਨਾ 'ਚੋਂ ਬਾਹਰ ਨਿਕਲ ਕੇ ਦੇਖਦਾ ਹੈ ਕਿ ਹਾਰ ਤੋਂ ਨਿਰਾਸ਼ ਲੋਕੀਂ ਕਾਰਾਂ ਤੇ ਇਮਾਰਤਾਂ ਦੇ ਸ਼ੀਸ਼ੇ ਤੋੜ ਰਹੇ ਹਨ। ਅੱਗਾਂ ਲਾ ਰਹੇ ਹਨ । ਗੁਰਜੀਵਨ ਵੀ ਬੀਅਰ ਦੀ ਬੋਤਲ ਚੁੱਕ ਕੇ ਇਕ ਦੁਕਾਨ ਦੇ ਸ਼ੀਸ਼ੇ ਵਿਚ ਮਾਰ ਕੇ ਇਕ ਜੋਰਦਾਰ ਲਲਕਾਰਾ ਮਾਰਦਾ ਹੈ। ਫਿਰ ਉਹ ਸ਼ੀਸ਼ੇ ਤੋੜ ਰਹੀ ਭੀੜ ਵਿਚ ਜਾ ਸ਼ਾਮਿਲ ਹੁੰਦਾ ਹੈ। ਗੁਰਸਸਿਮਰਨ ਉਸਦੀ ਬਾਂਹ ਫੜ ਕੇ ਉਸ ਨੂੰ ਝੰਜੋੜਦੀ ਹੈ। ਰੋਂਦੀ-ਕਰਲਾਉਂਦੀ ਗੁਰਸਿਮਰਨ ਦਾ ਚੇਹਰਾ ਦੇਖ ਕੇ ਉਹ ਉਸ ਨਾਲ ਭੀੜ ਚੋਂ ਨਿਕਲ ਆਉਂਦਾ ਹੈ। ਤੇ ਫਿਰ ਉਹ ਗੁਰਸਿਮਰਨ ਨਾਲ ਸਕਾਈਟਰੇਨ ਸਟੇਸ਼ਨ ਵੱਲ ਚੱਲ ਪੈਂਦਾ ਹੈ। ਉੱਥੇ ਪਹੁੰਚ ਗੁਸਿਮਰਨ ਆਖਦੀ ਹੈ, "ਸੁੱਖ?" ਗੁਰਜੀਵਨ ਉਸਦਾ ਫੋਨ ਮਿਲਾਉਂਦਾ ਹੈ ਪਰ ਦੂਜੇ ਪਾਸਿਓਂ ਕੋਈ ਜਵਾਬ ਨਹੀਂ ਮਿਲਦਾ।

ਜਵਾਬ ਕਿੱਥੋਂ ਮਿਲਦਾ ਸੁੱਖ ਤਾਂ ਭੀੜ ਨੂੰ ਕਾਬੂ ਕਰਨ ਵਿਚ ਲੱਗਾ ਹੋਇਆ ਹੈ। ਉਸ ਨੇ ਦੇਖਿਆ ਕਿ ਇੱਕ ਮੁੰਡਾ ਪੁਲੀਸ ਦੀ ਕਾਰ ਨੂੰ ਅੱਗ ਲਾਉਣ ਲੱਗਾ ਹੈ। ਸੁੱਖ ਨੇ ਚਾਰੇ ਪਾਸੇ ਦੇਖਿਆ ਉੱਥੇ ਪੁਲੀਸ ਨਹੀਂ ਹੈ। ਲੋਕ ਆਪਣੇ ਕੈਮਰਿਆਂ ਨਾਲ ਅੱਗ ਲਾ ਰਹੇ ਉਸ ਮੁੰਡੇ ਦੀਆਂ ਫੋਟੋਆਂ ਖਿੱਚਣ ਵਿੱਚ ਰੁੱਝੇ ਹੋਏ ਹਨ। ਕੋਈ ਵੀ ਉਸ ਨੂੰ ਹਟਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਸੁੱਖ ਦਲੇਰੀ ਕਰਕੇ ਉਸ ਮੁੰਡੇ ਨੂੰ ਪਿੱਛੋਂ ਜੱਫ਼ਾ ਮਾਰ ਕੇ ਕਾਰ ਤੋਂ ਪਰ੍ਹਾਂ ਨੂੰ ਧੱਕ ਕੇ ਲੈ ਜਾਂਦਾ ਹੈ। ਤੇ ਫਿਰ ਉਸ ਨੂੰ ਸ਼ਾਂਤ ਕਰਨ ਲੱਗਦਾ ਹੈ। ਸੁੱਖ ਦੇ ਨਾਲ ਇਕ ਹੋਰ ਮੁੰਡਾ ਰਲ ਜਾਂਦਾ ਹੈ ਤੇ ਉਹ ਰਲ ਕੇ ਉਸ ਮੁੰਡੇ ਨੂੰ ਸ਼ਾਂਤ ਕਰ ਲੈਂਦੇ ਹਨ। ਉਸ ਮੁੰਡੇ ਨੂੰ ਸ਼ਾਂਤ ਕਰਕੇ ਉਹ ਦੋਹੇਂ ਸ਼ੀਸੇ ਤੋੜ ਰਹੀ ਭੀੜ ਵੱਲ ਵਧਦੇ ਹਨ। ਹੁੱਲੜਬਾਜਾਂ ਦੀ ਬੇਕਾਬੂ ਤੇ ਬਿਫ਼ਰੀ ਹੋਈ ਭੀੜ ਪਾਗਲਾਂਹਾਰ, ਭੰਨ-ਤੋੜ ਤੇ ਸਾੜ-ਫੂਕ ਦੀਆਂ ਕਾਰਵਾਈਆਂ ਵਿੱਚ ਅੰਨੇਵਾਹ ਜੁਟੀ ਹੋਈ ਹੈ। ਅਚਾਨਕ ਸੁੱਖ ਦੇ ਸਾਹਮਣੇ ਭੀੜ ਨੂੰ ਚੀਰਦੇ ਹੋਏ ਗੁਰਜੀਵਨ ਤੇ ਗੁਰਸਿਮਰਨ ਆਉਂਦੇ ਹਨ।

"ਇਹ ਕਿਧੱਰ ਦੀ ਖੇਡ ਭਾਵਨਾ ਵਾਲਾ ਜੋਸ਼ ਐ, ਗੁਰਜ?" ਸੁੱਖ ਪੁੱਛਦਾ ਹੈ।

"ਇਹ ਕਿਸ ਦੀਨ ਕੇ ਹੇਤ ਭੰਨ-ਤੋੜ ਕਰ ਰਹੇ ਨੇ?" ਗੁਰਸਿਮਰਨ ਗੁਰਜੀਵਨ ਦਾ ਜਵਾਬ ਉਡੀਕਣ ਤੋਂ ਬਿਨ੍ਹਾਂ ਹੀ ਦੂਜਾ ਸੁਆਲ ਦਾਗ ਦਿੰਦੀ ਹੈ।

ਡੌਰ-ਭੌਰ ਹੋਏ ਗੁਰਜੀਵਨ ਨੂੰ ਧਰਤੀ ਵਿਹਲ ਨਹੀਂ ਦੇ ਰਹੀ। ●

ਲੇਖ

# ਸਾਡੇ ਸਮਿਆਂ 'ਚ ਮਾਰਕਸ ਤੇ ਉਸ ਦਾ ਚਿੰਤਨ



ਜਿਸ ਲਈ ਸੰਸਾਰ ਤਰਕ ਵਿਹੂਣਾ ਹੈ... ਉਹਦੇ ਲਈ ਰੱਬ
ਦੀ ਹੋਂਦ ਹੈ ਜਾਂ ਤਰਕ ਦੀ ਅਣਹੋਂਦ ਰੱਬ ਦੀ ਹੋਂਦ ਹੈ।
– ਕਾਰਲ ਮਾਰਕਸ

**ਤਸਕੀਨ**

ਪਿਛਲੀ ਡੇਢ ਸਦੀ ਦੇ ਸੰਸਾਰ ਇਤਿਹਾਸ ਦਾ ਨਾਂ ਕਾਰਲ ਮਾਰਕਸ ਹੈ ਜਾਂ ਇੰਝ ਕਹਿ ਲਉ ਕਿ ਪਿਛਲੀ ਡੇਢ ਸਦੀ ਦੀ ਜਮਾਤੀ ਜੱਦੋ-ਜਹਿਦ ਵਿਚ ਹਾਕਮ ਜਮਾਤ ਮਾਰਕਸਵਾਦ ਦਾ ਖਾਤਮਾ ਕਰਨ 'ਚ ਰੁੱਝਿਆ ਇਤਿਹਾਸ 'ਸਿਰਜਦੀ' ਹੈ, ਜਿਵੇਂ ਮਾਰਕਸ-ਏਂਗਲਜ਼ ਨੇ ਕਿਹਾ ਸੀ ਕਿ, "ਹੁਣ ਤੱਕ ਮੌਜੂਦ ਸਾਰੇ ਸਮਾਜਾਂ ਦਾ ਇਤਿਹਾਸ (ਭਾਵ ਸਾਰਾ ਲਿਖਿਆ ਹੋਇਆ ਇਤਿਹਾਸ) ਜਮਾਤੀ ਘੋਲਾਂ ਦਾ ਇਤਿਹਾਸ ਹੈ।"**1** ਕਮਿਊਨਿਸਟ ਮੈਨੀਫੈਸਟੋ ਤੋਂ ਬਾਅਦ ਲੁੱਟੀ ਜਾਂਦੀ ਕਿਰਤ ਵਾਲੀ ਧਿਰ ਦੀ ਜਮਾਤੀ ਜੱਦੋ-ਜਹਿਦ ਦੇ ਹਰ ਰੂਪ ਉਪਰ ਮਾਰਕਸਵਾਦੀ ਦਰਸ਼ਨ ਸ਼ਾਸਤਰ ਹੀ ਅਸਰ ਅੰਦਾਜ਼ ਹੋ ਗਿਆ। 'ਸਰਮਾਇਆ' ਦੀ ਲੱਭਤ ਨੇ ਤਾਂ ਇਸ ਨੂੰ ਸਿਖਰ ਤੱਕ ਪਹੁੰਚਾਉਂਦਿਆਂ ਸਮਾਜ ਵਿਗਿਆਨ ਦੇ ਹਰ ਰੂਪ 'ਚ ਹੀ ਨਹੀਂ ਸਗੋਂ ਮਨੁੱਖ ਦੇ ਹੋਣ ਦੇ ਹਰ ਰੂਪ ਨੂੰ ਆਪਣੀ ਗ੍ਰਿਫਤ ਵਿਚ ਕਸਦਿਆਂ ਇਸ ਉਪਰ ਮਾਰਕਸਵਾਦ ਦਾ ਚਿੰਤਨ "ਪ੍ਰੇਤ ਵਾਂਗ" ਮੰਡਰਾਉਣ ਲੱਗਾ। ਹਾਕਮ ਜਮਾਤ ਦੇ ਸ਼ਾਸਤਰੀਆਂ ਨੇ ਇਸ ਨੂੰ ਆਰਥਿਕਤਾਵਾਦ ਕਹਿੰਦਿਆਂ ਦਬੱਲ ਕੇ ਭੰਡਿਆ ਪ੍ਰੰਤੂ ਮਾਰਕਸਵਾਦ ਪਦਾਰਥ ਦੇ ਵਿਰੋਧ-ਵਿਕਾਸੀ ਸਬੰਧਾਂ ਦਾ ਵਿਗਿਆਨ ਹੋਣ ਕਰਕੇ, ਹਾਕਮੀ ਸ਼ਾਸਤਰੀਆਂ ਦੇ ਹਰ ਤਰਕ ਇਸ ਚਟਾਨ ਨਾਲ ਵੱਜ ਕੇ ਖੁੰਡੇ ਹੋ ਜਾਂਦੇ। ਪਿਛਲੀ ਸਦੀ ਦੇ ਹਰ ਵਿਗਿਆਨ ਨੂੰ ਇਸ ਨੇ ਆਪਣੇ ਵਿਚਾਰਾਂ ਦੇ ਕਬਜ਼ੇ ਵਿਚ ਲੈ ਲਿਆ ਹੋਣ ਕਾਰਨ ਹਾਕਮ ਜਮਾਤ ਵਾਰ-ਵਾਰ ਇਸ ਤੋਂ ਬਚਣ ਲਈ ਇਸ ਦੀ ਮੌਤ ਦਾ ਐਲਾਨ ਕਰਦੀ ਆਈ ਹੈ ਪਰ ਹਰ ਵਾਰ ਇਸਦੇ ਪਦਾਰਥਕ ਵਿਰੋਧ ਵਿਕਾਸੀ ਤਰਕਾਂ ਅੱਗੇ ਹਾਰ ਜਾਂਦੀ ਹੈ, ਕਿਉਂਕਿ ਸਰਮਾਏਦਾਰੀ ਦਾ ਸਿਧਾਂਤ ਨਿਰੋਲ ਲੁੱਟ/ਦਮਨ/ਮੁਨਾਫ਼ੇ 'ਤੇ ਟਿਕਿਆ ਹੋਇਆ ਹੈ ਅਤੇ ਇਹਨਾਂ ਸਬੰਧਾਂ ਵਿਚ ਇਸ ਦਾ ਮਨੁੱਖ ਨਾਲ ਕੋਈ ਵੀ ਭਾਈਚਾਰਕ ਨਾਤਾ ਨਹੀਂ, ਸਗੋਂ ਇਹ ਭਾਈਚਾਰਕ ਨਾਤੇ ਤੋੜਨ ਦਾ ਮੰਤਰ ਹੈ। ਇਸ ਨਿਜ਼ਾਮ ਵਿਚ ਉਤਪਾਦਨ ਦੇ ਸਬੰਧ ਮਾਨਵੀ ਸਬੰਧਾਂ ਦੀ ਬਜਾਏ ਜਮਾਤੀ ਹੁੰਦੇ ਹਨ। ਜਿਸ ਕਾਰਨ ਸਾਹਿਤ, ਕਲਾ, ਸੱਭਿਆਚਾਰ, ਇਤਿਹਾਸ, ਮਨੋਵਿਗਿਆਨ ਹੀ ਨਹੀਂ ਸਗੋਂ ਹਰ ਤਕਨੀਕ, ਵਿਗਿਆਨ ਉਪਰ ਇਸ ਦੀ ਵਿਚਾਰਧਾਰਾ ਦੇ ਲੇਪਣ ਦੀ ਮੋਟੀ ਪਰਤ ਚੜ੍ਹੀ ਹੁੰਦੀ ਹੈ। ਮਾਰਕਸਵਾਦ ਨੇ ਜਮਾਤੀ ਸਮਾਜ ਦੇ ਹਰ ਸਹਯੋਗੀ ਪ੍ਰਬੰਧ ਵਿਚ ਆਪਣੇ ਸੰਦਾਂ ਨਾਲ ਗਲੀਆਂ ਕਰਕੇ ਇਸ ਨੂੰ ਖੋਖਲ਼ਾ ਅਤੇ ਆਧਾਰਹੀਣ ਸਿੱਧ ਕਰ ਦਿੱਤਾ ਹੈ।

ਹੀਗਲ ਦੀ ਮਹਾਨ ਖੋਜ ਵਿਰੋਧ ਵਿਕਾਸੀ ਸਬੰਧ ਇਕ ਅਜਿਹੀ ਲੱਭਤ ਸੀ ਜਿਸਨੇ ਅਧਿਆਤਮਵਾਦ ਦੇ ਪ੍ਰੰਪਰਿਕ ਰੂਪ ਵਿਚ ਸੱਟ ਮਾਰੀ, ਪਰ ਉਹ ਇਸ "ਲਿਸ਼ਕਦੀ ਤਲਵਾਰ" ਨੂੰ 'ਰੱਬੀ ਬਾਦਸ਼ਾਹ' ਅੱਗੇ "ਜੰਗਾਲੇ ਮਿਆਨ" ਵਿਚ ਪਾ ਨਤਮਸਤਕ ਹੋ ਜਾਂਦਾ ਹੈ। ਇਸੇ ਲਈ ਮਾਰਕਸ ਹੀਗਲ ਦੇ "ਰੱਬ ਦੀ ਹੋਂਦ ਵਾਲੇ ਸਬੂਤਾਂ" ਅੱਗੇ ਤਰਕ ਪੇਸ਼ ਕਰਦਿਆਂ ਕਾਂਟ ਨੂੰ ਜ਼ੇਰੇ ਗੌਰ ਲਿਆਉਂਦਾ ਹੈ ਜਿਸ ਦੇ ਤਰਕ ਇਸ ਜੂਲ਼ੇ ਨੂੰ ਤੋੜਨ ਤੱਕ ਪਹੁੰਚ ਚੁੱਕੇ ਸਨ ਪਰ ਹੀਗਲ ਕਾਂਟ ਦੀ ਤਰਕਵਾਦੀ ਪੱਧਤੀ 'ਤੇ ਯਕੀਨ ਨਾ ਕਰਦਾ ਹੋਣ ਕਰਕੇ ਵਿਰੋਧ ਵਿਕਾਸੀ ਸਿਧਾਂਤ ਉਪਰ "ਰਹੱਸ ਦਾ ਪਰਛਾਵਾਂ" ਬਣਾਈ ਰੱਖਦਾ ਹੈ। ਹੀਗਲ ਦਾ ਅਧਾਰ ਵਿਚਾਰ (ਵਿਚਾਰਵਾਦ) ਸੀ ਅਤੇ ਉਹ ਅਜਿਹਾ "ਸਫਾਈ ਦਾ ਵਕੀਲ (ਹੈ ਜੋ) ਆਪ ਉਹਨਾਂ ਨੂੰ ਮਰਨ ਵਾਸਤੇ ਹੀ ਸਜ਼ਾ ਤੋਂ ਬਚਾਅ ਲੈਂਦਾ ਹੈ।" ਹੀਗਲ ਇਸ ਤਰ੍ਹਾਂ ਵਿਹਾਰ ਕਰਦਾ ਹੈ ਕਿ, "ਸੰਸਾਰ ਕਿਸ ਨੇ ਸਿਰਜਿਆ?" "ਹੇ, ਮੇਰੇ ਅਧਿਆਪਕ, ਮੈਂ-ਪਰ ਮੈਂ ਇਹ ਕਦੇ ਨਹੀਂ ਕਰਾਂਗਾ!"**2** ਭਾਵ ਕਿ ਉਸ ਦਾ ਵਿਰੋਧ ਵਿਕਾਸ ਕਾਂਟ ਦੇ ਤਰਕ ਤੋਂ ਮੁਕਤ ਹੋਣ ਕਾਰਨ ਰਹੱਸਵਾਦ ਦੀ ਨੁਮਾਇੰਦਗੀ ਕਰਨ ਲੱਗਦਾ ਹੈ। ਉਸਦੇ "ਹੱਥਾਂ ਵਿਚ ਵਿਰੋਧ

ਵਿਕਾਸ ਉਪਰ ਰਹੱਸ ਦਾ ਪ੍ਰਛਾਵਾਂ ਪੈ ਜਾਂਦਾ ਹੈ, ਪਰ ਇਸ ਦੇ ਬਾਵਜੂਦ ਇਹ ਸਹੀ ਹੈ ਕਿ ਹੀਗਲ ਨੇ ਹੀ ਸਭ ਤੋਂ ਪਹਿਲਾਂ ਸਰਬੰਗੀ (comprehensive) ਅਤੇ ਚੇਤੰਨ ਤਰ੍ਹਾਂ ਇਹ ਦੱਸਿਆ ਸੀ ਕਿ ਆਪਣੇ ਆਮ ਰੂਪ ਵਿਚ ਵਿਰੋਧ ਵਿਕਾਸ ਕੰਮ ਕਿਵੇਂ ਕਰਦਾ ਹੈ।''**3** ਅਰਸਤੂ ਤੋਂ ਬਾਅਦ ਏਨੀ ਖੋਜ ਭਰਪੂਰ ਬਿਰਤੀ ਵਾਲਾ ਦਾਰਸ਼ਨਿਕ ਵੀ ਵਿਰੋਧ ਵਿਕਾਸ ਦੀ 'ਲਿਸ਼ਕਦੀ ਤਲਵਾਰ ਨੂੰ ਰਹੱਸਵਾਦ ਦੇ ਜੰਗਾਲੇ ਮਿਆਨ ਵਿਚ ਪਾ ਦਿੰਦਾ ਹੈ।' ਇਸੇ ਕਾਰਨ ਉਸਦਾ ਵਿਰੋਧ ਵਿਕਾਸ ਸਿਰ ਪਰਨੇ ਖੜ੍ਹਾ ਹੋ ਜਾਂਦਾ ਹੈ।

ਹੀਗਲ ਦਾ ਆਧਾਰ ਵਿਚਾਰ /ਰਹੱਸ ਹੈ। ਵਿਰੋਧ ਵਿਕਾਸ ਉਸਦੀ ਮਹਾਨ ਲੱਭਤ ਵੀ ਵਿਚਾਰਵਾਦੀ ਇਸ ਲਈ ਹੈ ਕਿ ਜਗਤ ਉਸਾਰ ਢਾਂਚਾ ਹੈ, ਕਿਉਂਕਿ ਉਹ ਜਗਤ ਨੂੰ "ਵਿਚਾਰ ਦਾ ਪਰਤੌ'' ਜਾਂ ਪ੍ਰਤੀਬਿੰਬ ਮੰਨਦਾ ਹੈ। ਜੇ ਵਿਚਾਰ ਪਹਿਲਾਂ ਹੈ ਤਾਂ ਜਮਾਤੀ ਸਮਾਜ ਦਾ ਕੋਈ ਬਦਲ ਨਹੀਂ, ਕਿਉਂਕਿ ਧਾਰਮਿਕ ਜਗਤ ਨਿੱਜੀ ਜਾਇਦਾਦ/ਜਮਾਤੀ ਸਮਾਜ ਦੀ ਉਤਪਤੀ ਨਾਲ ਹੋਂਦ 'ਚ ਆਉਂਦਾ ਹੈ। ਨਿੱਜੀ ਜਾਇਦਾਦ ਦੀ ਕਾਇਮੀ ਵਿਚਾਰ/ਰਹੱਸ ਦੇ ਆਧਾਰ 'ਤੇ ਖੜ੍ਹੀ ਹੈ ਅਤੇ ਜਗਤ/ਮਾਇਆ ਨੂੰ ਨਾਸ਼ਵਾਨ ਮੰਨਦੀ ਹੈ, ਇਸੇ ਕਾਰਨ ਹੀਗਲ ਵਿਰੋਧ ਵਿਕਾਸ ਨੂੰ ਗੇੜਾ ਕਿਸੇ ਬਾਹਰੀ ਤਾਕਤ/ਰੱਬ ਦਾ ਦਿੱਤਾ ਹੋਇਆ ਮੰਨਦਾ ਹੈ। ਮਾਰਕਸ ਨੂੰ ਇਸ ਵਿਚਾਰ ਅੰਦਰ ਖੋਟ ਭਾਸਦੀ ਹੈ। ਮਾਰਕਸ ਨੂੰ ਆਪਣੇ ਖੋਜ ਪ੍ਰਬੰਧ ਵਿਚ ਹੀ ਇਹ ਸਮਝ ਆ ਗਈ ਸੀ ਕਿ ਪਦਾਰਥਿਕ ਜਗਤ/ਪੂੰਜੀ ਹੀ ਇਸ ਸੰਸਾਰ ਦਾ ਆਧਾਰ ਹੈ, ਵਿਚਾਰ ਉਸ ਦਾ ਬਾਹਰੀ/ਉਸਾਰ ਢਾਂਚਾ ਹੈ। ਇਸ ਜਮਾਤੀ ਸਮਾਜ ਦਾ ਆਧਾਰ ਮੁਦਰਾ ਜਾਂ ਆਧੁਨਿਕ ਰੂਪ 'ਚ ਸਰਮਾਇਆ ਹੀ ਹੈ, ਕਿਉਂਕਿ ਇਹ ਪਦਾਰਥ ਹੈ, ਇਸ ਕਾਰਨ ਗਤੀ 'ਚ ਹੈ। ਇਸ ਆਧਾਰ 'ਚ ਹੁੰਦੀ ਨਿਰੰਤਰ ਤਬਦੀਲੀ ਵਿਚਾਰ ਨੂੰ ਲਗਾਤਾਰ ਬਦਲਦੀ ਰਹਿੰਦੀ ਹੈ। ਉਦੋਂ ਕਾਰਲ ਦੀ ਉਮਰ ਕੇਵਲ ਚੌਵੀ ਸਾਲ ਸੀ ਬਾਅਦ ਵਿਚ ਉਸ ਨੇ ਇਸਨੂੰ ਸਪੱਸ਼ਟ ਕੀਤਾ ਕਿ "ਪਦਾਰਥਕ ਜਗਤ ਮਨੁੱਖੀ ਮਨ ਅੰਦਰ ਪ੍ਰਤੀਬਿੰਬਤ ਹੁੰਦਾ ਹੈ, ਅਤੇ ਚਿੰਤਨ ਦੇ ਰੂਪਾਂ ਵਿਚ ਬਦਲ ਜਾਂਦਾ ਹੈ।''**4**

ਇਸ ਤਰ੍ਹਾਂ ਮਾਰਕਸ ਜਗਤ/ਸਮਾਜ ਦੇ ਪਦਾਰਥਕ ਰੂਪ ਨੂੰ ਪਦਾਰਥਵਾਦੀ ਵਿਰੋਧ ਵਿਕਾਸੀ ਸਿਧਾਂਤ ਰਾਹੀਂ ਸਮਝਦਿਆਂ ਆਪਣੇ ਚਿੰਤਨ ਨੂੰ ਵਿਗਿਆਨਕ ਸ਼ਕਲ ਦਿੰਦਾ ਹੈ। ਜਿਸ ਨਾਲ ਅਤੀਤ ਦੇ ਸਭ ਵਿਚਾਰ/ਸਿਮਰਤੀਆਂ ਉਲਟ ਜਾਂਦੇ ਹਨ, ਕਿਉਂਕਿ ਉਹ ਉਲਟੇ ਰੁਖ ਵਿਕਸਤ ਹੋਏ ਹਨ। ਮਾਰਕਸ ਵਿਚਾਰਧਾਰਾ ਨੂੰ ਇਸੇ ਕਰਕੇ ਮਿਥਿਆ ਚੇਤਨਾ ਤਸਲੀਮ ਕਰਦਾ ਹੈ, ਕਿਉਂਕਿ ਇਹ ਨਿੱਜੀ ਜਾਇਦਾਦ/ਜਮਾਤੀ ਸਮਾਜ ਦੀ ਕਾਇਮੀ ਲਈ ਮਨੁੱਖ ਨਾਲ ਸਬੰਧਿਤ ਗਿਆਨ ਦੇ ਹਰ ਰੂਪ ਵਿਚ ਜਮਾਤੀ ਵਿਚਾਰਧਾਰਾ ਭਰਦਿਆਂ ਉਸਦੇ ਦਮਨ/ਲੁੱਟ ਨੂੰ ਹੋਣੀ/ਕਿਸਮਤ/ਲਾਜ਼ਮੀ ਬਣਾ ਦਿੰਦਾ ਹੈ। ਮਾਰਕਸ ਨੂੰ ਇਹ ਸਮਾਜ ਸਿਰ ਪਰਨੇ (ਉਲਟੇ ਰੁਖ਼) ਹੋਇਆ ਲਗਦਾ ਹੈ, ਜਿਸ ਦੀ ਹਰ ਚੀਜ਼ ਉਲਟੇ ਰੁਖ਼ ਖੜ੍ਹੀ ਹੈ, ਜਦੋਂ ਉਹ ਇਸ ਜਗਤ ਨੂੰ ਪੈਰਾਂ ਸਿਰ ਕਰਦਾ ਹੈ ਤਾਂ ਗਾਲਬੀ ਵਿਚਾਰ ਸਿਰ ਪਰਨੇ ਹੋਣ ਲਗਦੇ ਹਨ, ਤਾਂ ਸਭ ਤੋਂ ਵੱਡਾ ਖ਼ਤਰਾ ਹਾਕਮੀ ਵਿਚਾਰਧਾਰਾ ਲਈ ਮਾਰਕਸਵਾਦੀ ਦਰਸ਼ਨ ਬਣ ਜਾਂਦਾ ਹੈ। ਉਹ ਉਸ ਪ੍ਰਤੀ ਉਨੀ ਕਹਿਰਵਾਨ ਹੁੰਦੀ ਹੈ, ਜਿੰਨੇ ਦੇਵਤੇ ਉਹਨਾਂ ਦੀ ਅੱਗ/ਚੇਤਨਾ ਚੋਰੀ ਕਰਕੇ ਕਿਰਤੀਆਂ ਨੂੰ ਦੇਣ ਵਾਲੇ ਪ੍ਰੋਮੀਥੀਅਸ ਉਪਰ ਹੋਏ ਸਨ।

ਮਾਰਕਸਵਾਦੀ ਚਿੰਤਨ ਹਰ ਵਿਚਾਰ ਦੀਆਂ ਬੰਦ ਤਹਿਆਂ ਨੂੰ ਤਰਕਾਂ ਨਾਲ ਪੁੱਟਦਾ ਉਸ ਦੇ ਅੰਦਰ ਵੜਦਾ ਜਾਂਦਾ ਹੈ ਅਤੇ ਉਹ ਸ਼ਬਦਾਂ ਦੇ ਅੰਦਰ ਨਿਹਤ ਜਮਾਤੀ ਵਿਚਾਰਧਾਰਾ ਦੇ ਹੋਣ ਨੂੰ ਧਰਾਤਲ 'ਤੇ ਲੈ ਆਉਂਦਾ ਹੈ। ਪਿਛਲੀ ਡੇਢ ਸਦੀ 'ਚ ਸੈਂਕੜੇ ਚਿੰਤਕ ਇਸੇ ਵਿਰੋਧ ਵਿਕਾਸੀ ਸੰਦਾਂ ਰਾਹੀਂ ਸਮਾਜ ਨੂੰ ਸਮਝਦੇ ਮਾਰਕਸਵਾਦ ਵਿਚ ਬੇਅੰਤ ਵਾਧਾ ਕਰਦੇ ਰਹੇ ਹਨ ਅਤੇ ਅਮਲ ਰਾਹੀਂ ਇਸ ਨੂੰ ਵਿਗਿਆਨਕ ਹੀ ਨਹੀਂ ਸਮਾਜ ਵਿਗਿਆਨਕ ਸਿੱਧ ਕਰਦੇ ਰਹੇ ਹਨ। ਇਸੇ ਲਈ ਇਸਨੂੰ ਫਰਾਂਸੀਸੀ ਚਿੰਤਕ ਰੋਲਾਂ ਬਾਰਤ "ਗਿਆਨ ਦੀ ਭਾਸ਼ਾ'' ਆਖਦਾ ਹੈ। ਗਿਆਨ ਦੀ ਭਾਸ਼ਾ ਭਾਵ ਮਨੁੱਖ ਦੇ ਹੋਣ-ਥੀਣ ਦਾ ਤਰਕ। ਉਸ ਦੇ ਕਸ਼ਟਾਂ ਦੇ ਕਾਰਨ ਅਲੌਕਿਕ ਨਹੀਂ ਲੌਕਿਕ ਜਮਾਤੀ ਜਗਤ ਦੇ ਘੜੇ ਹੋਏ ਹਨ। ਮਾਇਆ ਨੂੰ ਪਤਵੰਤਿਆਂ ਕੋਲ ਇਕੱਤਰਤ ਹੋਈ ਵੇਖਣਾ, ਇਸ ਤੱਕ ਪਹੁੰਚਣਾ ਅਤੇ ਉਸ ਨੂੰ ਇਹਨਾਂ ਦੁੱਖਾਂ 'ਚੋਂ ਬਾਹਰ ਨਿਕਲਣ ਲਈ ਮਨੁੱਖੀ ਏਕਤਾ ਦਾ ਪਦਾਰਥਕ ਰੂਪ (ਵਿਚਾਰਾਂ ਨਾਲ) ਧਾਰਨ ਕਰਕੇ, ਇਸ ਦੁਨੀਆ ਨੂੰ ਬਦਲ ਦੇਣ ਦੇ 'ਗਿਆਨ ਦੀ ਭਾਸ਼ਾ' ਹੀ ਮਾਰਕਸਵਾਦੀ ਵਿਰੋਧ ਵਿਕਾਸ ਹੈ। ਗਿਆਨ ਜੋ ਦੁੱਖ ਨੂੰ ਜਾਨਣ ਤੇ ਪਛਾਨਣ ਦਾ ਆਧਾਰ ਮੁਹੱਈਆ ਕਰਦਾ ਹੈ।

ਮਾਰਕਸ ਚੌਵੀ ਸਾਲ ਦੀ ਉਮਰ ਵਿਚ ਡਾਕਟਰੇਟ ਦੀ ਡਿਗਰੀ ਲੈ ਕੇ ਘਰ ਮੁੜਿਆ ਤਾਂ ਉਸ ਦੀ ਮਾਂ ਹੈਨਰੀਏਟ ਮਾਰਕਸ ਨੇ ਉਸ ਨੂੰ ਨਲਾਇਕ ਪੁੱਤਰ ਜਾਣ ਕੇ ਘਰ ਦੀ ਵੱਡੀ ਜਾਇਦਾਦ ਤੋਂ ਆਕ ਕਰ ਦਿੱਤਾ ਤੇ ਉਸਨੂੰ ਪ੍ਰੋਲੇਤਾਰੀ ਗਿਆਨ ਦੇ ਅਮਲੀ ਰਾਹ 'ਤੋਰ' ਦਿੱਤਾ। ਉਹ ਨਾਲਾਇਕ ਇਸ ਲਈ ਸੀ ਕਿ ਉਸ ਨੇ ਘਰ ਦੀ ਜਾਇਦਾਦ ਨੂੰ ਵਧਾਉਣ ਦੀ ਬਜਾਏ ਤੰਤਰ ਨਾਲ ਵਿਰੋਧ ਸਹੇੜ ਲਿਆ ਸੀ। ਉਸ ਨੂੰ ਪਤਾ ਸੀ ਕਿ "ਨਿੱਜੀ ਜਾਇਦਾਦ ਨੇ ਸਾਨੂੰ ਏਨਾ ਬੇਹੂਦਾ ਅਤੇ ਇਕਪਾਸੜ ਬਣਾ ਦਿੱਤਾ ਹੈ ਕਿ ਇਕ ਵਸਤ ਕੇਵਲ ਉਦੋਂ ਹੀ ਸਾਡੀ ਹੈ ਜਦੋਂ ਅਸੀਂ ਇਸ ਨੂੰ ਪ੍ਰਾਪਤ ਕਰ ਲੈਂਦੇ ਹਾਂ-ਜਦੋਂ ਇਹ ਸਿੱਧੇ ਤੌਰ 'ਤੇ ਸਾਡੀ ਮਲਕੀਅਤ ਹੁੰਦੀ ਹੈ, ਅਸੀਂ ਇਸ ਨੂੰ ਖਾਂਦੇ, ਪੀਂਦੇ, ਹੰਢਾਉਂਦੇ, ਇਸ ਵਿਚ ਵਸਦੇ ਹਾਂ।''**5** ਮਾਰਕਸ ਨੂੰ ਹਈਨਰਿਖ ਮਾਰਕਸ ਅਤੇ ਜੈਨੀ ਦੇ ਡਿਊਕ/ਰਾਜਾ ਪਿਤਾ ਨੇ ਸਾਹਿਤ ਵਿਚ ਜਵਾਨ ਕੀਤਾ ਸੀ। ਹਈਨਰਿਖ ਹਈਨੇ, ਗੋਇਥੇ, ਫਿਖਟੇ, ਰੂਸੋ ਨੂੰ ਪੜ੍ਹਦਿਆਂ ਉਸ ਨੇ ਜਵਾਨੀ ਦੀ ਦਹਿਲੀਜ਼ ਟੱਪੀ ਸੀ ਅਤੇ ਐਪੀਕਿਊਰਸ ਦੇ ਪਦਾਰਥਵਾਦ ਬਾਰੇ ਖੋਜ ਕਰਦਿਆਂ ਵਾਲਤੇਅਰ, ਹੋਲਬਾਖ, ਲੈਸਿੰਗ, ਹੀਗਲ ਜਿਹੇ ਦਾਰਸ਼ਨਿਕ ਵੀ ਉਸ ਅੰਦਰ ਸਮਾਅ ਗਏ ਸਨ।

ਹੈਨਰੀਏਟ ਦਾ ਕਾਰਲ ਨੂੰ ਜਾਇਦਾਦ ਤੋਂ 'ਆਜ਼ਾਦ' ਕਰਨ ਦਾ ਫੈਸਲਾ ਉਸਦੇ ਕਮਿਊਨਿਸਟ ਬਣਨ ਦਾ ਮੁੱਢ ਬਣਾ ਚੁੱਕਾ ਸੀ। ਹੁਣ ਉਸ ਕੋਲ ਪ੍ਰੋਲੇਤਾਰੀ ਵਾਂਗ ਗਵਾਉਣ ਲਈ ਕੁਝ ਨਹੀਂ, ਤੇ ਜਿੱਤਣ ਲਈ ਸੰਸਾਰ ਪਿਆ ਸੀ। ਮਾਨਵੀ ਮੁਕਤੀ ਲਈ ਇਕ ਬੁੱਧੀਜੀਵੀ ਵੱਲੋਂ

ਕਿੱਤੇ ਦੀ ਚੋਣ ਕਰਦਿਆਂ, "ਜੇ ਅਸੀਂ ਜ਼ਿੰਦਗੀ ਵਿਚ ਅਜਿਹੇ ਕਿੱਤੇ ਦੀ ਚੋਣ ਕਰ ਲਈ ਹੈ ਜਿਸ ਵਿਚ ਅਸੀਂ ਮਨੁੱਖਤਾ ਲਈ ਬਹੁਤਾ ਕੰਮ ਕਰ ਸਕਦੇ ਹਾਂ, ਤਾਂ ਕੋਈ ਵੀ ਮੁਸੀਬਤਾਂ ਸਾਨੂੰ ਝੁਕਾਅ ਨਹੀਂ ਸਕਦੀਆਂ, ਕਿਉਂਕਿ ਉਹ ਤਾਂ ਸਭਨਾਂ ਦੇ ਲਾਭ ਲਈ ਕੀਤੀਆਂ ਕੁਰਬਾਨੀਆਂ ਹਨ।"6 ਮਾਰਕਸ ਦੇ ਵਿਰੋਧੀਆਂ ਮੁਤਾਬਿਕ ਕੋਈ ਵੀ ਮੁਸੀਬਤ ਉਸ ਨੂੰ ਹੀ ਨਹੀਂ ਜੈਨੀ ਨੂੰ ਵੀ ਝੁਕਾਅ/ਡੁਲਾਅ ਨਾ ਸਕੀ, ਜਿਸਦੀ ਜ਼ਿਦ ਨੇ 'ਕੰਗਾਲ' ਮਾਰਕਸ ਦਾ ਲੜ ਫੜ ਲਿਆ ਸੀ। ਡਿਊਕ ਦੀ ਧੀ ਤੇ ਬਾਦਸ਼ਾਹ ਦੇ ਮੰਤਰੀ ਦੀ ਭੈਣ ਨੇ ਉਸ ਜਾਇਦਾਦ ਹੀਣੇ ਬੰਦੇ ਨਾਲ ਵਿਆਹ ਕਰਾ ਲਿਆ ਸੀ, ਜੋ ਉਸਦੇ ਭਰਾ ਦੀ ਸਰਕਾਰ ਵਿਰੁੱਧ 'ਰਾਈਨ ਜ਼ੀਟਿੰਗ' ਅਖਬਾਰ ਦੇ ਸੰਪਾਦਕ ਵਜੋਂ ਕ੍ਰਾਂਤੀਕਾਰੀ ਅੱਗ ਉਗਲਦਾ ਸੀ। ਸਿੱਟਾ ਮਾਰਕਸ ਅਤੇ ਜੈਨੀ ਦੋਹਾਂ ਦਾ ਦੇਸ਼ ਨਿਕਾਲਾ ਸੀ। ਪੰਝੀਆਂ ਸਾਲਾਂ ਦੀ ਉਮਰੇ ਇਹ ਜੋੜਾ ਕ੍ਰਾਂਤੀ ਦੇ ਚਿੰਤਨ (ਸਾਹਿਤ, ਕਲਾ, ਦਰਸ਼ਨ) ਦੀ ਧਰਤੀ ਪੈਰਿਸ ਪਹੁੰਚਿਆ। ਇਥੇ ਹੀ ਉਹ ਦੋ ਦੀ ਥਾਂ ਤਿੰਨ ਕ੍ਰਾਂਤੀਕਾਰੀ ਹੋ ਗਏ ਸਨ। ਫ਼ਰੈਡਰਿਕ ਏਂਗਲਜ਼ ਇਥੇ ਹੀ ਕਾਰਲ ਨੂੰ ਇਕ ਕੈਫੇ 'ਚ ਮਿਲਿਆ ਸੀ ਜੋ ਆਖ਼ਰੀ ਦਮ ਤੱਕ ਉਸ ਨਾਲ ਹਰ ਤਰ੍ਹਾਂ ਦੇ ਸਹਿਯੋਗ 'ਚ ਰੁੱਝਿਆ ਰਿਹਾ।

ਪੈਰਿਸ ਵਿਚ ਸੈਂਕੜੇ ਸਫ਼ੇ ਉਸਨੇ ਆਪਣੇ ਚਿੰਤਨ ਨੂੰ ਨਿਖਾਰਨ ਲਈ, ਬੁਰਜੂਆਜ਼ੀ ਨੂੰ ਸਮਝਣ ਲਈ ਅਤੇ ਨਿੱਜੀ ਜਾਇਦਾਦ ਦੀਆਂ ਗਹਿਰੀਆਂ ਮਾਨਸਿਕ, ਸਮਾਜਿਕ, ਧਾਰਮਿਕ ਜੜ੍ਹਾਂ ਨੂੰ ਜਾਨਣ ਲਈ ਲਿਖੇ। ਕਾਰਲ ਨੇ ਜਿਸ ਜਿਮਨੇਜ਼ੀਅਮ ਹਾਈ ਸਕੂਲ ਵਿਚ ਪੜ੍ਹਾਈ ਕੀਤੀ ਸੀ, ਉਸ ਸਕੂਲ ਤੋਂ ਇਕੋ ਮੰਗ ਸੀ ਕਿ ਉਹ ਬਾਦਸ਼ਾਹ ਅਤੇ ਦੇਸ਼ ਦੇ ਥੰਮ੍ਹ ਭਾਵ "ਖੂਹ ਦੇ ਡੱਡੂ" ਮੁਹੱਈਆ ਕਰੇ। ਉਸ ਨਾਲ ਪੜ੍ਹਨ ਵਾਲੇ ਅੰਨ੍ਹੀ ਧਾਰਮਿਕ ਸ਼ਰਧਾ ਰੱਖਣ ਵਾਲੇ ਅਤੇ ਹਰ ਜਮਾਤ ਵਿਚ ਦੋ ਦੋ ਸਾਲ ਲਾਉਣ ਵਾਲੇ ਤਾਲਬ-ਏ-ਇਲਮ ਸਨ, ਜਿਨ੍ਹਾਂ ਦਾ ਇਕੋ ਮਕਸਦ, ਇਕੋ ਸੁਪਨਾ ਪਾਦਰੀ ਦਾ ਪਦ ਹਾਸਿਲ ਕਰਨਾ ਹੁੰਦਾ ਸੀ। ਉਸ ਦੀ ਜਮਾਤ ਦੇ ਬੱਤੀ ਵਿਦਿਆਰਥੀਆਂ ਵਿਚੋਂ ਤੇਰਾਂ ਪਾਦਰੀ ਬਣੇ। ਮਾਰਕਸ ਪੈਰਿਸ ਵਿਚ ਆਪਣੇ ਯੂਨੀਵਰਸਿਟੀ ਦੇ ਵਿਰੋਧ ਵਿਕਾਸੀ ਚਿੰਤਨ ਅਨੁਸਾਰ ਅਮਲ ਰਾਹੀਂ ਸਿਧਾਂਤ ਨੂੰ ਨਿਖਾਰਨ 'ਚ ਰੁੱਝਿਆ ਹੋਇਆ ਸੀ। ਇਥੇ ਹੀ ਉਸ ਨੂੰ ਪਤਾ ਲੱਗਾ ਕਿ, ਇਹ ਚੇਤਨਾ ਨਹੀਂ ਜਿਹੜੀ ਜੀਵਨ ਨੂੰ ਤੈਅ ਕਰਦੀ ਹੈ, ਸਗੋਂ ਇਹ ਜੀਵਨ ਹੈ ਜੋ ਚੇਤਨਾ ਨੂੰ ਤੈਅ ਕਰਦਾ ਹੈ।7 ਇਸ ਕਾਰਨ ਸਾਡੇ ਵਿਚਾਰ ਸਮਾਜ ਵਿਚਲੇ ਭਾਰੂ ਵਿਚਾਰ ਹੁੰਦੇ ਹਨ ਅਤੇ ਇਸ "ਜਮਾਤੀ ਸਮਾਜ ਵਿਚ ਭਾਰੂ ਚੇਤਨਾ ਰਾਜ ਕਰਦੀ ਧਿਰ ਦੀ ਚੇਤਨਾ ਹੁੰਦੀ ਹੈ।"8 ਭਾਵ ਜਿਸ ਸੱਭਿਆਚਾਰ ਅਤੇ ਭਾਸ਼ਾ ਵਿਚੋਂ ਅਸੀਂ ਸਿੱਖਿਆ, ਚੇਤਨਾ, ਵਿਚਾਰ ਗ੍ਰਹਿਣ ਕਰਦੇ ਹਾਂ ਉਸ ਉਤੇ ਵਿਚਾਰਾਂ ਦਾ ਕਬਜ਼ਾ ਰਾਜ ਕਰਦੀ ਧਿਰ ਦਾ ਹੁੰਦਾ ਹੈ। ਰਾਜ ਕਰਦੀ ਹੈ ਦੌਲਤ ਅਤੇ ਉਸ ਦੇ ਵਿਚਾਰ, ਉਸਨੂੰ ਬਚਾਉਣ ਦੇ ਸੰਦ ਸੱਭਿਆਚਾਰ ਰਾਹੀਂ ਉਤਪਾਦਨ ਸਬੰਧਾਂ ਅੰਦਰ ਧੱਕ ਦਿੱਤੇ ਜਾਂਦੇ ਹਨ ਅਤੇ ਇਹ ਰਾਜ ਕਰਦੀ ਧਿਰ ਸਾਧਨਾ ਉਪਰ ਪੂਰੀ ਤਰ੍ਹਾਂ ਕਾਬਜ਼ ਬਣੀ ਰਹਿੰਦੀ ਹੈ। ਪੂੰਜੀ/ਦੌਲਤ ਪੈਦਾ ਕਰਨ ਵਾਲਾ ਸੰਦ ਕਿਰਤੀ ਦੀ ਕਿਰਤ ਹੈ, ਜੋ ਲਗਾਤਾਰ ਸਮਾਜਿਕ ਭੰਡਾਰ ਨੂੰ ਭਰਦਾ ਰਹਿੰਦਾ ਹੈ। ਇਸੇ ਲਈ ਸ਼ਹਿਰੀ ਵੈਸਟਨ ਦੀ "ਲੋਲ੍ਹੜ" ਦਲੀਲ ਕਿ, "ਜਦੋਂ ਇਕ ਬਰਤਨ ਵਿਚ ਤਰੀ ਦੀ ਖਾਸ ਮਿਕਦਾਰ ਪਈ ਹੈ, ਜਿਸਨੂੰ ਬੰਦਿਆਂ ਦੀ ਖਾਸ ਗਿਣਤੀ ਨੇ ਖਾਣਾ ਹੈ, ਤਾਂ ਚਮਚਿਆਂ ਨੂੰ ਵੱਡਿਆਂ ਕਰਨ ਨਾਲ ਤਰੀ ਦੀ ਮਾਤਰਾ ਨਹੀਂ ਵਧ ਜਾਏਗੀ।"9 ਨੂੰ ਮਾਰਕਸ ਇਹਨਾਂ ਸ਼ਬਦਾਂ ਰਾਹੀਂ ਰੱਦ ਕਰਦਾ ਹੈ ਕਿ, "ਸ਼ਹਿਰੀ ਵੈਸਟਨ, ਆਪਣੀ ਥਾਂ, ਭੁੱਲ ਗਿਆ ਕਿ ਜਿਸ ਬਰਤਨ ਵਿਚੋਂ ਮਜ਼ਦੂਰ ਖਾਂਦੇ ਹਨ, ਉਹ ਕੌਮੀ ਕਿਰਤ ਦੀ ਸਾਰੀ ਉਪਜ ਨਾਲ ਭਰਿਆ ਪਿਆ ਹੈ, ਤੇ ਜਿਹੜੀ ਚੀਜ਼ ਉਹਨਾਂ ਨੂੰ ਇਸ ਵਿਚੋਂ ਲੈਣ ਤੋਂ ਰੋਕਦੀ ਹੈ, ਉਹ ਨਾ ਤਾਂ ਬਰਤਨ ਦੀ ਤੰਗੀ ਹੈ ਤੇ ਨਾ ਹੀ ਇਸਦੀ ਚੀਜ਼ ਦਾ ਘੱਟ ਹੋਣਾ ਹੈ, ਸਗੋਂ ਸਿਰਫ ਉਹਨਾਂ ਦੇ ਚਿਮਚਿਆਂ ਦਾ ਛੋਟਾ ਹੋਣਾ ਹੈ।"10 ਕਿਰਤੀ ਆਪਣੀ ਕਿਰਤ ਨਾਲ ਹੀ ਸਭ ਕੁਝ ਉਸਾਰਦਾ ਹੈ। ਉਹ ਕੁਦਰਤ ਅਤੇ ਹਾਕਮ ਨਾਲ ਇਕੋ ਵੇਲੇ ਲੜ ਰਿਹਾ ਹੁੰਦਾ ਹੈ। ਕੁਦਰਤੀ ਆਫਤਾਂ ਦਾ ਸਹਾਰਾ ਲੈ ਕੇ ਹਾਕਮ ਵਿਚਾਰ ਇਸ ਨੂੰ ਕਿਰਤੀ ਦੀ ਕਿਸਮਤ/ਪਾਪਾਂ ਵਜੋਂ ਪੇਸ਼ ਕਰਦੇ, ਉਸ ਦੇ ਜਿਹਨ 'ਤੇ ਸੱਤਾ ਸਥਾਪਿਤ ਕਰ ਲੈਂਦੇ ਹਨ, ਕਿਉਂਕਿ ਉਹ ਨਹੀਂ ਜਾਣਦੇ ਹੁੰਦੇ ਕਿ 'ਰੱਬੀ ਬਰਕਤਾਂ' ਦੌਲਤ ਦੀ ਇਕੱਤਰਤਾ 'ਚ ਵਿਦਮਾਨ ਹੁੰਦੀਆਂ ਹਨ ਅਤੇ ਉਸ ਦੀ ਦੌਲਤ ਸਾਡੀ ਕਿਰਤ ਰਾਹੀਂ ਪੈਦਾ ਹੋਈ ਹੁੰਦੀ ਹੈ।

**1**

ਮਾਰਕਸ ਨੇ ਕਮਿਊਨਿਸਟ ਲੀਗ ਅਤੇ ਪ੍ਰੋਲੇਤਾਰੀ ਜੱਦੋਜਹਿਦ ਵਿਚ ਸਰਗਰਮ ਦਿਸਚਸਪੀ ਲੈਣੀ ਸ਼ੁਰੂ ਕਰ ਦਿੱਤੀ। ਉਸ ਦੀ ਕ੍ਰਾਂਤੀਕਾਰੀ ਪਹੁੰਚ ਨੇ ਉਸਨੂੰ 'ਨਿਊ ਰਾਈਨ ਜ਼ੀਟਿੰਗ' ਅਖ਼ਬਾਰ ਦਾ ਸੰਪਾਦਕ ਬਣਾ ਦਿੱਤਾ। ਇਸ ਅਖ਼ਬਾਰ ਨੇ ਪ੍ਰੋਲੇਤਾਰੀ ਦੀ ਜੱਦੋਜਹਿਦ ਨੂੰ ਬੇਅੰਤ ਤਾਕਤ ਦਿੱਤੀ। ਉਸ ਵੇਲੇ ਪੈਰਿਸ ਦਾ ਪ੍ਰੋਲੇਤਾਰੀ ਯੁੱਗ ਪਲਟਾਉਣ ਵੱਲ ਤੇਜ਼ੀ ਨਾਲ ਵਧ ਰਿਹਾ ਸੀ। 1871 ਦੀ ਕ੍ਰਾਂਤੀ ਵੇਲੇ ਤਾਂ ਭਾਵੇਂ ਮਾਰਕਸ ਲੰਦਨ ਰਹਿ ਰਿਹਾ ਸੀ ਪ੍ਰੰਤੂ ਫਰਾਂਸੀਸੀ ਪ੍ਰੋਲੇਤਾਰੀ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਨਾਲ ਉਹ ਸਰਮਾਇਆ ਲਿਖਦਿਆਂ ਵੀ ਪੂਰੀ ਤਰ੍ਹਾਂ ਵਾਬਸਤਾ ਸੀ। ਪੈਰਿਸ ਕਮਿਊਨ ਨੇ ਉਸ ਦੇ ਦਰਸ਼ਨ ਨੂੰ ਇਤਿਹਾਸਕ ਤਜਰਬਾ ਬਣਾਉਂਦਿਆਂ ਇਸ ਨੂੰ ਅਮਲੀ ਦਰਸ਼ਨ ਦਾ ਵਿਗਿਆਨ ਸਿੱਧ ਕਰ ਦਿੱਤਾ। ਬਾਅਦ ਵਿਚ ਭਾਵੇਂ ਪ੍ਰੋਲੇਤਾਰੀ ਇਨਕਲਾਬ ਤਾਂ ਕੋਈ ਨਾ ਹੋਇਆ ਪਰ ਕਮਿਊਨਿਸਟ ਇਨਕਲਾਬਾਂ ਨੇ ਮਾਰਕਸਵਾਦ ਨੂੰ ਦੁਨੀਆ ਭਰ 'ਚ ਕਈ ਤਰ੍ਹਾਂ ਦਾ ਅਥਾਹ ਵਿਸਥਾਰ ਦਿੱਤਾ। ਪੈਰਿਸ ਕਮਿਊਨ ਵੇਲੇ ਮਾਰਕਸ ਫਰਾਂਸ ਅਤੇ ਬੈਲਜੀਅਮ ਦੇ ਦੇਸ ਨਿਕਾਲਿਆਂ ਤੋਂ ਬਾਅਦ ਲੰਦਨ ਦੀ ਲਾਇਬ੍ਰੇਰੀ ਵਿਚ ਹਜ਼ਾਰਾਂ ਕਿਤਾਬਾਂ ਪੜ੍ਹਦਿਆਂ ਅਤੇ ਸ਼ੈਕਸਪੀਅਰ, ਐਸਕਲੀਜ਼, ਸੋਫੋਕਲੀਜ਼, ਬਾਲਜ਼ਾਕ, ਐਮਲੀ ਜ਼ੋਲਾ ਜਿਹੇ ਦਾਨਸ਼ਵਰ ਸਾਹਿਤਕਾਰਾਂ ਨੂੰ ਵਾਰ-ਵਾਰ ਪੜ੍ਹਦਿਆਂ ਪਿਛਲੀ ਡੇਢ ਸਦੀ ਦੀ ਸਭ ਤੋਂ ਮਹਾਨ ਕਿਤਾਬ ਸਰਮਾਇਆ ਨੂੰ ਸਿਰਜ ਚੁੱਕਾ ਸੀ।

ਸਰਮਾਇਆ ਲਿਖਣ ਦਰਮਿਆਨ ਉਸਦੀ ਪ੍ਰੋਲੇਤਾਰੀ ਸਰਗਰਮੀ ਜਾਰੀ ਰਹੀ ਪਰ ਅਦਿੱਖ ਸ਼ਕਲ 'ਚ, ਕਿਉਂਕਿ ਉਹ ਪ੍ਰੋਲੇਤਾਰੀ ਦਰਸ਼ਨ ਦਾ ਮਹਾਨ ਆਧਾਰ ਤਿਆਰ ਕਰ ਰਿਹਾ ਸੀ ਅਤੇ ਤਕਰੀਬਨ ਵੀਹ ਵਰ੍ਹੇ ਦੀ ਅਣਥੱਕ ਮਿਹਨਤ ਹੀ ਨਹੀਂ ਸਾਲਾਂ ਬੱਧੀ ਭੁੱਖਾਂ

ਕੱਟਦੇ ਟੱਬਰ ਨੇ ਇਸ ਲਈ ਮਹਾਨ ਕੁਰਬਾਨੀ ਕੀਤੀ ਸੀ। ਮਾਰਕਸ ਹੀਗਲ ਦੇ ਚਿੰਤਨ ਨੂੰ ਤਾਂ ਸਿਰ ਪਰਨੇ ਕਰ ਚੁੱਕਾ ਸੀ ਤੇ ਹੁਣ ਉਸ ਨੂੰ ਲੋੜ ਸੀ ਇਸ ਨਵੇਂ ਦਰਸ਼ਨ ਦਾ ਠੋਸ ਆਧਾਰ ਤਿਆਰ ਕਰਨ ਦੀ ਜੋ ਦਾਸ ਕੈਪੀਟਲ ਰਾਹੀਂ ਹੀ ਸਾਹਮਣੇ ਆ ਸਕਦਾ ਸੀ। ਦਾਸ ਕੈਪੀਟਲ ਦੇ ਠੋਸ ਆਧਾਰ ਨੂੰ ਤਿਆਰ ਕਰਦਿਆਂ ਪੂਰੇ ਯੂਰਪ ਵਿਚ ਮਾਰਕਸ ਹੀ ਇਕ ਅਜਿਹਾ ਅਰਥ ਸ਼ਾਸਤਰੀ ਸੀ ਜਿਸ ਨੇ ਸਭ ਤੋਂ ਵੱਧ ਸਾਹਿਤ ਪੜ੍ਹਿਆ ਸੀ ਅਤੇ ਇਥੋਂ ਤੱਕ ਕਿ ਉਸ ਨੇ ਰੂਸੀ ਸਾਹਿਤ ਪੜ੍ਹਨ ਲਈ ਛੇ ਮਹੀਨੇ ਲਾ ਕੇ ਰੂਸੀ ਵੀ ਸਿੱਖੀ ਸੀ। ਉਸਨੇ ਦਰਸ਼ਨ, ਅਰਥ-ਸ਼ਾਸਤਰ, ਇਤਿਹਾਸ, ਅਲੋਚਨਾ ਨੂੰ ਹੀ ਨਵੇਂ ਅਰਥ ਨਹੀਂ ਦਿੱਤੇ ਸਗੋਂ ਸਾਹਿਤ ਦਾ ਵਿਦਿਆਰਥੀ ਹੋਣ ਕਾਰਨ ਵਾਰਤਕ ਨੂੰ ਵੀ ਆਪਣੀ ਵੱਖਰੀ ਪਛਾਣ ਵਿਚ ਢਾਲਿਆ ਤੇ ਦਾਸ ਕੈਪੀਟਲ ਨੂੰ ਪ੍ਰਮਾਣਾਂ, ਤਰਕਾਂ, ਅੰਕੜਿਆਂ, ਵਿਅੰਗਾਂ ਅਤੇ ਵਾਰਤਕ ਦੀ ਗਲਪੀ ਵਿਧੀ ਰਾਹੀਂ ਅਰਥ ਸ਼ਾਸਤਰ ਨੂੰ ਵੀ ਨਾਵਲੀ ਸ਼ਕਲ ਵਿਚ ਢਾਲ ਦਿੱਤਾ। ਇਸ ਵਿਚ ਮਾਰਕਸ ਵੱਲੋਂ ਪੇਸ਼ ਫੈਕਟਰੀ ਇੰਸਪੈਕਟਰਾਂ ਦੀਆਂ ਰਿਪੋਰਟਾਂ ਇਕ ਆਹਲਾ ਮਿਸਾਲ ਸਨ, ਜੋ ਉਹ ਰੱਦੀ ਵਿਚੋਂ ਖਰੀਦ ਕਿ ਲਿਆਉਂਦਾ, ਕਿਉਂਕਿ ਜਿਨ੍ਹਾਂ ਸੰਸਦਾਂ/ਪ੍ਰਤੀਨਿਧੀਆਂ ਲਈ ਉਹ ਮਿਹਨਤ ਕਰਦੇ ਉਹਨਾਂ ਨੇ ਪੜ੍ਹਨਾ ਤਾਂ ਕੀ ਇਸ ਉਪਰ ਕਦੇ ਝਾਤ ਵੀ ਨਹੀਂ ਸੀ ਮਾਰੀ, ਪਰ ਇਹ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਅੰਕੜੇ ਹਨ। ਦਾਸ ਕੈਪੀਟਲ ਨੇ ਹੀ ਦੱਸਿਆ ਕਿ ਮੁਦਰਾ ਕਿਵੇਂ ਪੂੰਜੀ ਵਿਚ ਤਬਦੀਲ ਹੁੰਦੀ ਹੈ ਅਤੇ ਇਕ ਸਰਮਾਏਦਾਰ ਕੋਲ ਇਸ ਦਾ ਵਾਧਾ ਕਿਵੇਂ ਹੁੰਦਾ ਹੈ। ਉਸਨੇ ਇਹ ਪੇਸ਼ ਕੀਤਾ ਕਿ ਪੂੰਜੀ ਸਰਮਾਇਆ ਉਤਪੰਨ ਨਹੀਂ ਕਰਦੀ ਸਗੋਂ ਉਤਪਾਦਨ ਵਿਚ ਲੱਗੀ ਹੋਈ ਕਿਰਤ ਸ਼ਕਤੀ ਪੂੰਜੀ ਵਿਚ ਤਬਦੀਲ ਹੋ ਜਾਂਦੀ ਹੈ, ਜਿਵੇਂ ਇਕ ਗਾਇਕਾ ਆਪਣੀ ਮਰਜ਼ੀ ਨਾਲ ਕੀਤੇ ਗਾਇਨ 'ਤੇ ਪੂੰਜੀ ਨਹੀਂ ਪੈਦਾ ਕਰਦੀ, ਉਸ ਦਾ ਗਾਇਨ ਉਦੋਂ ਪੂੰਜੀ ਦਾ ਰੂਪ ਧਾਰਦਾ ਹੈ, ਜਦੋਂ ਉਹ ਥਿਏਟਰ ਦੇ ਮਾਲਕ ਲਈ ਉਸ ਦੇ ਅਧੀਨ ਦਰਸ਼ਕਾਂ ਨੂੰ ਭਰਮਾਉਂਦੀ ਹੈ। ਉਸ ਦਾ ਗਾਇਨ ਉਤਪਾਦਨ ਦੇ ਰੂਪ/ਉਤਪਾਦਨੀ ਸਬੰਧਾਂ 'ਚ ਪੂੰਜੀ ਦੀ ਸ਼ਕਲ ਵਿਚ ਢਲ ਜਾਂਦਾ ਹੈ ਭਾਵ ਕਿਰਤੀ ਦਾ ਆਪਣੀ ਮਰਜ਼ੀ ਨਾਲ ਆਜ਼ਾਦ ਹੋ ਕੇ ਕੀਤਾ ਕੰਮ ਪੂੰਜੀ ਨਹੀਂ ਪੈਦਾ ਕਰਦਾ ਸਗੋਂ ਉਸਦਾ ਮਾਲਕ ਦੇ ਅਧੀਨ ਉਤਪਾਦਨੀ ਕੰਮ, ਪੂੰਜੀ ਦਾ ਰੂਪ ਧਾਰਦਾ ਹੈ। ਕਾਮਾ ਜਿੰਨੀ ਮਿਹਨਤ ਨਾਲ ਕਿਰਤ ਕਰਕੇ ਪੂੰਜੀ ਦੀ ਉਤਪਾਦਨ ਕਰਦਾ ਹੈ, ਉਸ ਤੋਂ ਬਹੁਤ ਘੱਟ ਉਸ ਨੂੰ ਪ੍ਰਾਪਤ ਹੁੰਦਾ ਹੈ। ਉਤਪਾਦਨੀ ਸੰਦਾਂ/ਸਾਧਨਾਂ ਦੇ ਮਾਲਕ ਕਿਰਤੀ ਦੀ ਕਮਾਈ ਪੂੰਜੀ ਦਾ ਵੱਡਾ ਹਿੱਸਾ ਆਪ ਹੜੱਪ ਜਾਂਦੇ ਹਨ ਅਤੇ ਉਸਨੂੰ ਉਨ੍ਹਾਂ ਹੀ ਦਿੰਦੇ ਹਨ ਜਿਸ ਨਾਲ ਉਹ ਸਾਧਨਾਂ ਦੇ ਮਾਲਕਾਂ ਲਈ ਜ਼ਿੰਦਾ ਰਹਿ ਸਕੇ। ਪੂੰਜੀਵਾਦੀ ਨਿਜ਼ਾਮ ਦੀ 'ਪਵਿੱਤਰ ਆਤਮਾ' ਕਿਰਤੀ ਦੀ ਲੁੱਟ 'ਚੋਂ ਪੈਦਾ ਹੋਇਆ ਮੁਨਾਫ਼ਾ ਹੀ ਹੈ ਅਤੇ ਇਹੋ ਹੀ ਇਸ ਦੇ ਸਮਾਜਿਕ ਜਗਤ ਦਾ ਆਧਾਰ ਹੈ।

ਦਾਸ ਕੈਪੀਟਲ ਨੂੰ ਪੜ੍ਹਦਿਆਂ ਪਤਾ ਚਲਦਾ ਹੈ ਕਿ ਉਹ ਤਿੰਨੇ (ਮਾਰਕਸ, ਜੈਨੀ, ਏਂਗਲਜ਼) ਜਾਂ ਦਸੇ (ਮਾਰਕਸ ਦੀਆਂ ਤਿੰਨੇ ਧੀਆਂ) ਪ੍ਰੋਲੇਤਾਰੀ ਕ੍ਰਾਂਤੀ ਦਾ ਆਧਾਰ ਤਿਆਰ ਕਰਨ ਲਈ ਭੁੱਖ ਨਾਲ ਕਿਉਂ ਮਰ ਰਹੇ ਸਨ? (ਜਿਹਨਾਂ ਵਿਚੋਂ ਤਿੰਨ ਮਾਰੇ ਗਏ ਸਨ) ਕਿਉਂਕਿ ਮਾਇਆ ਹੀ ਇਸ ਜਗਤ (ਸਮਾਜੀ) ਦਾ ਆਧਾਰ ਹੈ ਵਿਚਾਰ ਤਾਂ ਇਸ ਦਾ ਪਰਤੌ ਜਾਂ ਉਸਾਰ ਢਾਂਚਾ ਹੈ। ਉਹਨਾਂ ਭੁੱਖ ਨਾਲ ਦੋ ਦਹਾਕੇ ਬਿਤਾਏ ਸਨ ਅਤੇ ਜਿਸ ਕਾਰਨ ਏਂਗਲਜ਼ ਨੂੰ ਵੀਹ ਸਾਲ ਨੌਕਰੀ ਦੀ 'ਜੇਲ੍ਹ' ਕੱਟਣੀ ਪਈ ਜੋ ਇਕ ਧਨਾਢ ਸਰਮਾਏਦਾਰ ਦਾ ਪੁੱਤਰ ਸੀ। ਉਹਨਾਂ ਭੁੱਖ ਨਾਲ ਯੁੱਧ ਲੜਦਿਆਂ ਸਰਮਾਇਆ ਲੱਭ ਲਿਆ ਸੀ, ਕਿਰਤੀ ਦੀ ਲੁੱਟ ਦੇ ਗਿਆਨ ਦਾ ਸਰਮਾਇਆ। 'ਪੂੰਜੀ' ਜਿਸਨੂੰ ਹਾਕਮ ਧਿਰ ਨੇ ਰਹੱਸ ਵਿਚ ਸੁੱਟ ਕੇ ਉਪਰ ਰੱਬੀ ਕਿਰਪਾ ਦੀ ਮੋਹਰ ਲਾਈ ਸੀ। 'ਪੂੰਜੀ' ਜੋ ਅਨੇਕਾਂ ਸਦੀਆਂ ਤੋਂ ਰਾਜ ਕਰਦੀ ਧਿਰ ਦੀ ਪਦਾਰਥਕ ਤਾਕਤ ਰਹੀ ਹੈ। ਇਸ ਬਾਬਤ ਉਸ ਦੀ ਮਾਂ ਨੇ ਆਖਿਆ ਸੀ, ''ਜੇ ਕਾਰਲ ਨੇ ਸਰਮਾਇਆ ਕਿਤਾਬ ਲਿਖਣ ਦੀ ਬਜਾਏ ਕੁਝ ਸਰਮਾਇਆ ਹਾਸਿਲ ਕੀਤਾ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ।'' ਮਾਰਕਸ ਨੇ ਆਪਣੇ ਪਦਾਰਥਵਾਦੀ ਵਿਰੋਧ ਵਿਕਾਸ ਦਾ ਆਧਾਰ ਸਰਮਾਇਆ ਵਿਚ ਤਿਆਰ ਕਰਦਿਆਂ ਇਹ ਸਾਬਤ ਕੀਤਾ ਕਿ *ਜਮਾਤੀ ਸਮਾਜ ਵਿਚ ਨਿੱਜੀ ਜਾਇਦਾਦ ਦੇ ਹੋਂਦ 'ਚ ਆਉਣ ਨੇ ਇਕ ਅਜਿਹੀ ਵਿਹਲੜ ਅਤੇ ਹਾਕਮ ਧਿਰ ਪੈਦਾ ਕੀਤੀ ਜੋ ਕਿਰਤੀਆਂ ਦੇ ਲਹੂ 'ਤੇ ਐਸ਼ ਕਰਦੀ ਆਈ ਹੈ ਅਤੇ ਜਿਸ ਦੀ ਝੂਠੀ ਚੇਤਨਾ/ਵਿਚਾਰਧਾਰਾ (ਹਾਕਮ ਵਿਚਾਰਧਾਰਾ) ਲੋਕਾਂ ਦੇ ਮਨੋਵਿਗਿਆਨ ਨੂੰ ਵਿਚਾਰ/ਰਹੱਸ/ਧਰਮ 'ਚ ਕਸਦਿਆਂ ਪਦਾਰਥਿਕ ਸ਼ਕਲ ਧਾਰ ਗਈ ਹੈ। ਸਮਾਜ ਵਿਗਿਆਨ ਦੇ ਸਾਰੇ ਰੂਪ ਹੀ ਨਹੀਂ ਸਮਾਜਿਕ ਚਲਨ ਦੇ ਸਾਰੇ ਰੂਪਾਂ ਨੂੰ ਇਸ ਨੇ ਸਿਰ ਪਰਨੇ ਕੀਤਾ ਹੋਇਆ ਹੈ ਅਤੇ ਇਸ ਨੂੰ ਸਿੱਧਿਆਂ ਕਰਨ ਲਈ ਇਸਦੇ ਹਰ ਰੂਪ ਦੀ ਸਖ਼ਤੀ ਨਾਲ ਅਲੋਚਨਾ ਕਰਦਿਆਂ ਜਾਇਦਾਦ ਹੀਣ ਸਮਾਜ ਉਸਾਰਨ ਲਈ ਕਿਰਤੀਆਂ ਅਤੇ ਕਮਿਊਨਿਸਟਾਂ ਨੂੰ ਇਸ ਦੇ ਮੁਕੰਮਲ ਬਦਲ ਵਾਸਤੇ ਕ੍ਰਾਂਤੀ ਦੀ ਲੋੜ ਹੈ।*

ਸਰਮਾਇਆ ਰਾਹੀਂ ਇਹ ਵੀ ਕਹਿਣ ਦਾ ਯਤਨ ਕੀਤਾ ਕਿ ਪੂੰਜੀ ਪਦਾਰਥਕ ਤਾਕਤ ਹੈ ਅਤੇ ਲਗਾਤਾਰ ਗਤੀ 'ਚ ਹੈ। ਗਤੀ 'ਚ ਇਸ ਲਈ ਕਿ ਇਹ ਵਿਰੋਧ ਵਿਕਾਸੀ ਹੈ ਭਾਵ ਕਿਰਤੀਆਂ ਦਾ ਲਗਾਤਾਰ ਪ੍ਰਤੀਵਾਦ ਇਸ ਨੂੰ ਬਦਲਦਾ ਅਤੇ ਇਹ ਲਗਾਤਾਰ ਆਪਣੇ ਵਿਕਾਸ ਦੀ ਪ੍ਰਕਿਰਿਆ 'ਚ ਰਹਿੰਦੀ ਹੈ ਅਤੇ ਇਸ ਦਾ ਹਰ ਰੂਪ ਕਿਰਤੀਆਂ ਦੇ ਜੀਵਨ ਨੂੰ ਪ੍ਰਭਾਵਤ ਕਰਦਾ ਹੈ। ਇਹ ਉਦੋਂ ਤਬਾਹ ਹੁੰਦਾ ਹੈ ਜਦੋਂ ਇਹ ਵਿਕਾਸ ਦੀ ਚਰਮ ਸ਼ਿਖਰ ਹੰਢਾਅ ਚੁੱਕਾ ਹੋਵੇ ਅਤੇ ਕਿਰਤੀ ਇਸ ਨੂੰ ਚੁੱਕ ਕੇ ਕਬਰ ਵਿਚ ਸੁੱਟ ਦੇਣ ਅਤੇ ਆਪਣੀ ਪਦਾਰਥਕ ਚੇਤਨਾ ਰਾਹੀਂ ਜਮਾਤੀ ਸਮਾਜ ਦੇ ਅੰਤ ਦਾ ਐਲਾਨ ਕਰ ਦੇਣ, ਕਿਉਂਕਿ ''ਅਮਲੀ ਜਗਤ ਦਾ ਧਾਰਮਿਕ ਪਰਤੌ, ਹਰ ਹਾਲਤ ਵਿਚ ਸਿਰਫ ਉਦੋਂ ਹੀ ਅੰਤਿਮ ਰੂਪ 'ਚ ਅਲੋਪ ਹੋ ਸਕਦਾ ਹੈ, ਜਦੋਂ ਰੋਜ਼ਾਨਾ ਜੀਵਨ ਦੇ ਅਮਲੀ ਸਬੰਧ ਮਨੁੱਖ ਸਾਹਮਣੇ ਆਪਣੇ ਭਾਈਬੰਦਾਂ ਤੇ ਕੁਦਰਤ ਦੇ ਸਬੰਧ ਵਿਚ ਸਿਵਾਏ ਸਾਫ਼ ਸਪੱਸ਼ਟ ਅਤੇ ਯੁਕਤੀ ਪੂਰਵਕ ਸਬੰਧਾਂ ਦੇ ਹੋਰ ਕੋਈ ਸਬੰਧ ਪੇਸ਼ ਨਹੀਂ ਕਰਦੇ।''11

ਮਾਰਕਸ ਸਰਮਾਇਦਾਰੀ ਦੇ ਹੱਦਾਂ ਤੋੜਨ ਦੇ ਇਸ ਰੌਅ ਤੋਂ ਪਤਾ ਲਾਉਂਦਾ ਹੈ ਕਿ ਇਸ ਦਾ ਕੋਈ ਦੇਸ ਨਹੀਂ ਹੁੰਦਾ ਸਗੋਂ ਇਕੋ ਉਦੇਸ਼ ਹੁੰਦਾ ਹੈ! ਲੁੱਟ। ਇਸੇ ਲਈ ਉਹ ਮੰਡੀਆਂ ਦਾ ਵਿਸਥਾਰ ਅਤੇ ਖੇਤੀ ਦੇ ਸਰਮਾਇਆਦਾਰੀ ਵਿਕਾਸ ਨੂੰ ਚੰਗੀ ਤਰ੍ਹਾਂ ਸਮਝ

ਸਕਿਆ, ਕਿਉਂਕਿ ਪੂੰਜੀਵਾਦ ਹਰ ਉਸ ਦੇ ਖ਼ੂਨ ਦਾ ਆਖਰੀ ਤੁਪਕਾ ਚੂਸ ਜਾਣ ਤੱਕ ਆਪਣਾ ਸਰਮਾਇਆ ਵਧਾਉਂਦਾ ਜਾਂਦਾ ਹੈ ਭਾਵੇਂ ਉਹ ਕਿਰਤੀ, ਜਾਨਵਰ, ਧਰਤੀ ਜਾਂ ਪ੍ਰਕਿਰਤੀ ਹੀ ਕਿਉਂ ਨਾ ਹੋਵੇ। ਮੂਸਾ ਨੇ ਕਿਹਾ ਸੀ ਕਿ "ਉਸ ਬਲਦ ਨੂੰ ਛਿਕਲਾ ਨਾ ਦਿਉ, ਜਿਹੜਾ ਫ਼ਸਲ ਗਾਹੁੰਦਾ ਹੈ।"12 ਪਰ ਪੂੰਜੀਪਤੀ ਹਰ ਉਸ ਕਿਰਤੀ ਦੇ ਮੂੰਹ ਨੂੰ ਛਿਕਲਾ ਦੇ ਕੇ ਰੱਖਦਾ ਹੈ ਜੋ ਉਤਪਾਦਨ ਕਰਦਾ ਹੈ। ਮੂਸਾ ਦੇ ਬਲਦ ਦਾ ਇਨਸਾਨ ਨਾਲ ਮਾਨਵੀ ਸਬੰਧ ਹੁੰਦਾ ਹੈ ਪਰ ਕਿਰਤੀ ਨਾਲ ਮਾਲਕ ਦਾ ਸਬੰਧ ਸਿਰਫ ਉਤਪਾਦਨੀ ਹੁੰਦਾ ਹੈ। "ਜੇ ਮੰਡੀਆਂ ਲਗਾਤਾਰ ਫੈਲ ਰਹੀਆਂ ਸਨ ਅਤੇ ਹੁਣ ਵੀ ਫੈਲ ਰਹੀਆਂ ਹਨ, ਤਾਂ ਅਸਲ ਵਿਚ ਉਹਦਾ ਕਾਰਨ ਇਹ ਹੈ ਕਿ ਮਨੁੱਖੀ ਲਹੂ ਬਹੁਤ ਸਸਤੇ ਹਨ, ਜਿਨ੍ਹਾਂ ਨੂੰ ਵਸਤਾਂ (commodities) ਵਿਚ ਬਦਲ ਦਿੱਤਾ ਜਾਂਦਾ ਹੈ।"13

## 2

ਜੇ ਅੱਜ ਦੇ ਭਾਰਤ ਵੱਲ ਧਿਆਨ ਮਾਰੀਏ ਤਾਂ ਇਹ ਉਹਨਾਂ ਧੜਵੈਲ ਸਰਮਾਏਦਾਰਾਂ (ਬਹੁ ਕੌਮੀ ਕੰਪਨੀਆਂ) ਦੀਆਂ ਮੰਡੀਆਂ ਦੇ ਵਿਸਥਾਰ ਵਜੋਂ ਹੀ ਪੇਸ਼ ਹੁੰਦਾ ਹੈ, ਜਿਥੋਂ ਦੇ ਕਾਮੇ ਦਾ ਮੁੜ੍ਹਕਾ ਅਤੇ ਲਹੂ ਕੌਡੀਆਂ ਦੇ ਭਾਅ ਵਿਕਦਾ ਹੈ। ਇਸ ਨੇ ਪੂੰਜੀਵਾਦ (ਉਦਯੋਗਿਕ ਯੁੱਗ ਦੀ ਬਜਾਏ ਉਤਰ ਉਦਯੋਗਿਕ ਭਾਵ ਗਲੋਬਲੀ ਸੱਟਾ ਬਾਜ਼ਾਰ ਦਾ ਯੁੱਗ) ਦਾ ਖਾਤਮਾ ਕਰਕੇ ਆਪਣੇ ਹਿੱਤ 'ਚ ਸਮੁੱਚੀ ਵਿਸ਼ਵ ਮੰਡੀ ਨੂੰ ਘੇਰ ਲਿਆ ਹੈ ਅਤੇ ਆਪਣੇ ਬੇਸ਼ੁਮਾਰ ਉਤਪਾਦਨ ਦੇ ਘੱਟ ਮੁੱਲ ਨਾਲ ਕਿਰਤੀ ਨੂੰ ਵਿਹਲਿਆਂ ਕਰਕੇ ਹਾਸ਼ੀਏ ਉਪਰ ਧੱਕ ਦਿਤਾ ਹੈ। ਇਥੇ ਊਰੇ ਦੀ ਗੱਲ ਵੱਲ ਧਿਆਨ ਦੇਣਾ ਬਣਦਾ ਹੈ, ਜਿਸ ਵਿਚ ਉਹ ਆਖਦਾ ਹੈ ਕਿ, "ਜਦੋਂ ਕਦੀ ਪੂੰਜੀ ਵਿਗਿਆਨ ਨੂੰ ਆਪਣਾ ਸੇਵਕ ਬਣਾ ਲੈਂਦੀ ਹੈ ਤਾਂ ਢੀਠ ਕਿਰਤੀ ਨੂੰ ਸਦਾ ਹੀ ਨਿਮਰਤਾ ਦਾ ਸਬਕ ਸਿੱਖਣਾ ਪੈਂਦਾ ਹੈ।"14 ਅੱਜ ਵਿਗਿਆਨ ਪੂੰਜੀ ਦਾ ਸੇਵਕ ਹੈ ਅਤੇ ਪੂੰਜੀ ਸਮਾਜ ਵਿਚਲੇ ਉਪਰਲੇ ਵਰਗ ਦੇ ਹੱਥਾਂ ਵਿਚ ਹੈ। ਜੇ ਤਕਨੀਕ ਭਾਰਤ ਵਿਚ ਆਈ ਹੈ ਤਾਂ ਉਸ ਉਪਰ ਉਹੋ ਕਾਬਜ਼ ਹਨ, ਜਿਨ੍ਹਾਂ ਨਾਲ ਸਮਝੌਤੇ ਵਜੋਂ ਇਹ ਤਕਨੀਕ ਭਾਰਤ ਅੰਦਰ ਦਾਖ਼ਲ ਹੁੰਦੀ ਹੈ ਅਤੇ ਭਾਰਤੀ ਕਿਰਤੀ ਨੂੰ ਇਹ ਨਿਮਰਤਾ ਦਾ ਸਬਕ ਸਿਖਾ ਰਹੀ ਹੈ। ਜਿਥੇ ਵੀ ਨਿਮਰਤਾ ਇਤਿਹਾਸ ਵਿਚ ਬਦਲਣ ਲਗਦੀ ਹੈ, ਪੂੰਜੀ ਦੀ ਸੇਵਕ ਪੁਲੀਸ, ਫ਼ੌਜ, ਅਦਾਲਤ, ਸੰਸਦ ਇਸ ਦੇ ਹੱਕ ਵਿਚ ਆਣ ਖੜ੍ਹੇ ਹੋ ਜਾਂਦੇ ਹਨ। ਇਸ ਤਕਨੀਕ ਦੀ ਲਾਜ਼ਮੀ ਲੋੜ ਅਤੇ ਵਿਸਥਾਰ ਵਜੋਂ ਕਿਰਤੀਆਂ ਦੀ ਹਮਾਇਤੀ ਧਿਰ ਆਪਣੇ ਲੋਕਾਂ ਦੇ ਕਤਲਾਂ, ਬਲਾਤਕਾਰਾਂ, ਉਜਾੜੇ ਨੂੰ ਸਹਿਜ ਰੂਪ ਵਿਚ ਲੈਂਦੀ ਕਿਰਤੀ ਦੇ ਮੁੜ੍ਹਕੇ ਅਤੇ ਲਹੂ ਦਾ ਅਜਾਈਂ ਡੁੱਲਣਾ ਵਿਕਾਸ ਦੀ ਲਾਜ਼ਮੀ ਸ਼ਰਤ ਬਣਾ ਦਿੰਦੀ ਹੈ। ਕੀ ਇਹ ਦਰਜ਼ ਕਰਨਾ ਜ਼ਰੂਰੀ ਨਹੀਂ ਕਿ, "ਤਕਨੀਕ ਜਿਸ ਢਾਂਚੇ 'ਤੇ ਖੜ੍ਹੀ ਹੋ ਕੇ ਸਮਾਜ ਉਪਰ ਸੱਤਾ ਹਾਸਲ ਕਰਦੀ ਹੈ ਉਹ ਉਹਨਾਂ ਦੀ ਸੱਤਾ ਹੁੰਦੀ ਹੈ ਜਿਹੜੇ ਸਮਾਜ ਉਪਰ ਵੱਡੇ ਪੱਧਰ 'ਤੇ ਆਰਥਿਕ ਜਕੜਬੰਦੀ ਰੱਖਦੇ ਹਨ। ਇਹ ਤਕਨੀਕੀ ਤਾਰਕਿਕਤਾ ਆਪਣੇ ਆਪ ਹੀ ਕਬਜ਼ੇ ਦਾ ਤਰਕ ਹੈ।"15 ਮਾਰਕਸਵਾਦ ਨੇ ਇਸ ਜਮਾਤੀ ਸਮਾਜ ਦੇ ਵਿਰੋਧ ਵਿਕਾਸੀ ਸੰਬੰਧਾਂ ਨੂੰ ਬਹੁਤ ਡੂੰਘੇ ਰੂਪ ਵਿਚ ਸਮਝ ਲਿਆ ਹੈ ਕਿ ਹਾਕਮ ਧਿਰ ਵੱਲੋਂ ਉਸਾਰਿਆ ਕੋਈ ਵੀ ਸ਼ਾਸਤਰ ਵਿਚਾਰਧਾਰਾ ਤੋਂ ਮੁਕਤ ਨਹੀਂ ਹੁੰਦਾ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਤਕਨੀਕ ਵਿਚਾਰਧਾਰਾ ਦੇ ਤਾਕਤਵਰ ਸੰਦਾਂ ਤੋਂ ਮੁਕਤ ਹੋਵੇ, ਪਰ ਹਾਕਮ ਧਿਰ ਵੱਲੋਂ ਨਿਯੰਤ੍ਰਤ ਕਰਨ ਦੇ ਕਿਸੇ ਵੀ ਉਪਕਰਣ ਨੂੰ ਤਬਾਹ ਕਰਨ ਲਈ ਵਿਰੋਧ ਵਿਕਾਸੀ ਸਿਧਾਂਤ ਦੇ ਪਦਾਰਥਕ ਅਮਲ ਦੀ ਜ਼ਰੂਰਤ ਹੁੰਦੀ ਹੈ ਜੋ ਜਮਾਤੀ ਚੇਤਨਾ ਦੀ ਹੋਂਦ ਰਾਹੀਂ ਗ੍ਰਹਿਣ ਹੁੰਦਾ ਹੈ। ਪ੍ਰੰਤੂ ਭਾਰਤ ਅੰਦਰ ਅੱਜ 'ਸੂਚਕਾਂਕ ਦੇ ਵਿਕਾਸਵਾਦੀ' ਦੌਰ ਵਿਚ ਆਜਿਹਾ ਨਹੀਂ ਵਾਪਰ ਰਿਹਾ। ਇਥੇ ਜਮਾਤੀ ਚੇਤਨਾ ਰਾਹੀਂ ਲਹਿਰ ਬਣਨ ਦੀ ਬਜਾਏ ਧਾਰਮਿਕ ਬਖੇੜੇ, ਪੰਥਕ ਬਖੇੜੇ ਅਤੇ ਜਾਤੀਵਾਦੀ ਬਖੇੜੇ, ਇਸ ਤਕਨੀਕ ਦੇ ਦੌਰ ਵਿਚ ਸਿਖਰਾਂ ਛੂਹਣ ਲਗਦੇ ਹਨ। ਮਨੁੱਖੀ ਭਾਈਚਾਰਾ ਨਫ਼ਰਤ ਦੀ ਸਿਖ਼ਰ ਵੱਲ ਨੂੰ ਹੋ ਤੁਰਦਾ ਹੈ। ਰਾਸ਼ਟਰਵਾਦ ਦੇ ਨਾਮ ਉਤੇ 'ਬਹੁਕੌਮੀ ਕੰਪਨੀਆਂ' ਦੀ 'ਜੈ' ਹੋਣ ਲੱਗਦੀ ਹੈ, ਰਾਸ਼ਟਰਵਾਦ ਦੇ ਚਾਲਕ ਆਪਣੇ ਧਨ ਨੂੰ ਪੂੰਜੀ ਬਣਾਉਣ ਦੀ ਬਜਾਏ ਜਾਂ ਤਾਂ ਇਸ ਨੂੰ ਵਿੱਤ ਵਿਚ ਫਸਾਉਣ ਲੱਗਦੇ ਹਨ ਨਹੀਂ ਤਾਂ ਇਹ ਸਵਿਸ ਬੈਂਕੀ ਤਿਜੌਰੀਆਂ ਵਿਚ ਧਨ ਬਣਕੇ ਡੰਪ ਹੋਣ ਲਗਦਾ ਹੈ। 'ਰਾਸ਼ਟਰਵਾਦੀਆਂ' ਦਾ ਧਨ ਵਿਦੇਸ਼ੀ ਹਾਕਮਾਂ/ਕਾਰਪੋਰੇਟ ਜਗਤ ਲਈ ਪੂੰਜੀ ਵਜੋਂ ਚਾਲਤ ਹੁੰਦਾ ਹੈ। ਜਮਾਤੀ ਚੇਤਨਾ ਦੀ ਅਣਹੋਂਦ ਹੋਣ ਕਾਰਨ ਅਰਾਜਨੀਤੀ ਇਸ ਦੇਸ਼ ਉਪਰ ਕਾਬਜ਼ ਹੋ ਜਾਂਦੀ ਹੈ। ਲੋਕਾਂ ਦੇ ਦੁਸ਼ਮਣ ਮੀਡੀਆ, ਵਿਚਾਰਧਾਰਾ ਰਾਹੀਂ ਉਨ੍ਹਾਂ ਦੇ ਆਕਾ ਹੋ ਜਾਂਦੇ ਹਨ (ਦੁੱਖ 'ਚ ਘਿਰੇ ਲੋਕਾਂ ਦੀ ਮੁਕਤੀ ਲਈ ਜਦੋਂ ਕੋਈ ਲਹਿਰ ਨਹੀਂ ਹੁੰਦੀ ਤਾਂ ਉਹ ਹਾਕਮਾਂ ਦੇ ਰਹਿਮੋ ਕਰਮ 'ਤੇ ਉਨ੍ਹਾਂ ਨੂੰ ਹੀ ਆਪਣੇ ਪ੍ਰਤੀਨਿਧਾਂ ਵਜੋਂ ਦੇਖਦੇ ਹਨ, ਅਤੇ ਉਹ ਆਵਾਮ ਦੀ ਉਂਗਲ ਫੜ ਉਹਨਾਂ ਨੂੰ ਡੇਰਿਆਂ, ਧਰਮ ਪੰਥਾਂ, ਧਰਮਾਂ ਜਾਂ ਸੰਪ੍ਰਦਾਇਕ ਖੁੰਦਰਾਂ 'ਚ ਪਹੁੰਚਾ ਦਿੰਦੇ ਹਨ)। ਮਾਨਵੀ ਸਾਂਝ/ਜਮਾਤੀ ਸਾਂਝ ਅਲੋਪ ਹੋਈ ਨਜ਼ਰ ਆਉਂਦੀ ਹੈ। ਮੁਨਾਫ਼ੇ ਦਾ ਵੱਡਾ ਹਿੱਸਾ ਪੂੰਜੀ ਸ਼ਕਲ ਵਿਚ ਢਲਣ ਦੀ ਬਜਾਏ ਦਮਿਤ ਧਿਰ ਨੂੰ ਨਿਯੰਤ੍ਰਿਤ ਕਰਨ (ਸੱਤਾ/ਤੰਤਰ ਦੇ ਕਿਸੇ ਵੀ ਰੂਪ 'ਚ) 'ਚ ਖਚਤ ਹੋਣ ਲੱਗਦਾ ਹੈ। ਹਾਕਮੀ ਪੂੰਜੀ ਦੀ ਇਸ ਵਿਚਾਰਧਾਰਾ ਅਧੀਨ ਆਵਾਮ ਆਪਣੇ ਪੈਰਾਂ 'ਚ ਪਈਆਂ ਬੇੜੀਆਂ ਨੂੰ ਜੰਦਰਾ ਮਾਰ ਕੇ ਚਾਬੀ ਹਾਕਮਾਂ ਨੂੰ ਸੌਂਪ ਦਿੰਦਾ ਹੈ ਅਤੇ ਹਾਕਮ ਸਵਿਸ ਬੈਂਕ ਵਰਗੀਆਂ ਸੰਸਾਰ ਦੀਆਂ ਅਨੇਕਾਂ ਤਿਜੌਰੀਆਂ ਭਰਨ ਲੱਗਦੇ ਹਨ। ਉਨ੍ਹਾਂ ਨੂੰ ਆਪ ਇਸ ਸੱਟੇ ਵਾਲੀ ਪੂੰਜੀ ਦੀ ਸਥਿਰਤਾ 'ਤੇ ਅਵਿਸ਼ਵਾਸ ਹੁੰਦਾ ਹੈ। ਇਕ "ਅਵਿਸ਼ਵਾਸ ਦਾ ਆਭਾਮੰਡਲ" ਚਾਰੇ ਪਾਸੇ ਫੈਲ ਜਾਂਦਾ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਦਾ ਨਿਯੰਤ੍ਰਣ ਵੀ ਭ੍ਰਿਸ਼ਟ ਵਿਅਕਤੀਆਂ ਦੇ ਹੱਥ ਦੇ ਕੇ 'ਲੋਕਤੰਤਰ' ਦੀ ਜ਼ਰਜ਼ਰੀ ਛੱਤ ਨੂੰ 'ਵਿਸ਼ਵਾਸ' ਦਾ ਠੁੰਮ੍ਹਣਾ ਦੇਣ ਦਾ ਯਤਨ ਜਾਰੀ ਰਹਿੰਦਾ ਹੈ।

ਵਰਤਮਾਨ ਦੀ ਵਿੱਤੀ ਪੂੰਜੀ ਦਾ ਕੋਈ ਵੀ ਦੇਸ਼ ਨਹੀਂ ਹੈ। ਰਾਸ਼ਟਰ ਰਾਜ ਦੀ ਪੂੰਜੀਵਾਦੀ ਪ੍ਰਣਾਲੀ ਤਾਂ ਬਹੁਤ ਹੱਦ ਤੱਕ ਆਰਥਿਕ ਗਤੀਵਿਧੀਆਂ ਦਾ ਕੋਈ ਨਾ ਕੋਈ ਖੇਤਰ ਰਾਜ ਸੱਤਾ ਦੇ ਨਿਯੰਤ੍ਰਣ ਅਧੀਨ ਰੱਖਦੀ ਸੀ ਤਾਂ ਕਿ ਉਨ੍ਹਾਂ ਦਾ ਲੋਕਤੰਤਰ ਦੇ ਹੱਕ 'ਚ ਕੋਈ ਜ਼ੋਰ ਚੱਲ ਸਕੇ। ਪ੍ਰੰਤੂ ਵਿੱਤੀ ਪੂੰਜੀ ਦਾ ਇਹ ਭੂਮੰਡਲੀਕਰਨ ਇਸ ਰਾਜ ਦੇ ਸਾਰੇ ਦਾਇਰੇ ਤੋੜ ਕੇ ਤੁਰਦਾ ਹੈ। ਇਸ ਨਵੇਂ ਸਾਮਰਾਜਵਾਦ ਦਾ ਕੋਈ ਆਕਾ ਦੇਸ਼ ਨਹੀਂ ਹੈ।16 ਅਮਰੀਕਾ ਆਕਾ ਨਜ਼ਰ ਆਉਂਦਾ ਹੈ ਪਰ ਉਹ ਵੀ ਬਹੁਕੌਮੀ ਕੰਪਨੀਆਂ ਵੱਲੋਂ ਦੁਨੀਆਂ ਦੀਆਂ ਵਿਦਰੋਹੀ

ਆਵਾਜ਼ਾਂ ਨੂੰ ਦਬਾਉਣ, ਬਹੁ ਦੇਸ਼ਾਂ ਦਾ ਧਨ ਲੁੱਟਣ ਵਾਲੀ ਕਮੇਟੀ ਹੀ ਹੈ। ਜਦੋਂ ਕਦੇ ਅਮਰੀਕਾ ਦਾ ਰਾਸ਼ਟਰਪਤੀ ਆਵਾਮੀ ਭਲਾਈ ਲਈ ਬਜਟ ਦਾ ਹਿੱਸਾ ਮੰਗਦਾ ਹੈ ਤਾਂ ਉਸਦੇ ਬੱਜਟ ਨੂੰ ਉਦੋਂ ਤੱਕ ਰੋਕਿਆ ਜਾਂਦਾ ਹੈ ਜਦੋਂ ਤੱਕ ਇਹ ਭਲਾਈ ਸਕੀਮ/ਬੱਜਟ ਖਾਰਜ ਨਾ ਹੋ ਜਾਵੇ। ਭਾਵ ਇਸ ਭੂਮੰਡਲੀਕਰਨ ਦੀ ਵਿੱਤੀ ਪੂੰਜੀ ਹੇਠ ਆਉਂਦੇ ਕਿਸੇ ਵੀ ਦੇਸ਼ ਵਿਚ ਸਰਕਾਰ ਲੋਕਾਂ ਨੂੰ ਪੂਰਣ ਰੂਪ 'ਚ ਜਵਾਬਦੇਹ ਨਹੀਂ ਰਹੀ। ਦੁਨੀਆ ਭਰ ਦੇ ਮੱਧਵਰਗ 'ਚੋਂ ਉੱਠੀ ਬਹੁਤ ਪ੍ਰਤਿਭਾਵਾਨ ਪਨੀਰੀ ਇੰਜੀਨੀਅਰਾਂ, ਸਾਇੰਸਦਾਨਾਂ, ਡਾਕਟਰਾਂ, ਵਿਦਵਾਨਾਂ ਦਾ 'ਗਿਆਨ' ਧਨ ਰਾਹੀਂ ਖਰੀਦ ਲਿਆ ਜਾਂਦਾ ਹੈ ਅਤੇ ਉਸ ਨੂੰ ਅਮਰੀਕਾ ਇਲਾਕੇ ਦੀ ਮੈਨੇਜਮੈਂਟ ਦੇ ਅਧੀਨ ਕਰ ਦਿੱਤਾ ਜਾਂਦਾ ਹੈ। ਇਹ ਮੱਧਵਰਗ ਧਨ ਦੇ ਲੋਭ ਅੰਦਰ ਖਰੀਦਿਆ ਹੀ ਨਹੀਂ ਜਾਂਦਾ ਸਗੋਂਆਪਣੇ ਲੋਕਾਂ/ਧਿਰ ਦੇ ਵਿਰੁੱਧ ਲਗਾਤਾਰ ਖੋਜਾਂ ਨੂੰ ਹਕੀਕੀ ਸ਼ਕਲ ਵਿਚ ਢਾਲਦਾ ਰਹਿੰਦਾ ਹੈ, ਭਾਵ ਬਹੁਕੌਮੀ ਕੰਪਨੀਆਂ ਉਹਨਾਂ ਦੀ ਇਸ ਸਿੱਖਿਆ ਨੂੰ ਡਾਲਰਾਂ ਦੀ ਚਮਕ ਨਾਲ ਚੁੰਧਿਆਉਂਦੀਆਂ ਰਹਿੰਦੀਆਂ ਹਨ। ਅਮਰੀਕਾ ਦੇ ਗਿਆਨ ਭੰਡਾਰ ਵਿਚ ਬਹੁਤ ਵੱਡੀ ਗਿਣਤੀ ਬਹੁ ਕੌਮੀ ਕਾਰਪੋਰੇਸ਼ਨਾਂ ਵੱਲੋਂ ਖਰੀਦੇ 'ਗਿਆਨੀਆਂ' ਦੀ ਹੈ ਜੋ ਅਮਰੀਕਾ ਲਈ ਨਹੀਂ ਕਾਰਪੋਰੇਟ ਜਗਤ ਲਈ ਕੰਮ ਕਰਦੇ ਹਨ (ਅਮਰੀਕਾ ਤਾਂ ਬਹੁਕੌਮੀ ਕੰਪਨੀਆਂ ਦੀ ਨੁਮਾਇੰਦਗੀ ਕਰਦੀ ਸੁਰੱਖਿਆ ਜਥੇਬੰਦੀ ਹੈ)।

*"ਪੂੰਜੀ ਨੂੰ ਰਾਜਸੱਤਾ ਦੇ ਸਮਰਥਨ ਦੀ ਜ਼ਰੂਰਤ ਹੁੰਦੀ ਹੈ। ਅਗਰ ਪੂੰਜੀ ਦੁਨੀਆ ਭਰ 'ਚ ਗਤੀਮਾਨ ਹੈ ਤਾਂ ਇਸ ਨੂੰ ਇਹੋ ਜਿਹੇ ਦੇਸ਼ਾਂ ਦੀਆਂ ਰਾਜਸੱਤਾਵਾਂ ਦੇ ਸਮਰਥਨ ਦੀ ਜ਼ਰੂਰਤ ਹੈ, ਜਿਸਦਾ ਦਬਦਬਾ ਦੁਨੀਆ ਭਰ ਵਿਚ ਚੱਲਦਾ ਹੈ। ਪਰ ਅੱਜ ਪੂੰਜੀ ਖ਼ੁਦ ਵਿਭਿੰਨ ਦੇਸ਼ਾਂ ਤੋਂ ਨਿਕਲੀ ਇਕ ਸੰਯੁਕਤ ਸਮੂਹ ਹੈ ਅਤੇ ਕੋਈ ਵਿਸ਼ਵ ਪੱਧਰੀ ਰਾਜਸੱਤਾ ਮੌਜੂਦ ਨਹੀਂ ਹੈ।"*17

ਅੱਜ ਬਹੁਦੇਸ਼ਾਂ 'ਚੋਂ ਨਿਕਲੀ ਪੂੰਜੀ (ਬਹੁ ਕੌਮੀ ਕੰਪਨੀਆਂ) ਆਪਸੀ ਟਕਰਾਅ ਦੀ ਬਜਾਏ ਅਮਰੀਕਨ ਝੰਡੇ ਹੇਠਾਂ ਰਲ ਕੇ ਖੇਡ ਰਹੀ ਹੈ। ਸੱਤਰਵਿਆਂ 'ਚ ਇਹ ਟਕਰਾਅ ਵਜੋਂ ਪੇਸ਼ ਹੋ ਰਹੀਆਂ ਸਨ ਪਰ ਇਹਨਾਂ ਨੇ ਇਤਿਹਾਸ ਦੇ ਸਾਮਰਾਜੀ ਦੇਸ਼ਾਂ ਦੇ ਟਕਰਾਵਾਂ/ਜੰਗਾਂ ਤੋਂ ਸਬਕ ਸਿੱਖਦਿਆਂ ਟਕਰਾਅ ਵਿਚੋਂ ਤਬਾਹੀ ਵਾਲੀ ਨੀਤੀ 'ਤਿਆਗ ਦਿੱਤੀ'18 ਅਤੇ ਅਮਰੀਕਨ ਝੰਡੇ ਹੇਠਾਂ ਰਲ ਕੇ ਖੇਡਣ ਦਾ ਫੈਸਲਾ ਕਰ ਲਿਆ। ਤੀਸਰੀ ਦੁਨੀਆਂ ਨਾਲ ਸ਼ਰਤਾਂ ਸਹਿਤ ਹੋਏ ਸਮਝੌਤਿਆਂ ਵਿਚ ਇਹਨਾਂ ਨੇ, ਲੋਕਾਂ ਦੁਆਰਾ ਚੁਣੇ ਪ੍ਰਤੀਨਿਧਾਂ ਅਤੇ ਅਫਸਰਸ਼ਾਹਾਂ ਨੂੰ ਖ਼ਰੀਦ ਲਿਆ ਜਾਂ ਹਿੱਸੇਦਾਰ ਬਣਾ ਲਿਆ ਹੈ। ਇਹਨਾਂ ਨੇ ਰਾਸ਼ਟਰ ਰਾਜ ਨੂੰ ਤਬਾਹ/ਜ਼ਰਜ਼ਰਾ ਕਰਦਿਆਂ, ਇਸ ਉਪਰ 'ਲੋਕਤੰਤਰ ਦੀ ਮਜ਼ਬੂਤੀ' ਦਾ ਫੱਟਾ ਚਿਪਕਾ ਦਿੱਤਾ ਹੈ, ਤਾਂ ਕਿ ਇਹ ਉਹਨਾਂ ਲੋਕਾਂ ਨੂੰ ਜਿਹੜੇ ਆਪਣੀ, ਕੌਮ, ਆਜ਼ਾਦੀ, ਕ੍ਰਾਂਤੀ ਜਾਂ ਮਾਨਵੀ ਲੜਾਈ ਲੜਦੇ ਹਨ, ਨੂੰ, ਆਤੰਕਵਾਦ ਦੇ ਨਾਂ 'ਤੇ 'ਲੋਕਤੰਤਰ' ਦੀ ਨੀਂਹ ਵਿਚ ਦਫ਼ਨ ਕਰ ਸਕਣ। ਮੀਡੀਆ ਇਸਦੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਤੰਤਰ ਦੀ ਮਜ਼ਬੂਤ ਕੜੀ ਬਣ ਕੇ ਪੇਸ਼ ਹੁੰਦਾ ਹੈ, ਜੋ ਆਪਣੇ ਪਾਪੂਲਰ ਪ੍ਰਵਚਨਾਂ ਰਾਹੀਂ ਆਵਾਮ ਨੂੰ 'ਮੰਤਰ ਮੁਗਧ' ਕਰਦਾ ਹੈ। ਇਹ ਸਾਰੇ ਇਲਜ਼ਾਮ, ਮਾਨਵੀ ਨੈਤਿਕਤਾਵਾਂ ਅਤੇ ਭਾਈਚਾਰੇ ਨੂੰ ਇਕ ਪਾਸੇ ਸ਼ੁਗਲ ਦੇ ਸਭਿਆਚਾਰ ਵਿਚ ਡੋਬ ਦਿੰਦਾ ਹੈ ਅਤੇ ਦੂਸਰੇ ਪਾਸੇ ਉਹਨਾਂ ਦੇ ਅਵਿਸ਼ਵਾਸਾਂ, ਸਾਮੰਤੀ ਪ੍ਰੰਪਰਾਵਾਂ, ਧਰਮਾਂ,  ਧਰਮ ਪੰਥਾਂ, ਕਿਸਮਤਾਂ, ਨਕਸ਼ੱਤਰਾਂ, ਗੌਰਵਾਂ ਦੇ ਵੱਖ-ਵੱਖ ਜਾਂ ਆਪੋ ਆਪਣੇ ਸੱਭਿਆਚਾਰਾਂ ਦੇ ਉਪਭੋਗੀ ਰੰਗਣ ਦੀ 'ਲੋਕਤੰਤਰਿਕ ਆਜ਼ਾਦੀ' ਰਾਹੀਂ ਇਸ ਨੂੰ ਸ਼ਾਂਤ ਕਰ ਦਿੰਦਾ ਹੈ ਜਾਂ ਇਹਨਾਂ ਨੂੰ ਗੌਰਵੀ ਟੰਟਿਆਂ ਦੇ ਕੁੰਭੀ ਨਰਕ ਵਿਚ ਫਸਾ ਦਿੰਦਾ ਹੈ।

## 3

ਮਾਰਕਸ ਦੇ ਆਰਥਿਕ ਸਿਧਾਂਤ ਨੂੰ ਆਧਾਰ ਮੰਨ ਕੇ ਜੇ ਭਾਰਤ ਵੱਲ ਪਰਤੀਏ ਤਾਂ ਸਾਨੂੰ ਸਾਡਾ ਯੁੱਗ ਵੀ ਉਲਟੇ ਰੁਖ ਹੋਇਆ ਹੀ ਨਜ਼ਰ ਆਵੇਗਾ। ਭਾਰਤ ਦੇ ਬ੍ਰਾਹਮਣਵਾਦੀ ਤੰਤਰ ਨੇ ਬ੍ਰਾਹਮਣਵਾਦ ਦੀ ਆਰਥਿਕਤਾ/ਸੱਤਾ ਨੂੰ ਪੱਕੀ ਕਰਦਿਆਂ ਉਸਾਰ ਢਾਂਚਾ ਜਾਤਾਂ ਵਿਚ ਵੰਡ ਦਿੱਤਾ ਸੀ। ਇਹ ਹੁਣ ਤੱਕ ਪੀੜ੍ਹੀ ਦਰ ਪੀੜ੍ਹੀ ਢਹਿਣ ਦੀ ਬਜਾਏ ਵੱਧ ਪੀਡਾ ਅਤੇ ਪੱਕਾ ਹੁੰਦਾ ਗਿਆ ਹੈ। ਜਾਤੀ ਦਰਜੇਬੰਦੀ ਦਾ ਢਾਂਚਾ ਡੋਰ ਵਿਚ ਪਈਆਂ ਗੰਢਾਂ ਵਾਂਗ ਉਲਝਿਆ ਪਿਆ ਹੈ। ਮਾਉ ਨੇ ਇਸਦੀ ਪਛਾਣ ਅੰਤਰ ਵਿਰੋਧਾਂ ਵਿਚ ਅੰਤਰ ਵਿਰੋਧ ਵਜੋਂ ਕੀਤੀ ਸੀ। ਇਹ ਅੰਤਰ ਵਿਰੋਧ ਤਹਿ ਦਰ ਤਹਿ ਬ੍ਰਾਹਮਣਵਾਦੀ ਆਰਥਿਕਤਾ ਨੂੰ ਪੱਕਿਆਂ ਕਰਦੇ ਰਹੇ ਹਨ। ਇਕ ਵੇਲੇ ਦਰੜੀਆਂ ਜਾਤਾਂ ਬ੍ਰਹਮ ਕਿਰਪਾ ਅਨੁਸਾਰ ਆਪਣੀ ਨਰਕੀ ਸਥਿਤੀ ਨੂੰ ਭੋਗਦੀਆਂ ਭਗਤੀ ਵਿਚ ਲੀਨ ਸਨ, ਪ੍ਰੰਤੂ ਬਰਤਾਨਵੀ ਬਸਤੀਵਾਦ ਨੇ ਇਸ ਨੂੰ ਨਵੇਂ ਸਿਰੇ ਤੋਂ ਉਲਝਾਅ ਦਿੱਤਾ ਅਤੇ ਦਰੜੀਆਂ ਜਾਤਾਂ ਦੇ ਇਕ ਵਰਗ ਨੇ ਇਸ ਬ੍ਰਹਮੀ ਕਿਰਪਾ ਤੋਂ ਇਨਕਾਰ ਕਰ ਦਿੱਤਾ। ਮਾਰਕਸ ਪੂੰਜੀ ਦੀ ਪ੍ਰਕਿਰਿਆ/ਸੁਭਾਅ ਦੇ ਉਸਾਰ ਢਾਂਚੇ ਦਾ ਪਿਤਾਮਾ ਹੋਣ ਕਰਕੇ 'ਸਰਮਾਇਆ' ਤੋਂ ਵੱਖਰੇ ਇਕ ਖਰੜੇ ਵਿਚ ਬਸਤੀਵਾਦੀ ਆਰਥਿਕਤਾ ਦੀ ਜਾਂਚ ਕਰਦਿਆਂ ਇਸ ਨੂੰ ਬਿਲਕੁੱਲ ਉਚਿਤ ਸੰਕਲਪ, 'ਕਮਿਊਨਿਲ ਇਕਾਨਮੀ' ਵਜੋਂ ਪਛਾਣਦਾ ਹੈ। ਸਾਮੰਤੀ ਆਰਥਿਕਤਾ ਤੋਂ ਪੂੰਜੀਵਾਦੀ ਆਰਥਿਕਤਾ ਦੇ ਦਰਮਿਆਨ ਪੱਛੜੇ ਹੋਏ ਦੇਸ਼ਾਂ 'ਚੋਂ ਕੱਚਾ ਮਾਲ ਬਰਤਾਨੀਆ ਵਿਚ ਢੋਣ ਲਈ ਇਸ ਨੇ ਬਸਤੀਆਂ ਵਿਚ ਇਸੇ 'ਕਮਿਊਨਲ ਇਕਾਨਮੀ' ਦਾ ਵਿਚਾਰਧਾਰਕ ਉਸਾਰ ਢਾਂਚਾ ਤਿਆਰ ਕੀਤਾ, ਜੋ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਐਨ ਫਿੱਟ ਬੈਠ ਕੇ ਇਥੋਂ ਦੀ ਪਤਵੰਤੀ ਧਿਰ ਲਈ ਸਹਾਇਕ ਸਿੱਧ ਹੋਇਆ ਪਰ ਕਿਰਤੀ ਧਿਰ ਅੰਦਰ ਪੀਡੀ ਵੰਡ ਪੈਦਾ ਕਰ ਗਿਆ। ਪੰਜਾਬ ਦੇ ਬੁੱਧੀਜੀਵੀ ਲਾਲਾ ਹਰਦਿਆਲ ਨੇ ਇਸ ਨੂੰ ਉਸ ਵੇਲੇ ਹੀ ਪਛਾਣਦਿਆਂ ਬਸਤੀਵਾਦੀ ਨੀਤੀ ਨੂੰ 'ਪਾੜੋ ਤੇ ਰਾਜ ਕਰੋ' ਦਾ ਨਾਂ ਦਿੱਤਾ ਸੀ ਜੋ ਬੀਤਦੇ ਸਮੇਂ ਅਨੁਸਾਰ ਪ੍ਰਮਾਣਿਤ ਹੁੰਦੀ ਗਈ ਹੈ।

ਸਾਡੇ ਸਮਿਆਂ ਦੀ ਨਵ-ਬਸਤੀਵਾਦੀ ਆਰਥਿਕਤਾ ਵਿਚ ਵੀ ਬ੍ਰਾਹਮਣਿਕ ਵਿਚਾਰਧਾਰਾ ਦੀ ਸੱਤਾ ਦਾ ਨਾਂ ਲੋਕਤੰਤਰ ਹੈ ਅਤੇ ਇਥੋਂ ਦੀ ਸੰਸਦ ਰਾਸ਼ਟਰ ਰਾਜ/ਪੂੰਜੀਵਾਦ ਦੀ ਕਾਰਜਕਾਰੀ ਕਮੇਟੀ ਨਹੀਂ ਸਗੋਂ ਨਵ-ਬਸਤੀਵਾਦ/ਨਵ-ਸਾਮਰਾਜਵਾਦ ਦੀ ਏਜੰਟ ਕਾਰਜਕਾਰੀ ਕਮੇਟੀ ਹੈ। ਜੋ ਲੋਕਤੰਤਰੀ ਹਿਤਾਂ ਦੇ ਨਾਂ ਉਪਰ, ਕਾਰਪੋਰੇਟ ਜਗਤ ਲਈ ਲੋਕਾਂ ਦੇ ਦਮਨ ਨੂੰ ਨਿਯੰਤ੍ਰਤ ਕਰਦੀ ਹੈ। ਇਸ ਨਵ ਬਸਤੀਵਾਦ ਦਾ ਆਧਾਰ ਢਾਂਚਾ ਵੀ 'ਕਮਿਊਨਿਲ ਇਕਾਨਮੀ' ਉਪਰ ਹੀ ਖੜ੍ਹਾ ਹੈ। ਜਿਥੇ ਵਾਸਤਵਿਕ ਰੂਪ 'ਚ ਦਿਖਾਈ ਦਿੰਦੇ ਜਾਤੀ/ਐਥਨਿਕ ਸੰਘਰਸ਼ਾਂ ਨੂੰ ਮਾਰਕਸਵਾਦੀ ਸ਼ੱਕ ਦੇ ਸੰਦਾਂ ਨਾਲ ਵੇਖਿਆਂ ਇਹ ਸਿਰ ਪਰਨੇ ਹੋਏ ਦਿਖਾਈ ਦਿੰਦੇ ਹਨ ਭਾਵ ਕੰਨੀ/ਹੇਠਾਂ ਦੇ ਕਿਆਰਿਆਂ ਨੂੰ ਸਿੰਜਦਾ ਪਾਣੀ 'ਕਮਿਊਨਿਲ ਇਕਾਨਮੀ' ਨੂੰ ਪੱਕਿਆਂ ਕਰਦਾ ਨਜ਼ਰ ਆਉਂਦਾ ਹੈ। ਸਾਨੂੰ ਭਾਰਤ ਵਿਚ ਦਮਨ ਦਾ ਆਧਾਰ ਢਾਂਚਾ ਜਾਤ ਨਜ਼ਰ ਆਉਂਦੀ ਹੈ ਪਰ ਇਸ ਨੂੰ ਸਿਰ ਪਰਨੇ ਕੀਤਿਆਂ ਇਸ ਵਿਚਾਰਧਾਰਾ ਦੀ ਸੱਤਾ ਦਾ ਆਧਾਰ ਢਾਂਚਾ ਵੀ ਅਸਲ 'ਚ ਆਰਥਿਕ ਹੀ ਦਿਖਾਈ ਦੇਵੇਗਾ, ਜਾਤੀ ਸੰਕਟ ਤਾਂ ਇਸ ਦਾ ਉਸਾਰ ਹੈ। 'ਵਿਚਾਰਵਾਦੀ' ਸਿਖ਼ਰ ਨੂੰ ਹੰਢਾਅ ਰਹੇ ਹਿੰਦੁਸਤਾਨ ਦਾ ਸਮਾਜਿਕ ਢਾਂਚਾ ਆਧਾਰ ਸਮੱਗਰੀ ਦੀਆਂ ਇਹਨਾਂ ਜੜ੍ਹਾਂ ਨੂੰ ਪੁੱਟਣ ਦੀ ਬਜਾਏ ਸਮਾਂਤਰ ਜਮਾਤ ਨਾਲ ਟੰਟਿਆਂ ਵਿਚ ਉਲਝਿਆ ਪਿਆ ਹੈ।

ਆਰਥਿਕ ਅਤੇ ਸਮਾਜਿਕ ਦਮਨ ਝੱਲਦਾ ਪੀੜਤ ਕਿਰਤੀ ਇਸ ਤੋਂ ਮੁਕਤ ਹੋਣਾ ਚਾਹੁੰਦਾ ਹੈ ਪਰ ਕੋਈ ਵੀ ਇਸ ਨੂੰ ਬਦਲ ਦੇਣ ਦੀ ਕ੍ਰਾਂਤੀਕਾਰੀ ਧਿਰ ਨਾ ਹੋਣ ਕਾਰਨ ਉਹ ਜਾਤਾਂ ਆਧਾਰਿਤ ਧਰਮ ਪੰਥਾਂ ਵਿਚ ਵਿਲੀਨ ਹੁੰਦਾ ਨਵ-ਬ੍ਰਾਹਮਣਵਾਦੀ ਸੱਤਾ ਨੂੰ ਪੱਕਿਆਂ ਕਰਨ ਲੱਗਦਾ ਹੈ। ਧਰਮ ਪੰਥਾਂ, ਜਾਤਾਂ ਉਪਰਲੀ ਜਮਾਤ ਅੱਗੋਂ ਸੱਤਾ ਸ਼ਮੂਲੀਅਤ ਲਈ ਇਸ ਨੂੰ ਪੱਕਿਆਂ ਕਰਨ ਲੱਗਦੀ ਹੈ।

ਇਸ ਨਵੀਂ ਪੂੰਜੀ ਦੀ 'ਪਵਿੱਤਰ ਆਤਮਾ'/ਰੱਬ ਵੀ 'ਕਮਿਊਨਿਲ ਇਕਾਨਮੀ' ਹੀ ਹੈ। ਇਸ ਦਾ ਕੋਈ ਵੀ ਸੱਭਿਆਚਾਰ ਨਹੀਂ ਸਗੋਂ ਇਹ ਸਮੰਤੀ, ਉਪਭੋਗਤਾਵਾਦੀ, ਪੰਥਵਾਦੀ ਸਭਿਆਚਾਰਾਂ ਦਾ ਮਿਲਗੋਭਾ ਹੈ। ਜਿਥੇ ਵੱਖ-ਵੱਖ ਸਭਿਆਚਾਰਾਂ, ਪੰਥਾਂ, ਧਰਮਾਂ, ਡੇਰਿਆਂ ਦੇ ਗੌਰਵ ਆਪਸ 'ਚ ਭਿੜਦੇ ਅਤੇ 'ਕਮਿਊਨਿਲ ਇਕਾਨਮੀ' ਦੀ ਵਿਚਾਰਧਾਰਾ ਨੂੰ ਪੱਕਿਆਂ ਕਰਦੇ ਹਨ, ਜਿਸ ਨੂੰ ਮੀਡੀਆ ਆਪਣੀਆਂ ਬਹੁ-ਪ੍ਰਤੀਧੁਨੀਆਂ ਰਾਹੀਂ ਸੱਭਿਆਚਾਰ ਦੀ ਸ਼ਕਲ 'ਚ ਢਾਲਦਾ, ਹਾਕਮ ਵਿਚਾਰ ਨੂੰ ਪਦਾਰਥਕ ਰੂਪ ਬਣਾ ਦਿੰਦਾ ਹੈ।

ਅੱਜ ਸਾਡੇ ਸਮਿਆਂ 'ਚ ਭਾਰਤੀ 'ਸਟੇਟ' ਦੇ ਲੁਕਵੇਂ ਏਜੰਡੇ ਨਸ਼ਰ ਹੋ ਚੁੱਕੇ ਹਨ ਪ੍ਰੰਤੂ ਕ੍ਰਾਂਤੀਕਾਰੀ ਤਾਕਤਾਂ, ਜੋ ਇਸ ਨੂੰ ਪੂਰਣ ਰੂਪ 'ਚ ਬਦਲ ਦੇਣ, ਏਕਤਾ ਦੀ ਅਣਹੋਂਦ ਕਾਰਨ, ਤੰਤਰ ਪੱਕੇ ਪੈਰੀਂ ਹੈ। ਤੰਤਰ ਤੋਂ ਬਿਗ਼ਾਨਗੀ ਵਾਲੀਆਂ ਆਵਾਮੀ ਧਿਰਾਂ ਡੇਰਿਆਂ, ਧਰਮ ਪੰਥਾਂ, ਧਰਮਾਂ ਭਾਵ ਬਰਬਰੀ ਤਾਕਤਾਂ 'ਚੋਂ ਮੁਕਤੀ ਦੀ ਭਾਲ ਕਰ ਰਹੀਆਂ ਹਨ। ਰੋਜ਼ਾ ਲਕਸਮਬਰਗ ਨੇ ਫ੍ਰੈਡਰਿਕ ਐਂਗਲਜ਼ ਤੋਂ ਇਹ ਗੱਲ ਅੱਗੇ ਤੋਰਦਿਆਂ ਕਿਹਾ ਸੀ ਕਿ ਇਸ ਸ਼ੋਸ਼ਣਿਕ ਸਮਾਜ ਦੇ ਵਿਰੁੱਧ ਅੰਤਰ ਵਿਰੋਧ ਲਗਾਤਾਰ ਜਾਰੀ ਰਹਿੰਦੇ ਹਨ, ਉਸ ਦਾ ਸਿੱਟਾ 'ਸਮਾਜਵਾਦ ਜਾਂ ਬਰਬਰੀਅਤ'19 ਵਿਚ ਨਿਕਲਦਾ ਹੈ। ਅੱਜ ਭਾਰਤ ਵਿਚ ਵੀ ਦੋ ਆਵਾਜ਼ਾਂ ਹਨ ਪਰ ਸਮਾਜਵਾਦੀ ਆਵਾਜ਼ ਬਹੁਤ ਮੱਧਮ ਕਿਸੇ ਡੂੰਘੇ ਵਿਚੋਂ ਬੋਲਦੀ ਹੈ ਪਰ ਬਰਬਰੀਅਤ ਦੀ ਆਵਾਜ਼ ਪ੍ਰਚੰਡ ਹੁੰਦੀ ਜਾ ਰਹੀ ਹੈ। ਤੰਤਰ ਨਾਲ ਲੋਕਾਂ ਦਾ ਵਿਰੋਧ ਜਾਰੀ ਰਹਿੰਦਾ ਹੈ ਅਤੇ ਕ੍ਰਾਂਤੀਕਾਰੀਆਂ ਦੀ ਅਣਹੋਂਦ ਕਾਰਨ ਇਹ ਪਿਛਲਖ਼ੁਰੀ ਹੋ ਤੁਰਦਾ ਹੈ।

ਸਾਡੇ ਸਮਿਆਂ 'ਚ ਮਾਰਕਸ ਦੇ ਪ੍ਰੋਲੇਤਾਰੀ ਦਾ ਉਹ ਰੂਪ ਅਲੋਪਤਾ ਦੇ ਕੰਢੇ ਹੈ, ਜਿਸ ਨੂੰ ਮਾਰਕਸ ਨੇ ਕ੍ਰਾਂਤੀਕਾਰੀ ਵਜੋਂ ਬਿਲਕੁੱਲ ਸਮਾਜਵਾਦ ਦੇ ਨੇੜੇ ਦੇਖਿਆ ਸੀ। ਉਸ ਦੀ 'ਸਰਮਾਇਆ' ਰਾਹੀਂ ਪ੍ਰੋਲੇਤਾਰੀ ਨੇ ਪੂੰਜੀਵਾਦੀ ਲੁੱਟ ਦਾ ਵਿਸਥਾਰ, ਆਪਣੀ ਲੁੱਟ ਦੇ ਦਰਪਣ ਮੂਹਰੇ ਖੜ੍ਹ ਕੇ ਦੇਖਿਆ ਸੀ। ਪੂੰਜੀ ਦੀ ਵਿਰੋਧ ਵਿਕਾਸੀ ਗਤੀ ਨੇ ਕਿਰਤੀ ਦੀ ਏਕਤਾ ਅੱਗੇ ਸਵਾਲ ਖੜ੍ਹਾ ਕੀਤਾ ਹੈ, ਪਰ ਉਹਨਾਂ ਲੋਕਾਂ ਦੀ ਗਿਣਤੀ ਵਿਚ ਅਥਾਹ ਵਾਧਾ ਕੀਤਾ ਹੈ ਜਿਨ੍ਹਾਂ ਕੋਲ ਗਵਾਉਣ ਲਈ ਕੁਝ ਨਹੀਂ ਜਿੱਤਣ ਲਈ ਸੰਸਾਰ ਪਿਆ ਹੈ। ਸਾਡੇ ਸਮਿਆਂ 'ਚ ਕੀ ਕਿਰਤੀ ਦੇ ਵੈਨਗਾਰਡ ਗ੍ਰਾਮਸ਼ੀ ਦੀ ਭਾਸ਼ਾ 'ਚ 'ਜੈਵਿਕ ਬੁੱਧੀਜੀਵੀ' ਹੋ ਸਕਦੇ ਹਨ? ਜਿਹੜਾ ਪ੍ਰੋਲੇਤਾਰੀ ਦੀ ਅਣਹੋਂਦ ਵਿਚ ਪ੍ਰੋਲੇਤਾਰੀ ਚੇਤਨਾ ਦੇ ਵਿਕਾਸ ਦੇ ਦਾਰਸ਼ਨਿਕ ਅਮਲ ਵਜੋਂ, ਜਿਹੜਾ ਇਸ ਤੰਤਰ ਦੀ ਜਕੜ ਨੂੰ ਤੋੜਦਿਆਂ ਕ੍ਰਾਂਤੀ 'ਚ ਬਦਲ ਸਕੇ। ਉਹ ਬੁੱਧੀਜੀਵੀ ਜੋ ਉਹਨਾਂ ਦੀ ਆਪਣੀ ਜਮਾਤ ਦੇ ਹੋ ਚੁੱਕੇ ਹੋਣ? ਕੀ ਡੀ. ਕਲਾਸ ਹੋਏ ਬਿਨ੍ਹਾਂ ਜਾਂ ਪ੍ਰੋਲੇਤਾਰੀ ਚੇਤਨਾ ਤੋਂ ਬਿਨਾਂ ਕੋਈ ਉਨ੍ਹਾਂ ਦਾ ਵੈਨਗਾਰਡ ਬਣ ਸਕਦਾ ਹੈ? ਜੋ ਉਹਨਾਂ ਲਈ ਕ੍ਰਾਂਤੀ ਨੂੰ ਮੁਕੰਮਲ ਸ਼ਕਲ ਦੇਵੇ। ਜੇ ਵੈਨਗਾਰਡ ਜਾਇਦਾਦ ਸੰਪਨ ਲੋਕ ਹੋਣਗੇ ਤਾਂ ਕੀ ਉਹ ਜਮਾਤੀ ਹਿੱਤਾਂ ਤੋਂ ਬਾਹਰ ਜਾ ਕੇ ਸੋਚ ਸਕਣਗੇ? ਜੇ ਅਗਵਾਈ ਸਾਧਨ ਸੰਪਨ 'ਜੈਵਿਕ ਬੁੱਧੀਜੀਵੀ' ਕਰਨਗੇ ਤਾਂ ਕੀ ਉਹ ਕਿਸੇ ਮੋੜ 'ਤੇ ਅਹਿਮ ਫੈਸਲੇ 'ਚ ਇਸ ਤੰਤਰ ਨਾਲ ਸਮਝੌਤਾ ਕਰਦਿਆਂ ਇਸੇ ਤੰਤਰ ਨੂੰ ਸੋਧਣ ਦਾ ਵਿਚਾਰ ਤਾਂ ਨਹੀਂ ਲੈ ਆਉਣਗੇ? ਬਹੁਤ ਸਾਰੇ ਸਵਾਲ ਅੱਜ ਦੀ ਸਥਿਤੀ ਵਿਚ ਮਾਰਕਸ ਦੇ ਸਮੇਂ ਨਾਲੋਂ ਭਿੰਨ ਹਨ ਪਰ ਮਾਰਕਸਵਾਦ ਦਾ ਸਿਧਾਂਤ ਵਿਰੋਧ ਵਿਕਾਸੀ ਪਦਾਰਥਵਾਦ, ਤੰਤਰ ਦੀ ਖੜੋਤ ਨੂੰ ਕਿਤੇ ਵੀ ਹੁੰਗਾਰਾ ਨਹੀਂ ਦਿੰਦਾ ਸਗੋਂ ਚਿੰਤਨ ਅਤੇ ਗਤੀ ਵੱਲ ਤੋਰਦਾ ਹੈ। ਕਿਸੇ ਵੇਲੇ 'ਵਾਪਰਿਆ' ਇਤਿਹਾਸ ਅਤੇ ਵਿਚਾਰਧਾਰਾ ਦੇ ਅੰਤ ਦਾ ਜਮੂਦ ਹੁਣ ਟੁੱਟ ਚੁੱਕਾ ਹੈ ਜੋ ਸਾਨੂੰ ਇਹ ਇਸ਼ਾਰਾ ਕਰਦਾ ਹੈ ਕਿ ਮਾਦਾ ਸਦਾ ਗਤੀ 'ਚ ਹੈ ਅਤੇ ਮਨੁੱਖ ਦਾ ਅੰਤ ਮੌਜੂਦਾ ਵਿਚਾਰਧਾਰਾ 'ਚ ਨਹੀਂ ਹੈ।

## 4

ਆਓ ਮੁੜ ਮਾਰਕਸ ਵੱਲ ਪਰਤੀਏ ਅਤੇ ਉਸਦੇ ਸਭ ਤੋਂ ਮਨਭਾਉਂਦੇ ਲੇਖਕ ਐਸਕਲੀਜ ਦੇ ਨਾਟਕ 'ਪ੍ਰੋਮੀਥੀਅਸ ਬਾਊਂਡ' ਦੀ ਗੱਲ ਕਰੀਏ ਜਿਸ ਨੂੰ ਮਾਰਕਸ ਨੇ ਯੂਨਾਨੀ ਭਾਸ਼ਾ 'ਚ ਹੀ ਅਨੇਕਾਂ ਵਾਰ ਸਿਰਫ਼ ਪੜ੍ਹਿਆ ਹੀ ਨਹੀਂ ਸਗੋਂ ਪ੍ਰੋਮੀਥੀਅਸ ਦੇ ਇਨਕਲਾਬੀ

ਰੰਗਾਂ ਨੂੰ ਆਪਣੇ ਅੰਦਰ ਤੱਕ ਜ਼ੀਰ ਲਿਆ। ਪ੍ਰੋਮੀਥੀਅਸ! ਜੋ ਕਾਰੀਗਰ ਵਰਗ ਦਾ ਦੇਵਤਾ ਸੀ ਅਤੇ ਜਿਸਨੇ ਦੇਵਤਿਆਂ ਦੀ ਸਭ ਤੋਂਮਹਾਨ ਉਪਲਬਦੀ ਤਕਨੀਕ 'ਅੱਗ' ਨੂੰ ਚੋਰੀ ਕਰਕੇ ਕਿਰਤੀਆਂ ਕਾਮਿਆਂ ਨੂੰ ਸੌਂਪ ਦਿੱਤੀ ਸੀ, ਜਿਸ ਕਾਰਨ ਉਹ ਜੀਅਸ ਦੇ ਕਹਿਰ ਦਾ ਸ਼ਿਕਾਰ ਹੋਇਆ। ਜੀਅਸ ਨੂੰ ਮੁੜ ਗੱਦੀ 'ਤੇ ਬਿਠਾਉਣ ਵਾਲਾ ਪ੍ਰੋਮੀਥੀਅਸ ਉਸੇ ਦੀ ਅੱਗ ਚੋਰੀ ਕਰਕੇ ਕਿਰਤੀਆਂ ਨੂੰ ਸੌਂਪ ਦਿੱਤੇ ਜਾਣ 'ਤੇ ਜੀਅਸ ਦੇ ਕਹਿਰ ਦਾ ਏਨਾ ਸ਼ਿਕਾਰ ਹੋਇਆ ਕਿ ਉਸ ਨੇ ਪ੍ਰੋਮੀਥੀਅਸ ਨੂੰ ਉਜਾੜ ਜਗ੍ਹਾ ਇਕ ਵੱਡੀ ਚਟਾਨ ਨਾਲ ਸੂਲ਼ੀ 'ਤੇ ਲਟਕਾ ਦਿੱਤਾ, ਜਿੱਥੇ ਦਿਨ ਵੇਲੇ ਏਨੀ ਗਰਮੀ ਹੁੰਦੀ ਕਿ ਉਹ ਸੂਰਜ ਛਿਪਣ ਦੀਆਂ ਅਰਦਾਸਾਂ ਕਰੇ ਅਤੇ ਰਾਤ ਨੂੰ ਏਨੇ ਕਹਿਰ ਦਾ ਪਾਲ਼ਾ ਕਿ ਉਹ ਸੂਰਜ ਚੜ੍ਹਨ ਦੀਆਂ ਅਰਦਾਸਾਂ ਕਰੇ। ਫ਼ੀਨਿਕਸ ਰੋਜ਼ ਦਿਨੇ ਉਸਦੇ ਦਿਲ ਦਾ ਮਾਸ ਚਰੂੰਡਦਾ ਜਿਸਦਾ ਜ਼ਖਮ ਰਾਤ ਨੂੰ ਭਰ ਜਾਂਦਾ। ਇਸ ਕਹਿਰ ਨੇ ਉਸ ਅੰਦਰ ਮੁਆਫ਼ੀ ਦੀ ਬਜਾਏ ਦੇਵਤਿਆਂ ਵਿਰੁੱਧ ਸਾੜ ਕੇ ਸੁਆਹ ਕਰ ਦੇਣ ਵਾਲੀ ਨਫ਼ਰਤ ਭਰ ਦਿੱਤੀ।

ਪ੍ਰੋਮੀਥੀਅਸ ਅੱਗੇ ਮੰਗ ਰੱਖੀ ਗਈ ਸੀ ਕਿ ਉਹ ਦੇਵਤਿਆਂ ਨੂੰ ਉਹਨਾਂ ਦੀ ਅੱਗ ਵਾਪਿਸ ਕਰ ਦੇਵੇ ਪਰ ਉਹ ਆਖਦਾ ਕਿ ''ਸਿੱਧੇ ਸਾਦੇ ਲਫ਼ਜ਼ਾਂ 'ਚ ਮੈਂ ਦੇਵਢਾਣੀ ਨੂੰ ਨਫ਼ਰਤ ਕਰਦਾ ਹਾਂ।'' ਪ੍ਰੋਮੀਥੀਅਸ ਲੋਕਾਂ ਲਈ 'ਸੈਂਕੜੇ ਵਰ੍ਹੇ' ਅੱਤਿਆਚਾਰ ਸਹਿੰਦਾ ਰਿਹਾ ਪਰ ਕਿਰਤੀਆਂ ਕੋਲੋਂ ਅੱਗ ਵਾਪਿਸ ਜੀਅਸ ਨੂੰ ਦੇਣਾ ਕਦੇ ਨਾ ਮੰਨਿਆ, ਕਿਉਂਕਿ ਇਸਦੇ ਅਸਲ ਵਾਰਸ ਕਿਰਤੀ ਲੋਕ ਹੀ ਸਨ ਅਤੇ ਇਹ ਉਹਨਾਂ ਦੇ ਭਵਿੱਖ ਨੂੰ ਕ੍ਰਾਂਤੀ 'ਚ ਬਦਲ ਦੇਣ ਵਾਲੀ ਤਕਨੀਕ ਅੱਗ ਸੀ, ਜੋ ਲੋਕਾਂ ਦੀ ਚੇਤਨਾ ਸੀ। ਪ੍ਰੋਮੀਥੀਅਸ ਜੀਅਸ ਬਾਰੇ ਆਖਦਾ ਹੈ–

*''ਇਸ ਸੰਕਟ ਤੋਂ ਉਸ ਨੂੰ (ਜੀਅਸ ਨੂੰ) ਮੇਰੇ ਸਿਵਾ ਕੋਈ ਨਹੀਂ ਬਚਾ ਸਕਦਾ। ਇਸਤੋਂਬੇਖਬਰ, ਉਸਨੂੰ ਜੰਨਤ 'ਚ ਆਪਣੀ ਗਰਜਣਾਂ ਤੇ ਬਿਜਲੀਆਂ ਉਪਰ ਵਿਸ਼ਵਾਸ ਕਰਦੇ ਹੋਏ ਐਸ਼ ਕਰਨ ਦਿਉ। ਉਸਨੂੰ ਕੋਈ ਵੀ ਪਤਨ ਤੇ ਬਦਨਾਮੀ ਤੋਂਨਹੀਂ ਬਚਾ ਸਕਦਾ, ਕਿਉਂਕਿ ਉਹ ਆਪਣੇ ਹੀ ਖਿਲਾਫ਼ ਇਕ ਅਜਿੱਤ ਯੋਧਾ ਖੜਾ ਕਰ ਰਿਹਾ ਹੈ। ਉਸ ਜੀਅਸ ਨੂੰ ਪਤਾ ਲੱਗੇਗਾ ਕਿ ਆਜ਼ਾਦ ਬੰਦੇ ਨੂੰ ਜੰਜ਼ੀਰਾਂ 'ਚ ਬੰਨ੍ਹਣ ਦਾ ਕੀ ਅਰਥ ਹੁੰਦਾ ਹੈ।''*

*ਮਾਰਕਸ ਪ੍ਰੋਮੀਥੀਅਸ ਦੇ ਲਫ਼ਜ਼ਾਂ 'ਚ ਆਪਣੀ ਆਵਾਜ਼ ਮਿਲ਼ਾਉਂਦਾ, ਕਸ਼ਟਾਂ ਦੇ ਤੂਫ਼ਾਨ ਝੱਲਦਾ ਪ੍ਰੋਮੀਥੀਅਸ ਦੀ ਮਿੱਥ ਨੂੰ ਹਕੀਕੀ ਸ਼ਕਲ 'ਚ ਢਾਲਦਾ 'ਸਰਮਾਇਆ' ਦੀ ਅੱਗ ਪ੍ਰੋਲੇਤਾਰੀ ਕਿਰਤੀ ਜਮਾਤ ਨੂੰ ਸੌਂਪ ਦਿੰਦਾ ਹੈ।*

*ਸਾਹਿਤ ਬੰਦੇ ਨੂੰ ਚੇਤਨਾ ਦਿੰਦਾ ਹੈ, ਦ੍ਰਿੜ੍ਹ ਕਰਦਾ ਹੈ ਅਤੇ ਲੜਨ ਲਈ ਪ੍ਰੇਰਦਾ ਉਸਨੂੰ ਮੁਸੀਬਤਾਂ 'ਚ ਵੀ ਡੋਲਣ ਨਹੀਂ ਦਿੰਦਾ। ਮਾਰਕਸ ਦਾ ਕਥਨ ਹੈ— 'ਮਕਬੂਲ ਕਿਤਾਬ ਨੂੰ ਦੁਖੀ ਬੰਦੇ ਦਾ ਸਹਾਰਾ ਬਣਨਾ ਚਾਹੀਦਾ ਹੈ।'*

(ਫਿਲਹਾਲ 'ਚੋਂ ਧੰਨਵਾਦ ਸਹਿਤ)

## ਹਵਾਲੇ


1. ਕਾਰਲ ਮਾਰਕ-ਫ੍ਰੈਡਰਿਕ ਏਂਗਲਜ਼, ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ, ਸਫਾ-28, ਪ੍ਰਗਤੀ ਪ੍ਰਕਾਸ਼ਨ, ਮਾਸਕੋ।
2. ਗੈਨਰਿਖ਼ ਵੋਲਕੋਵ, ਇਕ ਪ੍ਰਤਿਭਾ ਦਾ ਜਨਮ, ਸਫਾ-111, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1981
3. ਕਾਰਲ ਮਾਰਕਸ, ਸਰਮਾਇਆ (ਜਿਲਦ-1), ਸਫਾ-34, ਨਵਯੁਗ ਪਬਲਿਸ਼ਰ, ਦਿੱਲੀ, 1978
4.ਉਹੀ
5. ਗੈਨਰਿਖ ਵੋਲਕੋਵ, ਇਕ ਪ੍ਰਤਿਭਾ ਦਾ ਜਨਮ, ਸਫਾ-235, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1981
6. ਉਹੀ, ਸਫਾ-53
7. ਮਾਰਕਸ-ਏਂਗਲਜ਼, ਜਰਮਨ ਆਈਡੀਆਲੋਜੀ (ਅੰਗਰੇਜ਼ੀ), ਸਫਾ-18, ਪ੍ਰੋਗਰੈਸ ਪਬਲਿਸ਼ਰ, ਮਾਸਕੋ, 1976
8. ਉਹੀ
9. ਕਾਰਲ ਮਾਰਕਸ, ਉਜਰਤ, ਕੀਮਤ ਤੇ ਮੁਨਾਫਾ, ਸਫਾ-9, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1974
10. ਉਹੀ, ਸਫਾ-10
11. ਕਾਰਲ ਮਾਰਕਸ, ਸਰਮਾਇਆ (ਜਿਲਦ-1), ਸਫਾ-91, ਨਵਯੁਗ ਪਬਲਿਸ਼ਰ, ਦਿੱਲੀ, 1978
12. ਉਹੀ, ਸਫਾ-391
13. ਉਹੀ, ਸਫਾ-504
14. ਉਹੀ, ਸਫਾ-462
15. ਥਿਉਡੋਰ ਅਡੋਰਨੋ-ਮੈਕਸ ਹਾਰਕਨੇਈਮਰ, ਦੀ ਕਲਚਰ ਇੰਡਸਟਰੀ (ਡਾਇਲੈਕਟਿਕ ਆਫ਼ ਐਨਲਾਈਟਨਮੈਂਟ 'ਚੋਂ) ਸਫਾ-1, ਪੀ. ਡੀ.ਐਫ.
16. ਪ੍ਰਭਾਤ ਪਟਨਾਇਕ 'ਸਾਮਰਾਜਵਾਦ-ਪੂੰਜੀਵਾਦ ਕੀ ਉਚਤਮ ਅਵਸਥਾ' ਦੀ ਭੂਮਿਕਾ, ਸਫਾ-33, ਗ੍ਰੰਥ ਸ਼ਿਲਪੀ ਦਿੱਲੀ 2001
17. ਉਹੀ, ਸਫਾ-35
18. ਉਹੀ।
19. ਰੋਜ਼ਾ ਲਕਸਮਬਰਗ, ਦੀ ਰੋਜ਼ਾ ਲਕਸਮਬਰਗ ਰੀਡਰ, ਸਫਾ-13 ਕਾਰਨਰਸਟੋਨ ਪਬਲੀਕੇਸ਼ਨ, ਖੜਗਪੁਰ, 2005

ਲੇਖ

# ਕਾਲਾ ਕਾਦਰ ਦੇ ਵਜ਼ੀਰ ਚਰਵਾਹੇ ਦਾ ਕਵੀ ਪੁੱਤਰ



(ਫ਼ੈਜ਼ ਅਹਿਮਦ ਫ਼ੈਜ਼ ਸਾਹਿਬ ਹੁਰਾਂ ਦੀ ਆਪਬੀਤੀ ਦੇ ਦੋ ਕਾਂਡ, ਜਿਹਨਾਂ ਨੂੰ ਪਰਸਿੱਧ ਲੇਖਕ ਅਤੇ ਖੋਜੀ ਅਹਿਮਦ ਸਲੀਮ ਹੁਰਾਂ ਨੇ ਉਨ੍ਹਾਂ ਦੇ ਬਿਆਨ ਅਨੁਸਾਰ ਤਰਤੀਬ ਦਿੱਤੀ)

**ਪੰਜਾਬੀ ਰੂਪ: ਜੋਗਿੰਦਰ ਸ਼ਮਸ਼ੇਰ (ਵੈਨਕੂਵਰ)**

ਦੋ ਭਰਾ ਹੁੰਦੇ ਸਨ ਕਾਲਾ ਤੇ ਕਾਦਰ, ਪਤਾ ਨਹੀਂ ਕੌਣ ਸਨ, ਕੀ ਕਰਦੇ ਸਨ, ਪਰ ਸਿਆਲਕੋਟ ਦੀ ਇੱਕ ਤਹਿਸੀਲ ਨਾਰੋਵਾਲ ਦੇ ਇਲਾਕੇ ਵਿਚ ਇੱਕ ਬਹੁਤ ਹੀ ਛੋਟਾ ਜਿਹਾ ਪਿੰਡ ਉਨ੍ਹਾਂ ਦੇ ਨਾਮ ਤੇ ਵਸਦਾ ਹੈ। ਕਾਲਾ ਕਾਦਰ ਪਿੰਡ। ਮੇਰੇ ਵਾਲਦ ਉਸੇ ਪਿੰਡ ਦੇ ਇੱਕ ਨਿਰਧਨ ਅਤੇ ਨਾਦਾਰ ਘਰਾਣੇ ਦੇ ਚਸ਼ਮੋ ਚਿਰਾਗ਼ ਸਨ। ਉਨ੍ਹਾਂ ਦੇ ਘਰ ਮਿੱਟੀ ਦਾ ਦੀਵਾ ਸ਼ਾਮ ਹੁੰਦਿਆਂ ਹੀ ਬੁਝਾ ਦਿੱਤਾ ਜਾਂਦਾ ਸੀ, ਤਾਂਕਿ ਤੇਲ ਦੀ ਬੱਚਤ ਹੋ ਸਕੇ। ਪਿੰਡ ਦੇ ਬਾਹਰਵਾਰ ਇੱਕ ਪਰਾਇਮਰੀ ਸਕੂਲ ਸੀ, ਕੁਝ ਬੱਚੇ ਸਾਡੇ ਪਿੰਡ ਦੇ ਉਸ ਸਕੂਲ ਜਾਂਦੇ ਸਨ, ਸਾਡੇ ਅੱਬਾ ਦੇ ਅੱਬਾ ਜੀ ਸਾਹਿਬਜ਼ਾਦਾ ਖ਼ਾਨ ਇੱਕ ਸਾਧਾਰਨ ਕਿਸਾਨ ਸਨ, ਇਸ ਪੋਜ਼ੀਸ਼ਨ ਵਿਚ ਨਹੀਂ ਸਨ, ਕਿ ਪਰਾਇਮਰੀ ਸਕੂਲ ਵਿਚ ਵਿਦਿਆ ਦਾ ਜੋ ਗਹਿਣਾ ਵੰਡ ਹੁੰਦਾ ਸੀ, ਉਸ ਵਿਚ ਸਾਡੇ ਅੱਬਾ ਨੂੰ ਹਿੱਸੇਦਾਰ ਬਣਾ ਸਕਣ।

## ਸਾਡੇ ਅੱਬਾ!

ਸਾਡੇ ਅੱਬਾ ਦਾ ਕਹਿਣਾ ਹੈ, ਕਿ ਉਨ੍ਹਾਂ ਨੂੰ ਉਨ੍ਹਾਂ ਬਚਿੱਆਂ ਤੇ ਰਸ਼ਕ ਆਉਂਦਾ ਹੁੰਦਾ ਸੀ। ਜਦ ਉਹ ਸਕੂਲ ਜਾਂਦੇ ਸਨ ਤਾਂ ਉਨ੍ਹਾਂ ਦੇ ਦਿਲ ਤੇ ਕਿਆਮਤ ਲੰਘਦੀ ਸੀ ਪਰ ਕਰ ਕੁਝ ਨਹੀਂ ਸਕਦੇ ਸਨ। ਜਦ ਉਹ ਪੰਜਾਂ ਵਰ੍ਹਿਆਂ ਦੇ ਹੋਏ ਤਾਂ ਗ਼ਰੀਬਾਂ ਦੀ ਰਵਾਇਤ ਅਨੁਸਾਰ ਉਨ੍ਹਾਂ ਨੂੰ ਪੜ੍ਹਨ ਦੀ ਬਜਾਏ ਰੋਟੀ ਕਮਾਉਣ ਦੀ ਕਲਾ ਸਿਖਾਈ ਗਈ। ਪਿੰਡ ਵਾਲਿਆਂ ਨੇ ਸਾਡੇ ਅੱਬਾ ਨੂੰ ਪਸੂ ਚਾਰਨ ਤੇ ਲਾ ਦਿੱਤਾ। ਅਤੇ ਇਸ ਸੇਵਾ ਦੇ ਮੁਆਵਜ਼ੇ ਵਿਚ ਉਨ੍ਹਾਂ ਦੀ ਰੋਟੀ ਦਾ ਖ਼ਰਚ ਬਰਦਾਸਤ ਕਰ ਲਿਆ। ਹੁਣ ਅੱਬਾ ਸਵੇਰੇ ਸਵਖਤੇ ਵੱਗ ਲੈ ਕੇ ਪਿੰਡੋਂ ਬਾਹਰ ਚਲੇ ਜਾਂਦੇ। ਵਾਗੀ ਪੁਣਾ ਕਰਦੇ, ਪਸੂ ਘਾਹ ਚਰਦੇ ਅਤੇ ਉਹ ਕਿਸੇ ਰੁੱਖ ਦੀ ਛਾਂ ਹੇਠ ਬੈਠੇ ਦੂਰ ਸਕੂਲ ਅਤੇ ਉਸ ਵਿਚ ਵਿਦਿਆਰਥੀਆਂ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦੇ। ਰੁੰਡ ਮੁੰਡ ਰੁੱਖਾਂ ਦੇ ਹੇਠ ਬੈਠੇ ਉਨ੍ਹਾਂ ਦੇ ਦਿਲ ਤੇ ਕੀ ਗੁਜ਼ਰਦੀ ਹੋਵੇਗੀ? ਫਿਰ ਇੱਕ ਦਿਨ ਪਸ਼ੂਆਂ ਨੂੰ ਖੇਤਾਂ ਵਿਚ ਚਰਦੇ ਛੱਡ ਕੇ ਸਕੂਲ ਚਲੇ ਗਏ। ਸਕਲੂ ਮਾਸਟਰ ਨੇ ਪੁੱਛਿਆ, ਕਿਵੇਂ ਆਇਆ ਏਂ? ਅੱਬਾ ਨੇ ਬੜੀ ਦਲੇਰੀ ਅਤੇ ਵਿਸ਼ਵਾਸ ਪੂਰਵਕ ਕਿਹਾ, "ਮੈਂ ਪੜ੍ਹਨਾ ਚਾਹੁੰਦਾ ਹਾਂ"। ਉਸਤਾਦ ਨੇ ਵਾਗੀ ਬੱਚੇ ਨੂੰ ਦੇਖਿਆ ਜੋ ਉਸ ਵੱਲ ਅੱਖਾਂ ਪਾੜ ਪਾੜ ਦੇਖ ਰਿਹਾ ਸੀ ਅਤੇ ਉਸ ਦੇ ਫ਼ੈਸਲੇ ਦਾ ਉਡੀਕਵਾਨ ਸੀ। ਮਾਸਟਰ ਨੇ ਕਿਹਾ, ਕਿ ਅੱਛਾ "ਫਿਰ ਰੋਜ਼ ਆ ਜਾਇਆ ਕਰ"। ਇਹ ਸੁਣਦਿਆਂ ਹੀ ਵਾਲਦ (ਪਿਤਾ) ਖ਼ੁਸ਼ੀ ਦੀ ਅਵਸਥਾ ਵਿਚ ਆ ਗਏ, ਕਹਿੰਦੇ ਸਨ, ਮੈਂ ਮਾਰੇ ਖ਼ੁਸ਼ੀ ਦੇ ਪਾਗਲ ਹੋ ਗਿਆ।" "ਫਿਰ ਰੋਜ਼ ਆ ਜਾਇਆ

ਕਰ " ਨੇ ਮੈਨੂੰ ਈਦ ਦੇ ਚੰਦ ਦੀ ਖ਼ੁਸ਼ੀ ਤੋਂ ਹਜ਼ਾਰ ਗੁਣਾਂ ਵੱਧੇਰੇ ਖ਼ੁਸ਼ੀ ਦਿੱਤੀ। ਮੈਂ ਬਿਲਕੁਲ ਨਸ਼ੇ ਦੀ ਹਾਲਤ ਵਿਚ ਸੀ। ਜ਼ਰਾ ਸੰਭਲਿਆ ਤਾਂ ਸਰਪੱਟ ਦੌੜਿਆ, ਪਸ਼ੂ ਲਏ ਤੇ ਘਰ ਪਹੁੰਚਾ। ਘਰ ਦਾ ਹਰ ਜੀ ਮਹਿਸੂਸ ਕਰ ਰਿਹਾ ਸੀ ਕਿ ਅੱਜ ਮੈਂ ਵੱਖਰਾ ਹਾਂ। ਖ਼ੁਸ਼ੀ ਅਤੇ ਪ੍ਰਸ਼ੰਸਾ ਮੇਰੇ ਸਰੀਰ ਦੇ ਰੋਮ ਰੋਮ ਵਿਚੋਂ ਫ਼ੁੱਟ ਰਹੀ ਸੀ। ਦੂਜੇ ਦਿਨ ਮੈਂ ਪਿੰਡ ਦੇ ਪਸੂ ਇਕੱਠੇ ਕੀਤੇ ਅਤੇ ਨੱਚਦਾ, ਗਾਉਂਦਾ ਉਨ੍ਹਾਂ ਨੂੰ ਖੇਤਾਂ ਵਿਚ ਲੈ ਗਿਆ। ਪਸੂ ਖੇਤਾਂ ਵਿਚ ਘਾਹ ਨਾਲ ਆਪਣੀ ਤਰਿਸ਼ਨਾ ਮਿਟਾ ਰਹੇ ਸਨ ਅਤੇ ਮੈਂ ਸਕੂਲ ਵਿਚ ਗਿਆਨ ਦੇ ਦਰਿਆ ਦੀ ਪਹਿਲੀ ਬੂੰਦ ਨਾਲ ਆਪਣੇ ਅੰਦਰ ਭੜਕਦੀ ਹੋਈ ਪਿਆਸ ਬੁਝਾਉਣ ਲੱਗਾ। ਅਲਫ਼ ਬੇ ਮੇਰੇ ਲਈ ਇੰਝ ਸਨ, ਜਿਵੇਂ ਕਿਸੇ ਨੰਗੇ ਬੱਚੇ ਲਈ ਬਹੁਤ ਸੁੰਦਰ ਪੋਸ਼ਾਕ, ਜਿਵੇਂ ਕਿਸੇ ਭੁੱਖੇ ਲਈ ਸੁਆਦੀ ਭੋਜਨ, ਜਿਵੇਂ ਕਿਸੇ ਅੰਨ੍ਹੇ ਨੂੰ ਦੋ ਅੱਖਾਂ ਮਿਲ ਗਈਆਂ ਹੋਣ। ਮਾਸਟਰ ਜੀ ਨੇ ਮੈਨੂੰ ਪਹਿਲਾਂ ਸਬਕ ਪੜ੍ਹਾਇਆ, ਮੇਰੀਆਂ ਪ੍ਰੇਸ਼ਾਨੀਆਂ ਦੇਖ ਕੇ ਕਹਿਣ ਲੱਗੇ। "ਓਏ ਮੁੰਡਿਆ ਤੂੰ ਪੜ੍ਹਨਾ ਏਂ ਕਿ ਕਿ ਮੱਝਾਂ ਚਾਰਨੀਆਂ ਹਨ?" ਮੈਂ ਆਪਣੇ ਆਪ ਉਤੇ ਕਾਬੂ ਪਾ ਕੇ ਕਿਹਾ, " ਜੀ ਪੜ੍ਹਨਾ ਵੀ ਏ ਤੇ ਮੱਝਾਂ ਵੀ ਚਾਰਨੀਆਂ ਹਨ"। "ਤੇ ਫਿਰ ਧਿਆਨ ਨਾਲ ਕੰਮ ਕਰ, ਇਹ ਤਾਂ ਔਖਾ ਪੈਂਡਾ ਏ"। ਇਸ ਗਲ ਨੂੰ ਮੈਂ ਕਦੀ ਵੀ ਨਹੀਂ ਭੁਲਿਆ। ਹੁਣ ਕਲਾਸ ਵਿਚ ਸਬਕ ਪੜ੍ਹਦਾ ਸਾਂ ਅਤੇ ਪਸ਼ੂ ਚਾਰਦਾ ਸਬਕ ਯਾਦ ਕਰ ਲੈਂਦਾਂ ਸਾਂ। ਇਹ ਪੜ੍ਹਨ ਪੜ੍ਹਾਉਣ ਦਾ ਅਤੇ ਗਾਈਆਂ ਮੱਝਾਂ ਦੀ ਦੇਖ ਭਾਲ ਦਾ ਸਿਲਸਿਲਾ ਕਈ ਵਰ੍ਹੇ ਚਲਦਾ ਰਿਹਾ। ਫਿਰ ਪਰਾਇਮਰੀ ਦਾ ਆਖ਼ਰੀ ਇਮਤਿਹਾਨ ਹੋਇਆ। ਮੈਂ ਬੜੇ ਸ਼ੌਕ ਨਾਲ ਇਮਤਿਹਾਨ ਦਿੱਤਾ। ਹੁਣ ਜਦੋਂ ਨਤੀਜਾ ਨਿਕਲਿਆ ਤਾਂ ਮਾਸਟਰ ਨੇ ਮੈਨੂੰ ਬੁਲਾ ਕੇ ਦਸਿਆ ਕਿ ਮੈਂ ਅੱਵਲ ਆਇਆ ਹਾਂ ਅਤੇ ਮੈਨੂੰ ਵਜ਼ੀਫ਼ਾ ਮਿਲਿਆ ਹੈ।

## ਅੱਬਾ ਦਾ ਵਜ਼ੀਫ਼ਾ ਅਤੇ ਵਿਦਿਆ:

ਉਸ ਜ਼ਮਾਨੇ ਵਿਚ ਵਜ਼ੀਫ਼ਾ ਵੀ ਕੋਈ ਦੋ ਰੁਪਈਏ ਹੋਵੇਗਾ। ਸ਼ਾਇਦ ਦੋ ਰੁਪਈਏ ਸੀ ਅਤੇ ਵਾਲਦ ਸਾਹਿਬ ਨੂੰ ਪਿੰਡ ਵਾਲੇ ਵੀ ਮਹੀਨੇ ਦੇ ਇਹੀ ਕੋਈ ਦੋ ਰੁਪਈਏ ਦੇ ਬਰਾਬਰ ਹੀ ਕਣਕ ਦਿੰਦੇ ਹੁੰਦੇ ਸਨ। ਹੁਣ ਪਰਾਇਮਰੀ ਵਿਚੋਂ ਵਧੀਆ ਨੰਬਰਾਂ ਨਾਲ ਪਾਸ ਹੋਣ ਉਪ੍ਰੰਤ ਉਨ੍ਹਾਂ ਦੀ ਗਿਆਨ ਦੀ ਤ੍ਰੇਹ ਬੁਝਣ ਦੀ ਥਾਂ ਹੋਰ ਤੇਜ਼ ਹੋ ਗਈ। ਹੁਣ ਪਿੰਡ ਦੇ ਨੇੜੇ ਕੋਈ ਮਿਡਲ ਸਕੂਲ ਨਹੀਂ ਸੀ। ਮਿਡਲ ਸਕੂਲ ਜ਼ਰਾ ਦੂਰ ਮੱਦੋ ਪਿੰਡ ਵਿਚ ਸੀ। ਹੁਣ ਸਮੱਸਿਆ ਇਹ ਸਾਹਮਣੇ ਆਈ ਕਿ ਜੇ ਇਸ ਮਿਡਲ ਸਕੂਲ ਵਿਚ ਜਾਂਦੇ ਹਨ ਤਾ ਪਸੂ ਨਹੀਂ ਚਰਾ ਸਕਦੇ ਅਤੇ ਇੰਝ ਘਰ ਦੋ ਰੁਪਈਏ ਮਹੀਨੇ ਦੀ ਆਮਦਨ ਤੋਂ ਵਾਂਝਾ ਹੋ ਜਾਂਦਾ ਹੈ। ਸਾਡੇ ਵਾਲਦ ਸਾਹਿਬ ਨੇ ਆਪਣੇ ਵਾਲਦ ਨੂੰ ਦੱਸਿਆ ਕਿ ਜੋ ਦੋ ਰੁਪਈਏ ਵਜ਼ੀਫ਼ੇ ਦੇ ਮਿਲਣਗੇ, ਉਹ ਘਰ ਦੇ ਦਿਆ ਕਰੇਗਾ ਅਤੇ ਇੰਝ ਉਨ੍ਹਾਂ ਆਪਣੇ ਵਾਲਦ ਨੂੰ ਮਨਾ ਲਿਆ ਕਿ ਇਹ ਮਿਡਲ ਸਕੂਲ ਚਲੇ ਜਾਣ। ਪਿੰਡ ਵਾਲੇ ਵੀ ਰਾਜ਼ੀ ਹੋ ਗਏ। ਅਤੇ ਸਾਡੇ ਵਾਲਦ ਸਾਹਿਬ ਇੱਕ ਨਵੀਂ ਮੰਜ਼ਿਲ ਦੇ ਪਾਂਧੀ ਹੋ ਕੇ ਮਿਡਲ ਸਕੂਲ ਚਲੇ ਗਏ।

ਹੁਣ ਉਹ ਪ੍ਰਤੀ ਦਿਨ ਤਿੰਨ ਚਾਰ ਮੀਲ ਪੈਦਲ ਚੱਲ ਕੇ ਮਿਡਲ ਸਕੂਲ ਪੜ੍ਹਨ ਜਾਂਦੇ ਸਨ। ਖੇਡਦੇ ਕੁੱਦਦੇ, ਖ਼ੁਸ਼ੀ ਖ਼ੁਸ਼ੀ ਸਕੂਲ ਜਾ ਰਹੇ ਹਨ। ਰਾਹ ਵਿਚ ਮੱਝਾਂ ਗਾਈਆਂ ਉਨ੍ਹਾਂ ਨੂੰ ਦੇਖ ਕੇ ਘਾਹ ਚਰਨਾ ਛੱਡ ਦਿੰਦੀਆਂ ਸਨ। ਇੱਥੇ ਇਮਤਿਹਾਨ ਵਿਚ ਉਨ੍ਹਾਂ ਵਧੀਆ ਪੋਜ਼ੀਸ਼ਨ ਹਾਸਲ ਕੀਤੀ। ਪਰ ਉਸ ਸਮੇਂ ਇਸ ਇਲਾਕੇ ਵਿਚ ਕੋਈ ਹਾਈ ਸਕੂਲ ਨਹੀਂ ਸੀ। ਉਨ੍ਹਾਂ ਦੇ ਜ਼ਿਹਨ ਅਤੇ ਉਨ੍ਹਾਂ ਦੀ ਕਿਸਮਤ ਤੇ ਫਿਰ ਕਾਲੇ ਬੱਦਲ ਘਿਰ ਕੇ ਛਾ ਗਏ। ਪਤਾ ਨਹੀਂ ਉਨ੍ਹਾਂ ਕਿਵੇਂ ਪਤਾ ਕੀਤਾ ਕਿ ਲਾਹੌਰ ਮੋਚੀ ਦਰਵਾਜ਼ੇ ਇੱਕ ਹਾਈ ਸਕੂਲ ਹੈ ਅਤੇ ਉਸਦੇ ਨੇੜੇ ਇੱਕ ਚੀਨੀਓਂ ਵਾਲੀ ਮਸਜਿਦ। ਚੀਨੀਓਂ ਵਾਲੀ ਮਸਜਿੱਦ ਵਿਚ ਛੋਟੇ ਛੋਟੇ ਹੁਜਰੇ ਹਨ, ਇਥੇ ਵਿਦਿਆਰਥੀਆਂ ਅਤੇ ਰਹਿਣ ਵਾਲਿਆਂ ਨੂੰ ਰਿਹਾਇਸ਼ ਅਤੇ ਰੋਟੀ ਮੁਫ਼ਤ ਮਿਲ ਜਾਂਦੀ ਹੈ। ਸਾਡੇ ਅੱਬਾ ਜੀ ਨੇ ਜੋ ਇਰਾਦੇ ਦੇ ਬੜੇ ਪੱਕੇ ਸਨ, ਇਰਾਦਾ ਬਣਾ ਲਿਆ ਕਿ ਚੀਨੀਓਂ ਵਾਲੀ ਮਸਜਿਦ ਤੇ ਕਬਜ਼ਾ ਕਰੋ ਅਤੇ ਮੋਚੀ ਦਰਵਾਜ਼ੇ ਚਲੋ। ਉਨ੍ਹਾ ਨੇ ਠਾਣ ਲਿਆ ਕਿ ਕਿ ਉਥੋਂ ਦੇ ਹਾਈ ਸਕੂਲ ਵਿਚ ਦਾਖ਼ਲ ਹੋਣਾ ਹੀ ਹੋਣਾ ਹੈ। ਉਨ੍ਹਾਂ ਦੇ ਇਸ ਇਰਾਦੇ ਨਾਲ ਪਿੰਡ ਦਾ ਕੋਈ ਜੀ ਵੀ ਖ਼ੁਸ਼ ਨਹੀਂ ਸੀ ਪਰ ਉਨ੍ਹਾਂ ਨੇ ਸਫ਼ਰ ਦੀ ਤਿਆਰੀ ਕਰ ਲਈ। ਬਾਜਰੇ ਦੀ ਰੋਟੀ, ਗੁੜ ਅਤੇ ਕੁਝ ਕਿਤਾਬਾਂ ਬੰਨ੍ਹ ਲਈਆਂ ਅਤੇ ਲਾਹੌਰ ਮੋਚੀ ਦਰਵਾਜ਼ੇ ਵਾਲੀ ਮਸਜਿਦ ਵਿਚ ਪਹੁੰਚ ਗਏ। ਉਨ੍ਹਾਂ ਦੀ ਸੂਚਨਾ ਸਹੀ ਸੀ। ਉਨ੍ਹਾਂ ਨੂੰ ਹੁਜਰੇ ਵਿਚ ਰਹਿਣ ਦੀ ਆਗਿਆ ਮਿਲ ਗਈ। ਉਥੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਮੁਹੱਲੇ ਵਾਲੇ ਮਿਲ ਕੇ ਜਿੰਨੇ ਮੁਸਾਫ਼ਿਰ ਇਸ ਮਸਜਿਦ ਵਿਚ ਹਾਜ਼ਰ ਹੋਣ ਉਨ੍ਹਾਂ ਲਈ ਖਾਣਾ ਭੇਜ ਦਿੰਦੇ ਹਨ। ਆਉਣ ਜਾਣ ਵਾਲੇ ਮੁਸਾਫ਼ਿਰਾਂ ਵਿਚੋਂ ਇਹ ਨੌਜਵਾਨ ਪੱਕਾ ਮੁਸਾਫ਼ਿਰ ਸੀ। ਮਸਜਿਦ ਦੇ ਅਮਾਮ ਨੇ ਉਸਦੀ ਕਾਬਲੀਅਤ ਦੇਖ ਕੇ ਉਸਨੂੰ ਹਾਈ ਸਕੂਲ ਵਿਚ ਦਾਖ਼ਲਾ ਵੀ ਲੈ ਦਿੱਤਾ। ਹੁਣ ਇਹ ਮਸਜਿਦ ਦਾ ਕੰਮ ਵੀ ਕਰਦੇ ਸਨ, ਰੋਜ਼ੇ ਵੀ ਰਖਦੇ ਸਨ, ਕੁਰਾਨ ਸ਼ਰੀਫ਼ ਦਾ ਪਾਠ ਵੀ ਬੜੀ ਸੁਰੀਲੀ ਆਵਾਜ਼ ਵਿਚ ਕਰਦੇ ਅਤੇ ਦੇਖਦੇ ਹੀ ਦੇਖਦੇ ਉਨ੍ਹਾਂ ਨੇ ਉਹ ਕੁਝ ਕਰ ਦਿਖਾਇਆ ਜੋ ਸਾਡੇ ਕੋਲੋਂ ਹੁਣ ਤੱਕ ਨਹੀਂ ਹੋ ਸਕਿਆ। ਸਾਰਾ ਮੁਹੱਲਾ ਉਨ੍ਹਾਂ ਦਾ ਚਾਹਵਾਨ, ਸਕੂਲ ਵਿਚ ਹਰ ਅਧਿਆਪਕ ਉਨ੍ਹਾਂ ਦਾ ਪ੍ਰੇਮੀ, ਅਤੇ ਮਸਜਿਦ ਦਾ ਅਮਾਮ ਉਨ੍ਹਾਂ ਦੀ ਕਾਬਲੀਅਤ, ਵਿਦਵਤਾ, ਲਿਆਕਤ ਅਤੇ ਵਧੀਆ ਚਲਣ ਤੇ ਵਾਰੇ ਵਾਰੇ ਜਾਣ ਵਾਲਾ।

## ਮਿਹਨਤ ਮਜ਼ਦੂਰੀ:

ਹੁਣ ਪਿਤਾ ਜੀ ਦਿਨ ਵਿਚ ਸਕੂਲ ਜਾਂਦੇ, ਦੁਪਹਿਰ ਅਤੇ ਸ਼ਾਮ ਸਮੇ ਮਸਜਿਦ ਦਾ ਕੰਮ ਕਰਦੇ, ਖਾਣਾ ਮੁਹੱਲੇ ਤੋਂ ਆ ਜਾਂਦਾ ਅਤੇ ਫਿਰ ਰਾਤ ਨੂੰ ਨਿਸ਼ਾ ਦੀ ਨਿਮਾਜ਼ ਤੋਂ ਬਾਅਦ ਲਾਹੌਰ ਰੇਲਵੇ ਸਟੇਸ਼ਨ ਚਲੇ ਜਾਦੇ। ਉਥੇ ਉਹ ਰਾਤ ਗਏ ਤੱਕ ਕੁਲੀ ਦਾ ਕੰਮ ਕਰਦੇ। ਇੰਝ ਜੋ ਰਕਮ ਇੱਕਠੀ ਹੁੰਦੀ ਉਹ ਘਰ ਵਾਲਿਆਂ ਨੂੰ ਭੇਜ ਦਿੰਦੇ। ਇੱਕ ਦਿਨ ਉਸ ਮਸਜਿਦ ਵਿਚ ਅਫ਼ਗਾਨਿਸਤਾਨ ਦਾ ਕੌਂਸਲਿਰ ਸਰਦਾਰ

ਅਮੀਰ ਮੁਹੰਮਦ ਖ਼ਾਂ ਜੁੰਮੇ ਦੀ ਨਿਮਾਜ਼ ਪੜ੍ਹਨ ਆਇਆ, ਉੱਥੇ ਪਿਤਾ ਜੀ ਫ਼ਾਰਸੀ ਅਤੇ ਅੰਗ੍ਰੇਜ਼ੀ ਦੋਨੋ ਜ਼ਬਾਨਾਂ ਫ਼ਰ ਫ਼ਰ ਬੋਲਦੇ ਸਨ। ਕੌਂਸਲਿਰ ਉਨ੍ਹਾਂ ਤੋਂ ਬਹੁਤ ਖ਼ੁਸ਼ ਹੋਇਆ, ਅਤੇ ਉਨ੍ਹਾਂ ਤੋਂ ਅੰਗ੍ਰੇਜ਼ੀ ਸਿੱਖਣੀ ਸ਼ੁਰੂ ਕਰ ਦਿਤੀ, ਅਤੇ ਫਿਰ ਫ਼ਾਰਸੀ ਤੋਂ ਅੰਗ੍ਰੇਜ਼ੀ ਵਿਚ ਤਰਜਮੇ ਵੀ ਉਨ੍ਹਾਂ ਤੋਂ ਕਰਵਾਣ ਲੱਗਾ।

## ਅਫ਼ਗ਼ਾਨ ਕੌਂਸਲਰ:

ਅਫ਼ਗ਼ਾਨ ਕੌਂਸਲਰ ਸਰਹੰਦ ਸ਼ਰੀਫ਼ ਵਾਲਿਆਂ ਦਾ ਬਹੁਤ ਸ਼ਰਧਾਲੂ ਸੀ, ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਅਮੀਰ ਅਬਦੁਲ ਰਹਿਮਾਨ ਇਕ ਸਾਲ ਉਰਸ ਤੇ ਸਰਹੰਦ ਸ਼ਰੀਫ ਆਪ ਆਇਆ ਸੀ. ਸ਼ਾਇਦ ਇੱਕ ਚਿਨਿਓਟੀ ਅਬਦੁਲ ਹਲੀਮ ਕੱਪੜੇ ਵਾਲੇ ਨੇ ਉਥੇ ਇੱਕ ਅਫ਼ਗ਼ਾਨ ਮਹਿਲ ਵੀ ਉਸਰਵਾਇਆ ਸੀ। ਮੇਰੇ ਖ਼ਿਆਲ ਵਿਚ ਉਹ ਮਹੱਲ ਅਜੇ ਵੀ ਉਥੇ ਹੋਂਦ ਵਿੱਚ ਹੈ। ਇੱਕ ਵਾਰ ਕੌਂਸਲਰ ਸਾਡੇ ਵਾਲਦ ਸਾਹਿਬ ਨੂੰ ਨਾਲ ਲੈ ਕੇ ਸਰਹੰਦ ਸ਼ਰੀਫ਼ ਗਿਆ, ਉਥੇ ਉਸ ਤੋਂ ਪਿੱਛੋਂ ਉਹ ਕਈ ਵਾਰ ਕੌਂਸਲਰ ਦੇ ਨਾਲ ਉਥੇ ਜ਼ਿਆਰਤ ਲਈ ਜਾਂਦੇ ਰਹੇ। ਇੱਕ ਵਾਰ ਇਹ ਸਰਦਾਰ ਅਮੀਰ ਮੁਹੰਮਦ ਦੇ ਨਾਲ ਸਰਹੰਦ ਸ਼ਰੀਫ਼ ਵਿਚ ਨਮਾਜ਼ ਅਦਾ ਕਰ ਰਹੇ ਸਨ। ਇਸ਼ਾ ਦੀ ਨਮਾਜ਼ ਸੀ, ਨਮਾਜ਼ ਪੜ੍ਹਦੇ ਹੋਏ ਇਹ ਬੇਹੋਸ਼ੀ ਦੇ ਸੰਸਾਰ ਵਿਚ ਲੀਨ ਹੋ ਗਏ ਅਤੇ ਸੁਪਨੇ ਜਿਹੇ ਦੀ ਦਸ਼ਾ ਵਿਚ ਕੀ ਦੇਖਦੇ ਹਨ ਕਿ ਸਰਹੰਦ ਵਾਲੇ ਕਹਿ ਰਹੇ ਹਨ, ਕਿ ਤੂੰ ਇੱਕ ਦਿਨ ਅਫ਼ਗ਼ਾਨਿਸਤਾਨ ਦਾ ਵਜ਼ੀਰ ਬਣੇਂਗਾ। ਇਹ ਡਿਗ ਪਏ, ਜਦ ਸੁਰਤ ਸੰਭਾਲੀ ਤਾਂ ਆਪਣੀ ਕਿਸਮਤ ਤੇ ਮੁਸਕਰਾਏ। ਉਨ੍ਹਾਂ ਨੂੰ ਚੀਨੀਓ ਵਾਲੀ ਮਸਜਿਦ ਦਾ ਹੁਜਰਾ, ਫੂਹੜੀ, ਮਿੱਟੀ ਦਾ ਘੜਾ, ਤੇ ਪਿਆਲਾ ਚੇਤੇ ਆਇਆ, ਪਾਣੀ ਪੀਤਾ ਤੇ ਫਿਰ ਇਬਾਦਤ ਵਿਚ ਰੁੱਝ ਗਏ।

## ਅਫ਼ਗ਼ਾਨਿਸਤਾਨ ਦਾ ਸ਼ਾਹੀ ਦਰਬਾਰ:

ਅਚਾਨਕ ਕੌਂਸਲਰ ਸਾਹਿਬ ਨੂੰ ਵਾਪਸ ਅਫ਼ਗ਼ਾਨਿਸਤਾਨ ਜਾਣਾ ਪੈ ਗਿਆ। ਉਹ ਸਾਡੇ ਵਾਲਦ ਸਾਹਿਬ ਨੂੰ ਨਾਲ ਹੀ ਲੈ ਗਏ। ਉਥੇ ਉਨ੍ਹਾਂ ਦੀ ਮੁਲਾਕਾਤ ਅਮੀਰ ਅਬਦੁਲ ਰਹਿਮਾਨ ਨਾਲ ਕਰਾਈ ਗਈ। ਹੁਣ ਸਾਡੇ ਵਾਲਦ ਸਾਹਿਬ ਅਮੀਰ ਦੀ ਸਾਰੀ ਚਿੱਠੀ ਪਤੱਰ ਦੇ ਇਨਚਾਰਜ ਹੋ ਗਏ। ਅੰਗ੍ਰੇਜ਼ੀ ਦੀਆਂ ਚਿੱਠੀਆਂ ਦਾ ਫ਼ਾਰਸੀ ਅਨੁਵਾਦ ਕਰਨਾ ਅਤੇ ਅਮੀਰ ਦੀਆਂ ਚਿੱਠੀਆਂ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕਰਨਾ ਉਨ੍ਹਾਂ ਦਾ ਕੰਮ ਸੀ। ਇੰਝ ਉਨ੍ਹਾਂ ਨੂੰ ਦੋਹਾਂ ਜ਼ਬਾਨਾਂ ਦੇ ਗਿਆਨ ਵਿਚ ਵਾਧੇ ਦੇ ਨਾਲ ਨਾਲ ਸਮੇਂ ਦੀ ਰਾਜਨੀਤੀ ਦੀ ਵੀ ਸੁੱਧ ਬੁੱਧ ਹੋ ਗਈ। ਅਮੀਰ ਅਬਦੁਲ ਰਹਿਮਾਨ ਸਾਡੇ ਵਾਲਦ ਸਾਹਿਬ ਤੋਂ ਬਹੁਤ ਖ਼ੁਸ਼ ਸਨ। ਉਸ ਨੇ ਉਨ੍ਹਾਂ ਨੂੰ ਕਈ ਇਨਾਮ ਇਕਰਾਮ ਵੀ ਦਿੱਤੇ। ਹੁਣ ਉਹ ਹੀਰੇ ਜਵਾਹਰਾਤਾਂ ਵਿਚ ਰਹਿੰਦੇ ਸਨ। ਇੱਕ ਦਿਨ ਅਮੀਰ ਨੇ ਉਨ੍ਹਾਂ ਨੂੰ ਮੀਰ ਮੁਣਸ਼ੀ (ਚੀਫ਼ ਸੈਕ੍ਰੇਟਰੀ) ਬਣਾ ਦਿੱਤਾ। ਹੁਣ ਉਨ੍ਹਾਂ ਦਾ ਬਹੁਤ ਦਬਦਬਾ ਸੀ। ਸਮਾਂ ਲੰਘਦਾ ਗਿਆ, ਅਤੇ ਸਮੇਂ ਦੇ ਨਾਲ ਨਾਲ ਉਨ੍ਹਾਂ ਦਾ ਮੁਕੱਦਰ ਵੀ ਚਮਕਦਾ ਗਿਆ। ਇਸ ਵਿਚਕਾਰ ਉਨ੍ਹਾਂ ਦਾ ਵਿਆਹ ਅਮੀਰ ਦੀ ਭਾਣਜੀ ਨਾਲ ਹੋ ਗਿਆ, ਅਤੇ ਉਹ ਅਮੀਰ ਦੇ ਟਿੱਕਾ ਸਾਹਿਬ (ਵੱਡੇ ਪੁੱਤਰ) ਅਮੀਰ ਹਬੀਬਉੱਲਾ ਦੇ ਅਧਿਆਪਕ ਨਿਯੁਕਤ ਹੋ ਗਏ। ਉਥੇ ਫਿਰ ਉਨ੍ਹਾਂ ਦੀ ਵਿਰੋਧਤਾ ਦਾ ਕਾਲ ਵੀ ਆਰੰਭ ਹੋ ਗਿਆ। ਦਰਬਾਰ ਵਿਚ ਹੋਰ ਲੋਕ ਵੀ ਤਾਂ ਹੁੰਦੇ ਸਨ। ਉਹ ਇਨ੍ਹਾਂ ਦੇ ਵਿਰੁੱਧ ਅਮੀਰ ਦੇ ਕੰਨ ਭਰਨ ਲੱਗੇ। ਪਰ ਅਮੀਰ ਇਨ੍ਹਾਂ ਤੇ ਇੰਨਾਂ ਦਿਆਲ ਅਤੇ ਪ੍ਰਸੰਨ ਸੀ, ਕਿ ਕਿਸੇ ਦੀ ਦਾਲ ਨਹੀਂ ਗਲਦੀ ਸੀ।

## ਲਿੱਲੀਜ ਹੈਮਿਲਟਿਨ:

ਉਥੇ ਇੱਕ ਅੰਗ੍ਰੇਜ਼ ਇਸਤਰੀ ਹੁੰਦੀ ਸੀ, ਉਸਦਾ ਨਾਮ ਡਾਕਟਰ ਲਿਲੀਜ਼ ਹੈਮਿਲਟਿਨ ਸੀ। ਕਾਫ਼ੀ ਪੜ੍ਹੀ ਲਿਖੀ ਸੀ। ਉਹ ਵੀ ਸਾਡੇ ਪਿਤਾ ਜੀ ਦੇ ਪੱਖ ਵਿਚ ਸੀ। ਇਹ ਦੋਨੋ ਆਪਸ ਵਿਚ ਸਲਾਹ ਮਸ਼ਵਰਾ ਕਰ ਲਿਆ ਕਰਦੇ ਸਨ।ਇੱਕ ਦਿਨ ਉਸ ਇਸਤਰੀ ਨੇ ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਬਾਦਸ਼ਾਹਾਂ ਦਾ ਕੋਈ ਭਰੋਸਾ ਨਹੀਂ, ਅੱਜ ਮਿਹਰਬਾਨ ਹਨ, ਕਲ ਨੂੰ ਦੇਸ਼ ਬਦਰ, ਘਰ ਬਰਬਾਦ ਅਤੇ ਕੰਗਲਾ ਵੀ ਕਰ ਸਕਦੇ ਹਨ। ਨਵਾਂ ਆਉਣ ਵਾਲਾ ਬਾਦਸ਼ਾਹ ਜੇ ਤੁਹਾਡੀ ਜਾਨ ਬਖ਼ਸ਼ੀ ਵੀ ਕਰ ਦੇਵੇ, ਤਾਂ ਵਿਸ਼ਵਾਸ ਪੂਰਵਕ ਕਿਰਪਾਲੂ ਨਹੀਂ ਹੋ ਸਕਦਾ। ਅਤੇ ਇਹ ਵੀ ਸੰਭਵ ਹੋ ਸਕਦਾ ਹੈ, ਕਿ ਤੁਹਾਡਾ ਅੱਜ ਦਾ ਮਿਹਰਬਾਨ ਬਾਦਸ਼ਾਹ ਕੱਲ੍ਹ ਨੂੰ ਕੰਨਾਂ ਦਾ ਕੱਚਾ ਹੋ ਜਾਵੇ। ਅਤੇ ਤੁਹਾਡੇ ਵਿਰੁੱਧ ਸਾਜ਼ਸਾਂ ਸਫ਼ਲ ਹੋ ਜਾਣ। ਇਸ ਲਈ ਜ਼ਰੂਰੀ ਹੈ ਕਿ ਹੁਣ ਤੋਂ ਹੀ ਅਗਾਂਹ ਦੀ ਚਿੰਤਾ ਕਰੋ। ਇਹ ਸੋਚ ਬਣੀ ਕਿ ਜਿੰਨਾ ਧਨ ਇਕੱਠਾ ਕੀਤਾ ਹੈ ਉਸ ਨੂੰ ਇਸਤਰੀ ਦੇ ਨਾਮ ਤੇ ਲੰਡਨ ਦੇ ਬੈਂਕ ਵਿਚ ਜਮ੍ਹਾਂ ਕਰਵਾਇਆ ਜਾਵੇ, ਤਾਂਕਿ ਪਿਛੋਂ ਲੋੜ ਵੇਲੇ ਕੰਮ ਆ ਸਕੇ। ਅਤੇ ਇਉਂ ਉਹ ਪਿਤਾ ਜੀ ਦੀ ਖ਼ਜ਼ਾਨਾ ਮੰਤਰੀ ਬਣ ਗਈ ਅਤੇ ਲੰਡਨ ਵਿਚ ਰੁਪਏ ਜਮ੍ਹਾਂ ਕਰਵਾਉਂਦੀ ਰਹੀ।

## ਅਫ਼ਗ਼ਾਨਿਸਤਾਨ ਤੋਂ ਵਾਪਸੀ ਅਤੇ ਜੇਲ ਵਿਚ ਬੰਦੀ:

ਪਿਤਾ ਜੀ ਜਦ ਅਫ਼ਗ਼ਾਨਿਸਤਾਨ ਗਏ ਸਨ ਤਾਂ ਪਿੰਡ ਦਾ ਇੱਕ ਆਦਮੀ ਨਾਲ ਲੈ ਗਏ ਸਨ। ਜੋ ਸ਼ਾਇਦ ਚੌਕੀਦਾਰ ਸੀ। ਉਸ ਦਾ ਨਾਮ ਅਮਾਮ ਬਖ਼ਸ਼ ਸੀ। ਉਹ ਹਮੇਸ਼ਾ ਉਨ੍ਹਾਂ ਦਾ ਸਨੇਹੀ ਅਤੇ ਸਹਾਇਕ ਰਿਹਾ। ਇੱਕ ਦਿਨ ਉਨ੍ਹਾਂ ਅਮਾਮ ਬਖ਼ਸ਼ ਨਾਲ ਸਲਾਹ ਕੀਤੀ ਕਿ

ਇੱਥੇ ਸਾਜ਼ਸ਼ਾਂ ਤੇਜ਼ ਹੋ ਰਹੀਆਂ ਹਨ, ਅਮੀਰ ਦੇ ਰਿਸ਼ਤੇਦਾਰ ਅਤੇ ਹੋਰ ਦਰਬਾਰੀ ਸਾਡੇ ਲਹੂ ਦੇ ਤਰਿਹਾਏ ਹੋ ਰਹੇ ਹਨ। ਚੰਗਾ ਇਹੀ ਹੈ ਕਿ ਹੁਣ ਵਾਪਸ ਹਿੰਦੁਸਤਾਨ ਚਲੀਏ। ਅਮਾਮ ਬਖ਼ਸ਼ ਨੇ ਹਾਂ ਵਿੱਚ ਹਾਂ ਮਿਲਾਈ।

ਇੱਕ ਹਨ੍ਹੇਰੀ ਰਾਤ ਉਨ੍ਹਾਂ ਨੇ ਦੋ ਘੋੜੀਆਂ ਤੇ ਕਾਠੀਆਂ ਪਾਈਆਂ, ਭੇਸ ਬਦਲੇ, ਅਤੇ ਕਾਬਲ ਤੋਂ ਹਿੰਦੁਸਤਾਨ ਲਈ ਰਕਾਬਾਂ ਵਿਚ ਪੈਰ ਪਾਏ ਅਤੇ ਹਿੰਦੁਸਤਾਨ ਵੱਲ ਚੱਲ ਪਏ। ਸਾਰੀ ਰਾਤ ਘੋੜੇ ਦੁੜਾਉਂਦੇ ਰਹੇ ਅਤੇ ਇੱਕ ਸਵੇਰ ਹਿੰਦੁਸਤਾਨ ਪਹੁੰਚ ਗਏ। ਇਥੇ ਪਹੁੰਚ ਕੇ ਉਨ੍ਹਾ ਲਾਹੌਰ ਦਾ ਰੁਖ਼ ਕੀਤਾ। ਅਤੇ ਜਦ ਲਾਹੌਰ ਵਿਚ ਅੰਗ੍ਰੇਜ਼ਾਂ ਨੂੰ ਪਤਾ ਲੱਗਾ, ਕਿ ਖ਼ਾਨ ਸਾਹਿਬ ਬਿਨਾ ਕਿਸੇ ਸੂਚਨਾ ਦੇ ਲਾਹੌਰ ਆ ਗਏ ਹਨ, ਤਾਂ ਉਨ੍ਹਾਂ ਦਾ ਮੱਥਾ ਠਣਕਿਆ, ਕੁਝ ਹੀ ਦਿਨਾਂ ਵਿਚ ਉਨ੍ਹਾਂ ਨੂੰ ਅਫ਼ਗ਼ਾਨਿਸਤਾਨ ਦੇ ਜਾਸੂਸ ਸਮਝ ਕੇ ਜੇਲ ਵਿਚ ਭਿਜਵਾ ਦਿੱਤਾ ਗਿਆ। ਉਧਰ ਅਮੀਰ ਹੈਰਾਨ ਕਿ ਇਨ੍ਹਾਂ ਇਹ ਕੀ ਕੀਤਾ। ਉਸ ਦੀ ਇੱਛਿਆ ਸੀ, ਕਿ ਉਹ ਵਾਪਸ ਆ ਜਾਣ। ਪਰ ਉਹ ਤਾਂ ਹੁਣ ਜੇਲ੍ਹ ਜਾ ਚੁੱਕੇ ਸਨ। ਉਹ ਕਮਾਲ ਦੇ ਹੌਂਸਲੇ ਅਤੇ ਜੁਰਅਤ ਵਾਲੇ ਪੁਰਸ਼ ਸਨ। ਜੇਲ੍ਹਖ਼ਾਨੇ ਵਿਚੋਂ ਹੀ ਉਨ੍ਹਾਂ ਨੇ ਕਿਵੇਂ ਨਾ ਕਿਵੇਂ ਲੰਡਨ ਵਾਲੀ ਉਸ ਇਸਤਰੀ ਨਾਲ ਸਬੰਧ ਸਥਾਪਤ ਕੀਤਾ। ਅਤੇ ਹਾਂ, ਉਹ ਇਸਤਰੀ ਵੀ ਲੰਡਨ ਜਾ ਚੁੱਕੀ ਸੀ। ਉਸ ਇਸਤਰੀ ਨੂੰ ਉਨ੍ਹਾਂ ਸਾਰੀ ਗੱਲ ਲਿਖੀ, ਉਸ ਨੇ ਲੰਡਨ ਵਿਚ ਕੋਈ ਅਜਿਹੀ ਸਕੀਮ ਲੜਾਈ ਕਿ ਸਾਡੇ ਪਿਤਾ ਜੀ ਰਿਹਾ ਕਰ ਦਿੱਤੇ ਗਏ।

## ਲੰਡਨ ਦਾ ਸਫ਼ਰ:

ਉਹ ਇਸਤਰੀ ਜ਼ੋਰ ਦੇ ਰਹੀ ਸੀ ਕਿ ਇਹ ਲੰਡਨ ਆ ਜਾਣ। ਇਨ੍ਹਾਂ ਨੇ ਵੀ ਇਸ ਵਿਚ ਭਲਾ ਸਮਝਿਆ। ਉਨ੍ਹੀਂ ਦਿਨੀਂ ਨਾ ਪਾਸਪੋਰਟ ਹੁੰਦਾ ਸੀ ਨਾ ਵੀਜ਼ਾ। ਅੱਜ ਕਲ ਵਾਂਗ "ਕੋਈ ਇਤਰਾਜ਼ ਨਹੀਂ" ਦੇ ਸਰਟੀਫ਼ਿਕੇਟ ਆਦਿ ਦੀ ਵੀ ਕੋਈ ਬਕਬਕ ਨਹੀਂ ਸੀ। ਉਥੇ ਜਾ ਕੇ ਉਨ੍ਹਾਂ ਕੈਂਬ੍ਰਿਜ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਲਿਆ। ਪਿਛੋਂ ਜਾ ਕੇ ਉਹ ਰਾਇਲ ਜੀਓਗਰਾਫ਼ੀਕਲ ਸੋਸਾਇਟੀ ਦੇ ਫ਼ੈਲੋ ਹੋ ਗਏ। ਰੁਪਏ ਪੈਸੇ ਦੀ ਘਾਟ ਨਹੀਂ ਸੀ। ਉਸ ਇਸਤਰੀ ਨੇ ਉਨ੍ਹਾਂ ਨੂੰ ਸਾਰਾ ਪੈਸਾ ਵਾਪਸ ਦੇ ਦਿੱਤਾ ਸੀ। ਹੁਣ ਉਹ ਪੜ੍ਹਦੇ ਸਨ, ਪੋਲੋ ਖੇਡਦੇ ਸਨ। ਉਥੋਂ ਦੇ ਉੱਚੇ ਹਲਕੇ ਵਿਚ ਉਨ੍ਹਾਂ ਦੀ ਪਹੁੰਚ ਸੀ। ਉਥੇ ਉਨ੍ਹਾਂ ਦੀ ਇੱਕ ਪ੍ਰਸਿਧ ਵਿਅਕਤੀ ਦੇ ਤੌਰ ਤੇ ਜਾਣ ਪਛਾਣ ਬਣੀ। ਇਸ ਵਿਚਕਾਰ ਅਫ਼ਗ਼ਾਨਿਸਤਾਨ ਦੇ ਅਮੀਰ ਨੂੰ ਪਤਾ ਲੱਗਾ ਕਿ ਹਜ਼ਰਤ ਲੰਡਨ ਵਿਚ ਹਨ ਅਤੇ ਵਿਦਿਆ ਪ੍ਰਾਪਤ ਕਰ ਰਹੇ ਹਨ। ਉਨ੍ਹਾ ਸਾਡੇ ਵਾਲਦ ਨੂੰ ਚਿੱਠੀ ਲਿਖੀ ਕਿ ਤੁਸੀਂ ਅਫ਼ਗ਼ਾਨਿਸਤਾਨ ਦੇ ਸਫ਼ੀਰ ਦੀ ਪਦਵੀ ਪ੍ਰਵਾਨ ਕਰ ਲਵੋ, ਅਤੇ ਜੇ ਕਾਬਲ ਨਹੀਂ ਆਉਣਾ ਚਾਹੁੰਦੇ ਤਾਂ ਫਿਰ ਇੱਥੇ ਸਾਡੇ ਪ੍ਰਤੀਨਿਧ ਦੀ ਹੈਸੀਅਤ ਵਿਚ ਅੰਗ੍ਰੇਜ਼ੀ ਸਰਕਾਰ ਨਾਲ ਸੰਪਰਕ ਸਥਾਪਤ ਕਰੋ। ਇੰਞ ਉਹ ਹੁਣ ਸਫ਼ੀਰ ਹੋ ਗਏ। ਕੈਂਬ੍ਰਿਜ ਤੋਂ ਵਿਹਲੇ ਹੋਏ ਤਾਂ ਬੈਰਿਸਟਰੀ ਦਾ ਸ਼ੌਕ ਕੁੱਦਿਆ। ਬੈਰਿਸਟਰੀ ਕਰਨੀ ਆਰੰਭ ਕਰ ਦਿੱਤੀ। ਇਹ ਉਹ ਸਮਾਂ ਸੀ, ਜਦੋਂ ਅਲਾਮਾ ਇਕਬਾਲ, ਸਰ ਸ਼ਫ਼ੀ, ਸਰ ਫ਼ਜ਼ਲ ਹੁਸੈਨ ਅਤੇ ਸਰ ਅਬਦੁਲ ਕਾਦਰ ਉਥੇ ਸਾਰੇ ਹੀ ਬੈਰਿਸਟਰੀ ਦਾ ਕੋਰਸ ਕਰ ਰਹੇ ਸਨ। ਇਨ੍ਹਾਂ ਦਾ ਮੇਲਜੋਲ ਉਨ੍ਹਾਂ ਨਾਲ ਉਥੇ ਹੋਇਆ। ਇਹ ਆਪਸ ਵਿਚ ਸਭ ਦੋਸਤ ਸਨ। ਪਰ ਸਾਡੇ ਵਾਲਦ ਸਾਹਿਬ ਦੇ ਠਾਠ ਬਾਠ ਕੁਝ ਹੋਰ ਹੀ ਸਨ। ਇਹ ਹਜ਼ਰਾਤ ਤਾਂ ਵਿਚਾਰੇ ਕੇਵਲ ਵਿਦਿਆਰਥੀ ਹੀ ਸਨ। ਖ਼ਰਚੇ ਦੀ ਔਖਿਆਈ ਰਹਿੰਦੀ ਸੀ। ਪਰ ਸਾਡੇ ਵਾਲਦ ਸਾਹਿਬ ਕੋਲ ਪਿਛਲੀ ਜਮ੍ਹਾਂ ਕੀਤੀ ਦੌਲਤ ਦੇ ਇਲਾਵਾ ਅਫ਼ਗ਼ਾਨ ਸਰਕਾਰ ਵਲੋਂ ਤਨਖ਼ਾਹ ਵੀ ਆਉਂਦੀ ਸੀ। ਉਹ ਤਾਂ ਡੀਊਕ ਆਫ਼ ਵਿੰਡਸਰ ਦੇ ਨਾਲ ਜੋ ਪਿਛੋਂ ਜਾ ਕੇ ਐਡਵਰਡ ਸਤਵਾਂ ਹੋ ਕੇ ਗੱਦੀ ਤੇ ਵੀ ਬੈਠਾ, ਪੋਲੋ ਖੇਡਦੇ ਹੁੰਦੇ ਸੀ। ਗੱਲ ਕਾਹਦੀ, ਉਨ੍ਹਾਂ ਬੈਰਸਿਟਰੀ ਬੜੇ ਮਜ਼ੇ ਤੇ ਆਰਾਮ ਨਾਲ ਪਾਸ ਕਰ ਲਈ।

## ਲੰਡਨ ਤੋਂ ਵਾਪਸੀ:

ਹੁਣ ਉਨ੍ਹਾਂ ਸਾਹਮਣੇ ਸਮੱਸਿਆ ਇਹ ਸੀ, ਕਿ ਵਾਪਸ ਹਿੰਦੁਸਤਾਨ ਜਾਇਆ ਜਾਏ ਜਾਂ ਅਫ਼ਗ਼ਾਨਿਸਤਾਨ। ਉਨ੍ਹਾਂ ਨੇ ਫ਼ੈਸਲਾ ਕੀਤਾ, ਕਿ ਆਪਣੇ ਦੇਸ਼ ਵਾਪਸ ਚਲਦੇ ਹਾਂ। ਇਸ ਲਈ ਲੰਡਨ ਤੋਂ ਚੱਲੇ ਅਤੇ ਸਿੱਧੇ ਜਿਹਲਮ ਪਹੁੰਚੇ। ਜਿਹਲਮ ਵਿਚ ਉਨ੍ਹਾਂ ਨੇ ਵਕਾਲਤ ਦੀ ਪਰੈਕਟਿਸ ਸ਼ੁਰੂ ਕਰ ਦਿੱਤੀ।

ਹੁਣ ਉਸ ਜ਼ਮਾਨੇ ਵਿਚ, ਜਿਹਲਮ ਸਾਧਾਰਨ ਜਿਹਾ ਸ਼ਹਿਰ ਸੀ, ਮੰਨਿਆ ਕਿ ਇੱਥੇ ਸਿਕੰਦਰ ਅਤੇ ਪੋਰਸ ਦੀ ਮੁੱਠ ਭੇੜ ਹੋਈ ਸੀ ਅਤੇ ਇਤਹਿਾਸ ਵਿਚ ਇਸ ਸ਼ਹਿਰ ਦਾ ਵੱਡਾ ਨਾਮ ਹੈ। ਪਰ ਇਹ ਪ੍ਰਾਚੀਨ ਸ਼ਹਿਰ ਆਪਣੀ ਰਹਿਣੀ ਬਹਿਣੀ ਅਤੇ ਆਰਥਿਕਤਾ ਦੇ ਪੱਖ ਤੋਂ ਪਛੜਿਆ ਹੋਇਆ ਸੀ। ਇਹ ਸ਼ਹਿਰ ਹਮਲਾਆਵਰਾਂ ਦੇ ਲੰਘਣ ਵਾਲੇ ਰਾਹ ਤੇ ਹੋਣ ਕਰਕੇ ਓਨੀ ਉਨਤੀ ਨਾ ਕਰ ਸਕਿਆ, ਜਿੰਨੀ ਕਿ ਉਸਦਾ ਹੱਕ ਸੀ ਅਤੇ ਅੰਗ੍ਰੇਜ਼ਾਂ ਨੇ ਵੀ ਉਸਨੂੰ ਫ਼ੌਜੀ ਖ਼ੁਰਾਕ ਦਾ ਇਲਾਕਾ ਕਰਾਰ ਦਿੱਤਾ ਹੋਇਆ ਸੀ। ਅਰਥਾਤ ਮਿਲਟਰੀ ਫ਼ੀਡਿੰਗ ਏਰੀਆ। ਹੁਣ ਸਾਡੇ ਸਤਿਕਾਰ ਯੋਗ ਵਾਲਦ ਚੰਹੁ ਘੋੜਿਆਂ ਦੀ ਬੱਘੀ ਤੇ ਸਵਾਰ ਹੋ ਕੇ ਕਚਿਹਰੀ ਜਾਂਦੇ। ਪ੍ਰਗਟ ਹੈ ਕਿ ਇਸ ਵਿਚਾਰੇ ਸ਼ਹਿਰ ਵਿਚ ਇੰਨੀ ਪੁੱਜਤ ਕਿੱਥੇ ਸੀ ਕਿ ਉਹ ਖ਼ਾਨ ਸਾਹਿਬ ਤਾਂ ਇੱਕ ਪਾਸੇ ਉਨ੍ਹਾਂ ਦੇ ਘੋੜਿਆਂ ਦਾ ਹੀ ਢਿੱਡ ਭਰ ਸਕਦੇ। ਇਥੋਂ ਉਨ੍ਹਾਂ ਫਿਰ ਸਫ਼ਰ ਦੀ ਤਿਆਰੀ ਕੀਤੀ ਅਤੇ ਸਿਆਲਕੋਟ ਪਹੁੰਚ ਗਏ। ਹੁਣ ਉਨ੍ਹਾਂ ਸਿਆਲਕੋਟ ਵਿਚ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਇੱਥੇ ਖ਼ੂਬ ਠਾਠ ਬਾਠ ਨਾਲ ਰਹਿਣ ਲੱਗੇ। ਅਤੇ ਫਿਰ ਆਪਣੇ ਜੱਦੀ ਪਿੰਡ ਨੇੜੇ ਇੱਕ ਪਿੰਡ ਦੀ ਰਈਸਜ਼ਾਦੀ ਨਾਲ ਵਿਆਹ ਕਰ ਲਿਆ। ਉਨ੍ਹਾਂ ਦਾ ਇਹ ਪੰਜਵਾਂ ਵਿਆਹ ਸੀ, ਬਾਕੀ ਪਤਨੀਆਂ ਤਾਂ ਮਰ ਖਪ ਗਈਆਂ, ਅਸੀਂ ਅੰਤਲੀ ਮਾਂ ਦੇ ਕੁੱਖ ਵਿਚੋਂ ਜਨਮ ਲਿਆ। ਸਿਆਲਕੋਟ ਵਿਚ ਪਲੇ ਪੋਸੇ ਅਤੇ ਵਿਦਿਆ ਪ੍ਰਾਪਤ ਕੀਤੀ।

ਉਥੇ (ਸਿਆਲਕੋਟ ਵਿਚ) ਇੱਕ ਬਹੁਤ ਵੱਡੀ ਸਮਾਜੀ ਸ਼ਖ਼ਸੀਅਤ ਸੀ। ਇਹ ਵੀ ਸਾਡੇ ਪਿਤਾ ਜੀ ਦੇ ਸਮੇਂ ਦੀ ਸ਼ਖ਼ਸੀਅਤ ਹੀ ਸੀ। ਉਸ ਦਾ ਨਾਮ ਮੰਮੂ ਜੁਆਰੀਆ ਸੀ। ਅਸਲੀ ਨਾਮ ਮੁਹੰਮਦ ਬਖ਼ਸ਼ ਸੀ। ਸਾਰਾ ਸ਼ਹਿਰ ਅਤੇ ਸਾਰਾ ਇਲਾਕਾ ਉਸ ਨੂੰ ਇਸੇ ਨਾਮ ਨਾਲ ਜਾਣਦਾ ਸੀ। ਉਹ ਕੁਛ ਰਾਬਿਨ ਹੁੱਡ ਵਰਗੀ ਸ਼ੈ ਸੀ। ਜੂਆ ਉਹ ਖਿਡਾਉਂਦਾ ਸੀ, ਸਮਗਲਿੰਗ ਉਹ ਕਰਦਾ ਸੀ, ਗੱਲ ਕਾਹਦੀ ਅੰਡਰਵਰਲਡ ਦਾ ਬਾਦਸ਼ਾਹ ਸੀ। ਪਰ ਸ਼ਹਿਰ ਦੀ ਹਰ ਸੰਸਥਾ, ਬਚਾਓ ਦੀ, ਸੁਧਾਰ ਦੀ, ਹਰ ਇੱਕ ਦਾ ਮੈਂਬਰ ਸੀ, ਅਤੇ ਮਿਉਂਸਪਲ ਕਮੇਟੀ ਦਾ ਮੈਂਬਰ ਵੀ। ਬੜੇ ਵਿਸ਼ਾਲ ਦਿਲ ਨਾਲ ਚੰਦਾ ਦਿੰਦਾ ਹੁੰਦਾ ਸੀ। ਅਜੀਬ ਕਰਦਾਰ ਸੀ। ਅਤੇ ਫਿਰ ਸਾਡੇ ਮੌਲਵੀ ਇਬਰਾਹੀਮ ਆਪ ਰਈਸ ਸਨ। ਦਾਹੜੀ ਵਧਾਈ, ਮਸਜਿਦ ਦੀ ਅਮਾਮਤ ਸੰਭਾਲੀ, ਪੜ੍ਹਾਉਣ ਦਾ ਸ਼ੁਗ਼ਲ ਅਪਨਾ ਲਿਆ। ਹੁਣ ਉਹ ਸਾਨੂੰ ਪੜ੍ਹਾਉਂਦੇ ਸਨ। ਮੈਂ ਉਰਦੂ ਕਾਇਦਾ ਪੜ੍ਹਨ ਲਈ ਮਸਜਿਦ ਗਿਆ। ਉਨ੍ਹਾਂ ਦੀ ਕਲਾਸ ਵਿੱਕੋਲਿਤਰੇ ਪ੍ਰਕਾਰ ਦੀ ਸੀ। ਹੁਣ ਮੈਂ ਅਲਫ਼ ਬੇ ਪੜ੍ਹ ਰਿਹਾ ਸਾਂ। ਦੂਜਾ ਵਿਦਿਆਰਥੀ ਤੀਜੀ ਜਮਾਤ ਦਾ, ਉਸਨੂੰ ਤੀਜੀ ਜਮਾਤ ਦਾ ਸਬਕ ਦੇ ਰਹੇ ਸਨ। ਇੱਕ ਹਦੀਸ (ਧਾਰਮਕ ਪੁਸਤਕ) ਪੜ੍ਹ ਰਿਹਾ ਸੀ ਦੂਸਰਾ ਕੁਰਾਨ ਦੀਆਂ ਆਇਤਾਂ, ਗਲ ਕਾਹਦੀ ਉਹ ਇੱਕੋ ਵੇਲੇ ਸਾਰੇ ਮਜ਼ਮੂਨ ਤੇ ਸਾਰੀਆਂ ਕਲਾਸਾਂ ਪੜ੍ਹਾਉਂਦੇ ਸਨ। ਉਨ੍ਹਾਂ ਦਾ ਦਬਦਬਾ ਬਹੁਤ ਸੀ। ਦੇਖਣ ਤੇ ਉਨ੍ਹਾਂ ਤੋਂ ਡਰ ਆਉਂਦਾ ਸੀ। ਦੇਖਣ ਚਾਖਣ ਨੂੰ ਬੜੇ ਦਰਸ਼ਨੀ ਕਿਸਮ ਦੇ ਸਨ। ਉਨ੍ਹਾਂ ਦੀ ਆਪਣੀ ਕੋਈ ਉਲਾਦ ਨਹੀਂ ਸੀ। ਅੰਦਰ ਤੋਂ ਬੜੇ ਕਿਰਪਾਲੂ ਅਤੇ ਦਿਆਲੂ ਕਿਸਮ ਦੇ। ਭਈ ਅਸੀਂ ਤਾਂ ਉਨ੍ਹਾਂ ਤੋਂ ਲਗਾਤਾਰ ਸੱਤ ਸਾਲ ਕੁਰਾਨ ਸ਼ਰੀਫ਼ ਦੀ ਵਿਆਖਿਆ ਅਤੇ ਅਨੁਵਾਦ ਸਹਿਤ ਪਾਠ ਪੜ੍ਹਿਆ। ਅਤੇ ਹਾਂ, ਫਿਰ ਉਲਾਮਾ ਇਕਬਾਲ ਦੇ ਉਸਤਾਦ ਮੀਰ ਹਸਨ, ਉਨ੍ਹਾਂ ਦਾ ਮਦਰਸਾ ਸ਼ਹਿਰ ਦੇ ਦੂਸਰੇ ਇਲਾਕੇ ਵਿਚ ਸੀ। ਅਤੇ ਫਿਰ ਬਾਬਾ ਖੜਕ ਸਿੰਘ ਵੀ ਸਿਆਲਕੋਟ ਦੇ ਹੀ ਸਨ। ਬਾਬਾ ਖੜਕ ਸਿੰਘ ਖ਼ੂਬ ਆਦਮੀ ਸਨ। ਅਕਾਲੀ ਲਹਿਰ ਦੇ ਉਹ ਬਾਨੀ ਸਨ। ਉਸ ਕਾਲ ਵਿਚ ਗੁਰਦੁਆਰੇ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਸਨ। ਉਨ੍ਹਾਂ ਦੇ ਪ੍ਰਬੰਧ ਲਈ ਮਹੰਤ ਆਦਿ ਅੰਗ੍ਰੇਜ਼ ਬਹਾਦਰ ਆਪ ਨਿਯੁਕਤ ਕਰਦੇ ਸਨ। ਬਾਬਾ ਖੜਕ ਸਿੰਘ ਨੇ ਗੁਰਦੁਆਰਿਆਂ ਨੂੰ ਛੁਡਵਾਉਣ ਲਈ ਲਹਿਰ ਚਲਾਈ। ਗੋਲੀਆਂ ਚੱਲੀਆਂ। ਇਹ ਇੱਕ ਨਿਰੋਲ ਸਾਮਰਾਜ ਵਿਰੋਧੀ ਲਹਿਰ ਸੀ। ਕੁਝ ਸਮੇਂ ਪਿਛੋਂ ਇਨ੍ਹਾਂ ਲੋਕਾਂ ਨੇ ਖ਼ਿਲਾਫ਼ਤ ਦੀ ਲਹਿਰ ਵਾਲਿਆਂ ਨਾਲ ਮਿਲ ਕੇ ਅੰਗ੍ਰੇਜ਼ਾਂ ਵਿਰੁੱਧ ਸਾਂਝਾ ਮੁਹਾਜ਼ ਬਣਾ ਲਿਆ। ਇਸ ਵਿਚ ਕਾਂਗਰਸ ਵੀ ਸ਼ਰੀਕ ਸੀ। ਬਾਬਾ ਖੜਕ ਸਿੰਘ ਸਿੱਖ ਕੌਮਵਾਦ ਦੇ ਹੀਰੋ ਸਨ।

## ਵਿਅਕਤੀਤਵ ਅਤੇ ਚਰਿਤਰ:

ਸਾਡੇ ਸਤਿਕਾਰ ਯੋਗ ਵਾਲਦ ਸਾਹਿਬ ਬੜੇ ਰੋਅਬ ਦਾਬ ਵਾਲੇ ਪੁਰਸ਼ ਸਨ। ਇੱਕ ਵਾਰ ਇੱਕ ਮਿਰਾਸੀ ਈਦ ਕੁਰਬਾਨ ਦੇ ਬੱਕਰੇ ਜਿਬਾਹ ਕਰਨ ਲਈ ਕਾਫ਼ੀ ਦੇਰ ਲਾ ਕੇ ਆਇਆ। ਵਾਲਦ ਸਾਹਿਬ ਨਾਰਾਜ਼ ਕਿ ਦੇਰ ਕਿਉਂ ਕੀਤੀ ਹੈ। ਮਿਰਾਸੀ ਇਸ ਗਰਜ ਤੋਂ ਡਰ ਕੇ ਕੰਧ ਵਿਚ ਵੱਜਾ ਅਤੇ ਬੇਹੋਸ਼ ਹੋ ਕੇ ਧੜੱਮ ਕਰਕੇ ਹੇਠਾਂ ਡਿਗ ਪਿਆ। ਉਹ ਆਪਣੀ ਸੂਝ, ਕੱਦ ਕਾਠ ਅਤੇ ਗੂੰਜਦਾਰ ਆਵਾਜ਼ ਦੇ ਬਲਬੋਤੇ ਤੇ ਸਾਰੇ ਇਕੱਠ ਤੇ ਛਾ ਜਾਂਦੇ ਸਨ।

ਉਹ ਬਹੁਤ ਸੁੰਦਰ ਜਵਾਨ ਸਨ, ਉਨ੍ਹਾਂ ਦੀ ਰੂਪ ਰੇਖਾ ਅਤੇ ਸੁੰਦਰਤਾ ਦਾ ਹਿਸਾਬ ਤੁਸੀਂ ਸਾਡੇ ਕੱਦ ਕਾਠ ਵੱਲ ਦੇਖ ਕੇ ਨਾ ਲਾਓ, ਮੈਂ ਜ਼ਰਾ ਨਾਨਕਿਆਂ ਤੇ ਗਿਆ ਹਾਂ। ਉਹ ਆਪਣੇ ਇਲਾਕੇ ਅਤੇ ਪਿੰਡ ਨਾਲ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੂੰ ਅਣਗਿਣਤ ਵਾਰ ਸਰ ਸ਼ਫ਼ੀ ਅਤੇ ਸਰ ਅਬਦੁਲ ਕਾਦਰ ਨੇ ਲਾਹੌਰ ਆ ਜਾਣ ਲਈ ਕਿਹਾ, ਪਰ ਉਹ ਨਹੀਂ ਮੰਨੇ ਅਤੇ ਅੰਤਲੇ ਸਾਹ ਤੀਕਰ ਆਪਣੇ ਇਲਾਕੇ ਦੇ ਲੋਕਾਂ ਵਿਚ ਰਹੇ।

ਉਨ੍ਹਾਂ ਨੇ ਬਹੁਤ ਜਾਇਦਾਦ ਖ਼ਰੀਦੀ, ਸਿਆਲਕੋਟ ਵਿਚ ਵੀ, ਮੋਚੀ ਦਰਵਾਜ਼ੇ ਵਿੱਚ ਵੀ। ਅਸੀਂ ਲੋਕ ਤਾਂ ਖ਼ੂਬ ਠਾਠ ਬਾਠ ਨਾਲ ਰਹਿੰਦੇ ਸਾਂ। ਅਣਹੋਂਦ ਦਾ ਸਾਡੇ ਘਰ ਵਿਚ ਕੋਈ ਲਾਂਘਾ ਨਹੀਂ ਸੀ। ਅਸੀਂ ਫ਼ਾਕਾ ਮਸਤੀ ਜਾਂ ਤੰਗ ਦਸਤੀ ਤੋਂ ਜਾਣੂੰ ਨਹੀਂ ਸਾਂ। ਵਾਲਦ ਸਾਹਿਬ ਲੱਗ ਭੱਗ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਦੇ ਪ੍ਰਧਾਨ ਸਨ। ਉਹ ਲੋਕਾਂ ਦੀ ਭਲਿਆਈ ਦੇ ਕਾਰਜਾਂ ਵਿਚ ਸੱਭ ਤੋਂ ਅੱਗੇ ਹੁੰਦੇ ਸਨ। ਸਕੂਲਾਂ, ਮਸਜਿਦਾਂ, ਆਦਿ ਲਈ ਸਭ ਤੋਂ ਪਹਿਲਾਂ ਇਹ ਚੰਦਾ ਦਿੰਦੇ ਸਨ ਅਤੇ ਦੂਸਰਿਆਂ ਤੋਂ ਵਧ ਚੜ੍ਹ ਕੇ ਮੈਨੂੰ ਬਹੁਤ ਚਾਹੁੰਦੇ ਸਨ। ਇੱਕ ਵਾਰ ਕਹਿਣ ਲੱਗੇ, ਤੂੰ ਨਜ਼ਮ ਲਿਖਣੀ ਸ਼ੁਰੂ ਕਰ ਦਿੱਤੀ ਹੈ, ਇਹ ਚੰਗਾ ਕੀਤਾ ਹੈ। ਤੂੰ ਮੇਰਾ ਨਾਮ ਵੱਡਾ ਕਰੇਂਗਾ। ਉਸ ਸਮੇ ਮੈਂ ਥਰਡ ਯੀਅਰ ਵਿਚ ਸੀ।

ਉਹ ਜੋ ਅੰਗ੍ਰੇਜ਼ ਇਸਤਰੀ ਸੀ, ਉਸ ਨੇ ਇਨ੍ਹਾਂ ਤੇ ਨਾਵਲ ਲਿਖਿਆ, ਜੋ ਛਪ ਚੁੱਕਾ ਹੈ। ਉਸਦਾ ਨਾਮ ' ਦੀ ਵਜ਼ੀਰ'ਜ ਡਾਟਰ ' ਹੈ। ਬੜਾ ਦਿਲਚਸਪ ਨਾਵਲ ਹੈ।

## ਅੱਬਾ ਦਾ ਇੰਤਕਾਲ:

ਫਿਰ ਜਦੋਂ ਮੈਂ ਅਜੇ ਕਾਲਜ ਵਿਚ ਹੀ ਸੀ, ਵਾਲਦ ਸਾਹਿਬ ਫ਼ੌਤ ਹੋ ਗਏ। ਜਨਾਜ਼ੇ ਆਦਿ ਤੋਂ ਵਿਹਲੇ ਹੋਏ ਤਾਂ ਕਰਜ਼ਾ ਦੇਣ ਵਾਲੇ ਆਉਣੇ ਸ਼ੁਰੂ ਹੋ ਗਏ। ਸ਼ਹਿਰ ਦੇ ਸ਼ਾਹੂਕਾਰ, ਮਹਾਜਨ ਆਦਿ। ਫਿਰ ਪਤਾ ਲੱਗਾ ਕਿ ਅਸੀਂ ਲੋਕ ਉਸ ਸਮੇਂ ਵਿਚ 80 ਹਜ਼ਾਰ ਰੁਪਏ ਦੇ ਕਰਜ਼ਾਈ ਸਾਂ। ਉਨ੍ਹਾਂ ਨੇ ਸਾਨੂੰ ਕਦੀ ਨਹੀਂ ਸੀ ਦੱਸਿਆ, ਕਿ ਉਨ੍ਹਾਂ ਦੀ ਸਾਰੀ ਵਿਸ਼ਾਲ ਦਿਲੀ ਕਰਜ਼ੇ ਦੇ ਸਿਰ ਤੇ ਹੀ ਸੀ। ਸਾਨੂੰ ਇਹ ਪਤਾ ਲੱਗਣ ਤੇ ਬਹੁਤ ਹੈਰਾਨੀ ਹੋਈ। ਭਰਾ ਤੁਫ਼ੈਲ ਬਹੁਤ ਸ਼ਰੀਫ਼ ਤਬੀਅਤ ਪੁਰਸ਼ ਸਨ। ਉਨ੍ਹਾ ਨੇ ਮੈਨੂੰ ਕਿਹਾ, ਕਿ ਅਸੀਂ ਇਹ ਸਾਰਾ ਕਰਜ਼ਾ ਲਾਹ ਦੇਣਾ ਹੈ। ਸਾਡੀ ਸਮਝ ਵਿਚ ਨਾ ਆਵੇ ਕਿ ਇੰਨਾ ਕਰਜ਼ਾ ਕਿਵੇਂ ਲਾਹਵਾਂਗੇ। ਲੋਕਾਂ ਨੇ ਕਿਹਾ ਸੀ ਕਰਜ਼ਾ ਕੌਣ ਲਾਹੁੰਦਾ ਏ। ਪਰ ਭਰਾ

ਤੁਫ਼ੈਲ ਨੇ ਕਿਹਾ, ਇਹ ਨਹੀਂ ਹੋ ਸਕਦਾ ਅਤੇ ਫਿਰ ਜਾਇਦਾਦ ਵਿਕਣੀ ਸ਼ੁਰੂ ਹੋ ਗਈ। ਅੰਤ ਨੂੰ ਕਰਜ਼ਾ ਲਹਿ ਗਿਆ ਅਤੇ ਅਸੀਂ ਨਿਰਧਨਤਾ ਦੇ ਕਾਲ ਵਿਚ ਦਾਖ਼ਿਲ ਹੋ ਗਏ।

## ਜਨਮ:

ਜਨਮ ਤਾਂ ਮੇਰਾ (ਕਾਲਾ ਕਾਦਰ) ਸਿਆਲਕੋਟ ਦਾ ਹੈ। ਜਨਮ ਤਾਰੀਖ਼ ਮੈਨੂੰ ਆਪ ਨਹੀਂ ਪਤਾ। ਸਕੂਲ ਦੇ ਕਾਗ਼ਜ਼ਾਂ ਤੇ 7 ਜਨਵਰੀ 1911 ਅਤੇ ਕਿਤੇ 7 ਜਨਵਰੀ 1912 ਦਰਜ ਹੈ। ਮੈਂ ਸੁਣਿਆ ਹੈ, ਕਿ ਉਸ ਸਮੇਂ ਸਕੂਲ ਵਿਚ ਜੋ ਤਾਰੀਖ਼ਾਂ ਲਿਖੀਆਂ ਜਾਂਦੀਆਂ ਸਨ ਉਹ ਜਾਅਲੀ ਹੁੰਦੀਆਂ ਸਨ। ਇਸ ਲਈ ਕਿ ਉਹ ਇਸ ਹਿਸਾਬ ਨਾਲ ਲਿਖੀਆ ਜਾਂਦੀਆਂ ਸਨ ਕਿ ਅਮਕੀ ਉਮਰ ਵਿਚ ਇਹ ਦਸਵੀਂ (ਮੈਟਰਿਕ) ਪਾਸ ਕਰੇਗਾ। ਉਸ ਤੋਂ ਬਾਅਦ ਅੰਗ੍ਰੇਜ਼ੀ ਸਰਕਾਰ ਦੀ ਨੌਕਰੀ ਕਰਨ ਲਈ ਕਿੰਨੀ ਉਮਰ ਚਾਹੀਦੀ ਹੈ। ਮੈਂ ਹੁਣੇ ਜਿਹੇ ਹੀ ਆਪਣੇ ਇੱਕ ਦੋਸਤ ਨੂੰ ਫ਼ਰਮਾਇਸ਼ ਕੀਤੀ ਸੀ, ਕਿ ਉਹ ਸਿਆਲਕੋਟ ਦੇ ਨਗਰ ਪਾਲਿਕਾ ਦੇ ਦਫ਼ਤਰ ਵਿਚੋਂ ਜਨਮ ਦਰਜ ਕਰਨ ਦੇ ਰਜਿਸਟਰ ਦੇਖ ਕੇ ਸਹੀ ਤਾਰੀਖ਼ ਪਤਾ ਕਰਨ ਦਾ ਯਤਨ ਕਰੇ। ਉਸ ਦੀ ਖੋਜ ਅਨੁਸਾਰ ਨਗਰ ਪਾਲਿਕਾ ਦੇ ਕਾਗ਼ਜ਼ਾਂ ਵਿਚ 13 ਫ਼ਰਵਰੀ 1911 ਜਨਮ ਤਾਰੀਖ਼ ਦਰਜ ਹੈ।

## ਸਕੂਲ ਵਿਚ ਪਹਿਲਾ ਦਿਨ

ਬਚਪਨ ਮੇਰਾ ਸਿਆਲਕੋਟ ਵਿਚ ਹੀ ਲੰਘਿਆ, ਸਕੂਲ ਮੇਰਾ ਸਕਾਚ ਮਿਸ਼ਨ ਸਕੂਲ ਸੀ। ਉਸ ਦੇ ਨਾਲ ਮੇਰੇ ਉਸਤਾਦ ਸਨ, ਸ਼ਮਸੁਲਉਲਮਾ (ਵਿਦਵਾਨਾਂ ਦੇ ਸੂਰਜ) ਮੌਲਵੀ ਮੀਰ ਹਸਨ, ਜਿਨ੍ਹਾਂ ਤੋਂ ਮੈਂ ਛੇਵੀਂ ਸਤਵੀਂ ਵਿਚ ਅਰਬੀ ਭਾਸ਼ਾ ਦਾ ਗਿਆਨ ਪਰਾਪਤ ਕੀਤਾ। ਅਤੇ ਉਨ੍ਹਾਂ ਤੋਂ ਵਧੇਰੇ ਨੇੜੇ ਸਨ ਮੌਲਵੀ ਇਬਰਾਹੀਮ ਸਿਆਲਕੋਟੀ, ਬਹੁਤ ਵੱਡੇ ਵਿਦਵਾਨ ਸਨ। ਪੈਂਤੀ ਮੈਂ ਇਨ੍ਹਾਂ ਤੋਂ ਪੜ੍ਹੀ, ਮੁਢਲੀਆਂ ਕਿਤਾਬਾਂ ਵੀ ਇਨ੍ਹਾਂ ਤੋਂ ਪੜ੍ਹੀਆਂ। ਉਸ ਤੋਂ ਪਿੱਛੋਂ ਕੁਰਾਨ ਅਤੇ ਹਦੀਸ ਦੇ ਪਾਠ ਵੀ ਇਨ੍ਹਾਂ ਤੋਂ ਲਏ, ਕਈ ਵਰ੍ਹੇ। ਬਚਪਨ ਤਾਂ ਇਥੇ ਹੀ ਲੰਘਿਆ।

ਪਹਿਲਾਂ ਸਾਨੂੰ ਸਕੂਲ ਨਹੀਂ ਭੇਜਿਆ ਗਿਆ ਸੀ। ਅੱਬਾ ਨੇ ਕਿਹਾ ਸੀ, ਪਹਿਲਾਂ ਕੁਰਾਨ ਸ਼ਰੀਫ਼ ਹਿਫ਼ਜ਼ ਕਰੋ, ਅਰਥਾਤ ਜ਼ਬਾਨੀ ਯਾਦ ਕਰੋ, ਉਸ ਤੋਂ ਬਾਅਦ ਮਸਜਿਦ ਵਿਚ ਜਾ ਕੇ ਪੜ੍ਹੋ। ਅਤੇ ਫਿਰ ਜਦੋਂ ਅਰਬੀ ਫ਼ਾਰਸੀ ਪੜ੍ਹ ਲਵੋਗੇ ਤਾਂ ਉਸ ਤੋਂ ਬਾਅਦ ਸਕੂਲ ਭੇਜਾਂਗੇ। ਤਾਂ ਅਸੀਂ ਇੱਕ ਹਾਫ਼ਿਜ਼ ਸਾਹਿਬ ਤੋਂ ਕੁਰਾਨ ਸ਼ਰੀਫ਼ ਹਿਫ਼ਜ਼ ਕਰਨਾ ਸ਼ੁਰੂ ਕੀਤਾ, ਅਰਥਾਤ ਜ਼ਬਾਨੀ ਯਾਦ ਕਰਨਾ। ਤਿੰਨ ਸਪਾਰੇ ਕੰਠ ਕੀਤੇ ਸਨ, ਕਿ ਸਾਡੀਆਂ ਅੱਖਾਂ ਆ ਗਈਆਂ। ਉਸ ਤੋਂ ਬਾਅਦ ਅਸੀਂ ਆਪਣੀ ਮਾਂ ਤੋਂ ਅਲਫ਼ ਬੇ ਪੜ੍ਹੀ। ਫਿਰ ਨੇੜੇ ਦੀ ਮਸਜਿਦ ਵਿਚੱ ਮੌਲਵੀ ਇਬਰਾਹੀਮ ਸੀ, ਉਰਦੂ ਦਾ ਪਹਿਲਾ ਕਾਇਦਾ ਉਨ੍ਹਾਂ ਤੋਂ ਖ਼ਤਮ ਕੀਤਾ। ਜਦੋਂ ਅਸੀਂ ਚੌਥੀ ਜਮਾਤ ਵਿੱਚ ਪਹੁੰਚੇ ਤਾਂ ਸਾਨੂੰ ਭੇਜਿਆ ਗਿਆ ਸਕੂਲ। ਉਸ ਦਾ ਵੀ ਕਿਸੱਾ ਸੁਣ ਲਵੋ, ਇਸ ਲਈ ਕਿ ਹੁਣ ਵੀ ਯਾਦ ਆਉਂਦੀ ਹੈ ਤਾਂ ਹੁਣ ਵੀ ਮੈਨੂੰ ਘਬਰਾਹਟ ਹੋਣ ਲਗਦੀ ਹੈ। ਹੋਇਆ ਇਹ ਕਿ ਜਦ ਪਹਿਲੇ ਦਿਨ ਅਸੀਂ ਸਕੂਲ ਜਾਣਾ ਸੀ ਤਾਂ ਸਾਡੀਆਂ ਵੱਡੀਆਂ ਭੈਣਾਂ ਨੇ ਸਾਨੂੰ ਤਿਆਰ ਕੀਤਾ ਸਕੂਲ ਜਾਣ ਲਈ। ਮਖ਼ਮਲ ਦੇ ਕੱਪੜੇ ਸਾਨੂੰ ਪਵਾਏ ਗਏ। ਲਾਲ ਰੰਗ ਦੀ ਵਾਸਕਟ ਸੀ ਅਤੇ ਵੈਸੀ ਹੀ ਨਿੱਕਰ, ਰੇਸ਼ਮੀ ਮੌਜੇ, ਬਹੁਤ ਵਧੀਆ ਕਿਸਮ ਦੀ ਜੁੱਤੀ ਅਤੇ ਕੱਢੀ ਹੋਈ ਟੋਪੀ। ਤਾਂ ਜਨਾਬ, ਇਹ ਪਵਾ ਕੇ ਸਾਨੂੰ ਭੇਜਿਆ ਗਿਆ ਸੀ ਸਕੂਲ। ਅਸੀਂ ਤਾਂ ਕਦੀ ਸਕੂਲ ਦੇਖਿਆ ਨਹੀਂ ਸੀ। ਸਾਨੂੰ ਕੀ ਪਤਾ ਕਿ ਉਥੇ ਕੀ ਸੀ। ਹੁਣ ਜਦ ਅਸੀਂ ਸਕੂਲ ਪਹੁੰਚੇ ਤਾ ਉਹ ਇਸਲਾਮੀਆ ਸਕੂਲ ਸੀ, ਪਰਾਇਮਰੀ ਤੱਕ। ਉਥੇ ਜਾ ਕੇ ਅਸੀਂ ਕੀ ਦੇਖਿਆ ਕਿ ਵਿਚਾਰੇ ਬੱਚੇ ਜੋ ਉਥੇ ਸਨ, ਕਿਸੇ ਦੇ ਕਪੜੇ ਪਾਟੇ ਹੋਏ ਹਨ, ਕਿਸੇ ਦੇ ਪੈਰਾਂ ਵਿਚ ਜੁੱਤੀ ਹੈ ਨਹੀਂ, ਕਿਸੇ ਦੇ ਸਿਰ ਤੇ ਟੋਪੀ ਨਹੀਂ। ਹੁਣ ਜਦੋਂ ਅਸੀਂ ਕਲਾਸ ਵਿਚ ਪਹੁੰਚੇ ਤਾਂ ਸਭ ਨੇ ਸਾਡੇ ਵੱਲ ਇਉਂ ਦੇਖਿਆ, ਜਿਵੇਂ ਕੋਈ ਅਜੀਬ ਕਿਸਮ ਦਾ ਜਾਨਵਰ ਆ ਗਿਆ ਹੋਵੇ ਕਲਾਸ ਵਿਚ। ਇਸ ਲਈ ਕਿ ਉਨ੍ਹਾਂ ਵਿਚਾਰਿਆਂ ਸਾਦੇ ਕੱਪੜੇ ਪਾਏ ਹੋਏ ਸਨ, ਮੈਲੇ ਕੁਚੈਲੇ ਅਤੇ ਫਟੇ ਹੋਏ, ਅਤੇ ਭੁੰਜੇ ਫ਼ਰਸ਼ ਤੇ ਬੈਠੇ ਹੋਏ ਸਨ। ਉਸ ਜ਼ਮਾਨੇ ਵਿਚ ਡੈਸਕ ਵੈਸਕ ਨਹੀਂ ਹੁੰਦੇ ਸਨ, ਛੋਟੀਆਂ ਜਮਾਤਾਂ ਵਿਚ। ਵੱਡੀਆਂ ਜਮਾਤਾਂ ਵਿਚ ਜਾ ਕੇ ਡੈਸਕ ਮਿਲਦੇ ਸਨ। ਉਸ ਵੇਲੇ ਤਾ ਫ਼ਰਸ਼ ਤੇ ਟਾਟ ਵਿਛਿਆ ਹੁੰਦਾ ਸੀ। ਉਸ ਤੇ ਬੈਠ ਕੇ ਹੀ ਲੋਕ ਪੜ੍ਹਦੇ ਸਨ। ਅਤੇ ਹੁਣ ਅਸੀਂ ਕਿਹਾ ਕਿ ਅਸੀਂ ਮੈਲੇ ਫ਼ਰਸ਼ ਤੇ ਟਾਟ ਤੇ ਕਿਵੇਂ ਬੈਠੀਏ। ਸਾਨੂੰ ਉਥੇ ਬੜੀ ਘਬਰਾਹਟ ਹੋਈ। ਅਤੇ ਬੱਚਿਆਂ ਨੇ ਸਾਨੂੰ ਇਸ ਤਰ੍ਹਾਂ ਦੇਖਿਆ, ਕੁਝ ਮਜ਼ਾਕ ਨਾਲ ਅਤੇ ਕੁਝ ਥੋੜ੍ਹੇ ਜਿਹੇ ਗੁੱਸੇ ਨਾਲ ਕਿ ਇਹ ਕੌਣ ਆ ਗਿਆ ਹੈ। ਫਿਰ ਅਗਲੇ ਦਿਨ ਉਨ੍ਹਾਂ ਵਰਗੇ ਹੀ ਕੱਪੜੇ ਪਾ ਕੇ ਗਿਆ। ਉਸ ਤੋਂ ਬਾਅਦ ਕਦੀ ਅਜਿਹੇ ਕੱਪੜੇ ਨਹੀਂ ਪਾਏ। ਜਿਵੇਂ ਲੋਕ ਰਹਿੰਦੇ ਹੋਣ, ਉਵੇਂ ਹੀ ਰਹਿਣਾ ਚਾਹੀਦਾ ਹੈ। ਉਨ੍ਹਾ ਤੋਂ ਵੱਖਰੇ ਹੋ ਕੇ ਅਮੀਰੀ ਪ੍ਰਗਟ ਕਰਨ ਲਈ ਜਾਂ ਇਹ ਦੱਸਣ ਲਈ ਕਿ ਸਾਡੇ ਕੋਲ ਬਹੁਤ ਪੈਸੇ ਹਨ, ਅਜਿਹੀ ਹਰਕਤ ਨਹੀਂ ਕਰਨੀ ਚਾਹੀਦੀ, ਜਿਸ ਨੂੰ ਲੋਕ ਦੇਖ ਕੇ ਬੁਰਾ ਮਨਾਉਣ।

## ਬਚਪਨ:

ਸਾਡੇ ਸ਼ਾਇਰਾ ਨੂੰ ਪੱਕੇ ਤੋਰ ਤੇ ਇਹ ਗਿਲਾ ਰਿਹਾ ਹੈ ਕਿ ਜ਼ਮਾਨੇ ਨੇ ਉਨ੍ਹਾਂ ਦੀ ਕਦਰ ਨਹੀਂ ਪਾਈ। ਦੇਸ਼ਵਾਸੀਆਂ ਵਲੋਂ ਨਾਕਦਰੀ ਸਾਡੀ ਸ਼ਾਇਰੀ ਦਾ ਇੱਕ ਪੱਕਾ ਵਿਸ਼ਾ ਰਿਹਾ ਹੈ। ਸਾਨੂੰ ਇਸ ਤੋਂ ਉਲਟ ਸ਼ਕਾਇਤ ਹੈ, ਕਿ ਸਾਡੇ ਉਤੇ ਮਿਹਰਬਾਨੀਆਂ ਅਤੇ ਸਤਿਕਾਰ

ਦਾ ਇਸ ਕਦਰ ਮੀਂਹ ਵਰਸਦਾ ਰਿਹਾ ਹੈ, ਆਪਣੇ ਦੋਸਤਾਂ ਵਲੋਂ, ਆਪਣੇ ਮਿਲਣ ਵਾਲਿਆਂ ਵਲੋਂ ਅਤੇ ਉਨ੍ਹਾਂ ਵਲੋਂ ਵੀ ਜਿਹਨਾਂ ਨੂੰ ਅਸੀਂ ਜਾਣਦੇ ਵੀ ਨਹੀਂ। ਅਕਸਰ ਸ਼ਰਮਿੰਦਗੀ ਹੁੰਦੀ ਹੈ, ਕਿ ਇੰਨੇ ਜ਼ਿਆਦਾ ਪਿਆਰ ਦਾ ਹੱਕਦਾਰ ਹੋਣ ਲਈ ਜੋ ਕੁਛ ਥੋੜ੍ਹਾ ਬਹੁਤ ਅਸੀਂ ਕੀਤਾ ਹੈ, ਉਸ ਤੋਂ ਵਧੇਰੇ ਸਾਨੂੰ ਕਰਨਾ ਚਾਹੀਦਾ ਸੀ। ਜਦੋਂ ਅਸੀਂ ਬਹੁਤ ਛੋਟੇ ਹੁੰਦੇ ਸਾਂ, ਸਕੂਲ ਵਿਚ ਪੜ੍ਹਦੇ ਸਾਂ ਤਾਂ ਸਕੂਲ ਦੇ ਮੁੰਡਿਆਂ ਨਾਲ ਵੀ ਕੁਝ ਅਜਿਹੀ ਪ੍ਰਕਾਰ ਦੇ ਸਬੰਧ ਸਥਾਪਤ ਹੋ ਗਏ ਸਨ। ਖ਼ਾਹ ਮੁਖ਼ਾਹ ਉਨ੍ਹਾਂ ਨੇ ਸਾਨੂੰ ਆਪਣਾ ਲੀਡਰ ਸਵੀਕਾਰ ਕਰ ਲਿਆ ਸੀ। ਹਾਲਾਂਕਿ ਲੀਡਰੀ ਦੀਆਂ ਸਿਫ਼ਤਾਂ ਸਾਡੇ ਵਿਚ ਨਹੀਂ ਸਨ। ਜਾਂ ਤਾਂ ਪੁਰਸ਼ ਲੱਠਬਾਜ਼ ਹੋਵੇ, ਦੂਸਰੇ ਉਸਦਾ ਰੋਅਬ ਮੰਨਣ, ਜਾਂ ਉਹ ਸਭ ਤੋਂ ਵੱਧ ਗਿਆਨਵਾਨ ਹੋਵੇ। ਅਸੀਂ ਪੜ੍ਹਨ ਲਿਖਣ ਵਿਚ ਠੀਕ ਸਾਂ, ਖੇਡ ਵੀ ਲੈਂਦੇ ਸਾਂ, ਪਰ ਪੜ੍ਹਾਈ ਵਿਚ ਅਸੀਂ ਕੋਈ ਅਜਿਹਾ ਕਮਾਲ ਤਾਂ ਨਹੀਂ ਕੀਤਾ ਸੀ,ਕਿ ਲੋਕ ਸਾਡੀ ਵੱਲ ਧਿਆਨ ਦੇਣ।

ਬਚਪਨ ਦਾ ਮੈਂ ਸੋਚਦਾ ਹਾਂ, ਤਾਂ ਇੱਕ ਇਹ ਗੱਲ ਵਿਸ਼ੇਸ਼ ਤੌਰ ਤੇ ਯਾਦ ਆਉਂਦੀ ਹੈ, ਕਿ ਸਾਡੇ ਘਰ ਵਿੱਚ ਤੀਵੀਆਂ ਦੀ ਬਹੁਤਾਤ ਸੀ। ਅਸੀਂ ਜੋ ਤਿੰਨ ਭਰਾ ਸਾਂ, ਉਨ੍ਹਾਂ ਵਿਚੋਂ ਸਭ ਤੋਂ ਛੋਟਾ ਭਰਾ (ਅਨਾਇਤ) ਅਤੇ ਵੱਡਾ ਭਰਾ (ਤੁਫ਼ੈਲ) ਤੀਵੀਆਂ ਤੋਂ ਬਾਗ਼ੀ ਹੋ ਕੇ ਖੇਡਣ ਕੁੱਦਣ ਵਿਚ ਰੁੱਝੇ ਰਹਿੰਦੇ ਸਨ। ਅਸੀਂ ਇਕੱਲੇ ਇਨ੍ਹਾਂ ਤੀਵੀਆਂ ਦੇ ਹੱਥ ਆ ਗਏ। ਉਸ ਦਾ ਕੁਝ ਨੁਕਸਾਨ ਵੀ ਹੋਇਆ ਕੁਝ ਫ਼ਾਇਦਾ ਵੀ। ਫ਼ਾਇਦਾ ਤਾਂ ਇਹ ਹੋਇਆ ਕਿ ਉਨ੍ਹਾਂ ਤੀਵੀਆਂ ਨੇ ਸਾਨੂੰ ਬਹੁਤ ਸ਼ਰੀਫ਼ਾਂ ਜਿਹੀ ਜ਼ਿੰਦਗੀ ਬਸਰ ਕਰਨ ਤੇ ਮਜਬੂਰ ਕੀਤਾ। ਨੁਕਸਾਨ ਇਹ ਹੋਇਆ ਜਿਸ ਦਾ ਅਕਸਰ ਮੈਨੂੰ ਅਫ਼ਸੋਸ ਹੁੰਦਾ ਹੈ, ਕਿ ਬਚਪਨ ਵਿਚ ਮੌਜ ਮੇਲੇ ਅਤੇ ਖੇਡਣ ਕੁੱਦਣ ਦੇ ਜੀਵਨ ਤੋਂ ਵਾਂਝੇ ਰਹੇ। ਜਿਵੇਂ ਕਿ ਉਦਾਹਰਨ ਲਈ, ਕੋਈ ਗਲੀ ਵਿਚ ਪਤੰਗ ਉੜਾ ਰਿਹਾ ਹੈ, ਕੋਈ ਗੋਲੀਆਂ ਖੇਡ ਰਿਹਾ ਹੈ, ਕੋਈ ਲਾਟੂ ਚਲਾ ਰਿਹਾ ਹੈ। ਅਸੀਂ ਤਾਂ ਬੱਸ ਇਹ ਖੇਡਣ ਕੁਦਣ ਦੇਖਦੇ ਹੀ ਰਹਿੰਦੇ ਸਾਂ, ਇਕੱਲੇ ਬੈਠ ਕੇ। " ਹੋਤਾ ਹੈ ਸ਼ਬੋ ਰੋਜ਼ ਤਮਾਸ਼ਾ ਮੇਰੇ ਆਗੇ " ਦੇ ਕਥਨ ਅਨੁਸਾਰ ਅਸੀਂ ਇਨ੍ਹਾਂ ਤਮਾਸ਼ਿਆਂ ਦੇ ਕੇਵਲ ਤਮਾਸ਼ਾਈ ਹੀ ਬਣੇ ਰਹੇ ਅਤੇ ਇਨ੍ਹਾਂ ਵਿੱਚ ਭਾਗ ਲੈਣ ਦੀ ਹਿੰਮਤ ਇਸ ਲਈ ਨਾ ਹੁੰਦੀ ਕਿ ਇਸ ਨੂੰ ਸ਼ਰੀਫ਼ਾਂ ਦਾ ਸ਼ੁਗਲ ਜਾਂ ਸ਼ਰੀਫ਼ਾਂ ਵਾਲਾ ਕੰਮ ਨਹੀਂ ਸਮਝਦੇ ਸਾਂ। ਅਧਿਆਪਕ ਵੀ ਸਾਡੇ ਤੇ ਮਿਹਰਬਾਨ ਰਹੇ। ਅੱਜਕਲ ਦਾ ਮੈਂ ਨਹੀਂ ਜਾਣਦਾ, ਸ਼ਾਇਦ ਹੁੰਦਾ ਹੋਵੇ, ਸਾਡੇ ਸਮੇਂ ਵਿਚ ਸਕੂਲਾਂ ਵਿਚ ਸਖ਼ਤ ਮਾਰ ਪਿਟਾਈ ਵੀ ਹੁੰਦੀ ਸੀ। ਸਾਡੇ ਅਹਿਦ ਦੇ ਉਸਤਾਦ ਤਾ ਜਲਾਦ ਕਿਸਮ ਦੇ ਲੋਕ ਸਨ, ਪਰ ਉਨ੍ਹਾਂ ਨਾ ਕੇਵਲ ਸਾਨੂੰ ਹੱਥ ਹੀ ਨਹੀਂ ਲਾਇਆ, ਸਗੋਂ ਹਰ ਕਲਾਸ ਵਿਚ ਮਾਨੀਟਰ ਬਣਾਉਂਦੇ ਸਨ। ਸਗੋਂ ਸਾਥੀ ਮੁੰਡਿਆਂ ਨੂੰ ਸਜ਼ਾ ਦੇਣ ਦੀ ਪਦਵੀ ਵੀ ਸਾਡੇ ਹਵਾਲੇ ਕਰ ਦਿੰਦੇ ਸਨ। ਅਰਥਾਤ ਉਹਦੇ ਚੁਪੇੜਾਂ ਮਾਰ, ਉਹਦੇ ਚਾਂਟਾ ਲਗਾ। ਇਸ ਨਾਲ ਮੈਨੂੰ ਬਹੁਤ ਦੁੱਖ ਲਗਦਾ ਸੀ. ਅਤੇ ਅਸੀਂ ਯਤਨ ਕਰਦੇ ਹੁੰਦੇ ਸਾਂ, ਕਿ ਜਿੰਨਾ ਵੀ ਸੰਭਵ ਹੋਵੇ, ਇਉਂ ਸਜ਼ਾ ਦੇਈਏ ਕਿ ਸਾਡੇ ਸ਼ਿਕਾਰ ਨੂੰ ਉਹ ਸਜ਼ਾ ਮਹਿਸੂਸ ਨਾ ਹੋਵੇ। ਚੁਪੇੜ ਮਾਰਨ ਲੱਗਿਆਂ ਪੋਲਾ ਜਿਹਾ ਹੱਥ, ਕੰਨ ਹੌਲੀ ਜਿਹੀ ਪੁੱਟਣਾ. ਕਦੀ ਅਸੀਂ ਫੜੇ ਜਾਣਾ, ਤਾਂ ਉਸਤਾਦ ਨੇ ਕਹਿਣਾ ਇਹ ਕੀ ਕਰਦਾ ਏਂ, ਜ਼ੋਰ ਦੀ ਚਪੇੜ ਮਾਰ।

ਦੋ ਪ੍ਰਭਾਵ ਬੜੇ ਡੂੰਘੇ ਹਨ। ਇੱਕ ਤਾਂ ਇਹ ਕਿ ਬਚਿੱਆਂ ਦੀਆਂ ਜੋ ਦਿਲਚਸਪੀਆਂ ਹੁੰਦੀਆਂ ਹਨ, ਉਨ੍ਹਾਂ ਤੋਂ ਵਾਂਝੇ ਰਹੇ। ਦੂਜੇ ਇਹ ਕਿ ਆਪਣੇ ਦੋਸਤਾਂ, ਹਮ ਜਮਾਤੀਆਂ ਅਤੇ ਆਪਣੇ ਅਧਿਆਪਕਾਂ ਤੋਂ ਸਾਨੂੰ ਇਸ ਪਰਕਾਰ ਦੀ ਸ਼ਫ਼ਕਤ ਅਤੇ ਖ਼ਲੂਸ ਮਿਲਿਆ, ਜੋ ਬਾਅਦ ਦੇ ਸਮੇ ਦੇ ਦੋਸਤਾਂ ਅਤੇ ਸਮਕਾਲੀਆਂ ਤੋਂ ਵੀ ਮਿਲਿਆ ਅਤੇ ਅੱਜ ਵੀ ਮਿਲ ਰਿਹਾ ਹੈ।

ਸਵੇਰੇ ਅਸੀਂ ਆਪਣੇ ਅੱਬਾ ਨਾਲ ਨਮਾਜ਼ ਪੜ੍ਹਨ ਲਈ ਮਸਜਿਦ ਜਾਇਆ ਕਰਦੇ ਸਾਂ। ਇੰਝ ਹੁੰਦਾ ਸੀ ਕਿ ਬਾਂਗ ਨਾਲ ਅਸੀਂ ਉੱਠ ਬੈਠਦੇ, ਅੱਬਾ ਦੇ ਨਾਲ ਮਸਜਿਦ ਜਾਂਦੇ, ਨਮਾਜ਼ ਪੜ੍ਹਦੇ ਅਤੇ ਘੰਟਾ ਡੇਢ ਘੰਟਾ ਮੌਲਵੀ ਇਬਰਾਹੀਮ ਸਿਆਲਕੋਟੀ ਤੋਂ ਜੋ ਉਸ ਸਮੇ ਦੇ ਬੜੇ ਗਿਆਨੀ ਧਿਆਨੀ ਸਨ, ਕੁਰਾਨ ਦਾ ਪਾਠ ਪੜ੍ਹਦੇ ਅਤੇ ਫਿਰ ਅੱਬਾ ਨਾਲ ਡੇਢ ਦੋ ਘੰਟੇ ਸੈਰ ਕਰਦੇ ਅਤੇ ਫਿਰ ਸਕੂਲ। ਰਾਤ ਨੂੰ ਅੱਬਾ ਸੱਦ ਲੈਂਦੇ ਖ਼ੱਤ ਲਿਖਣ ਲਈ। ਉਸ ਜ਼ਮਾਨੇ ਵਿਚ ਉਨ੍ਹਾਂ ਨੂੰ ਖ਼ੱਤ ਲਿਖਣ ਵਿਚ ਕੁਝ ਕਠਿਨਾਈ ਹੁੰਦੀ ਸੀ। ਅਸੀਂ ਉਨ੍ਹਾਂ ਦੇ ਸੈਕ੍ਰੇਟਰੀ ਦੇ ਕੰਮ ਸਿਰੇ ਚੜ੍ਹਾਉਂਦੇ ਸਾਂ। ਉਨ੍ਹਾਂ ਨੂੰ ਅਖ਼ਬਾਰ ਵੀ ਪੜ੍ਹ ਕੇ ਸੁਣਾਉਂਦੇ ਸਾਂ। ਇਨ੍ਹਾਂ ਰੁਝੇਵਿਆਂ ਦੇ ਨਾਲ ਸਾਨੂੰ ਬਚਪਨ ਵਿਚ ਵੀ ਬਹੁਤ ਲਾਭ ਹੋਇਆ। ਉਰਦੂ, ਅੰਗ੍ਰੇਜ਼ੀ ਅਖ਼ਬਾਰ ਪੜ੍ਹਨ ਅਤੇ ਖ਼ੱਤ ਲਿਖਣ ਕਾਰਨ ਸਾਡੀ ਯੋਗਤਾ ਵਿਚ ਵਾਧਾ ਹੋਇਆ। ਇੱਕ ਹੋਰ ਯਾਦ ਤਾਜ਼ਾ ਹੋਈ ਹੈ।

ਸਾਡੇ ਘਰ ਨਾਲ ਲਗਦੀ ਇੱਕ ਦੁਕਾਨ ਸੀ। ਜਿੱਥੇ ਕਿਤਾਬਾਂ ਕਿਰਾਏ ਤੇ ਮਿਲਦੀਆਂ ਸਨ, ਇੱਕ ਕਿਤਾਬ ਦਾ ਕਿਰਾਇਆ ਦੋ ਪੈਸੇ ਹੁੰਦਾ ਸੀ। ਉੱਥੇ ਇੱਕ ਸੱਜਣ ਹੋਇਆ ਕਰਦੇ ਸਨ। ਜਿਹਨਾਂ ਨੂੰ ਸਾਰੇ ਭਾਈ ਸਾਹਿਬ ਕਿਹਾ ਕਰਦੇ ਸਨ। ਭਾਈ ਸਾਹਿਬ ਦੀ ਦੁਕਾਨ ਵਿੱਚ ਉਰਦੂ ਅਦਬ ਦਾ ਬਹੁਤ ਜ਼ਖੀਰਾ ਜਮ੍ਹਾਂ ਸੀ। ਸਾਡੇ ਛੇਵੀਂ ਸਤਵੀਂ ਦੇ ਵਿਦਿਆਰਥੀ ਹੋਣ ਸਮੇ ਜਿਨ੍ਹਾਂ ਕਿਤਾਬਾਂ ਦਾ ਰਿਵਾਜ਼ ਸੀ, ਅੱਜ ਕਲ ਉਹ ਲੱਗ ਭੱਗ ਨਹੀਂ ਮਿਲਦੀਆਂ। ਜਿਵੇਂ ਤਿਲਸਮੇ ਹੋਸ਼ਰਬਾ, ਅਫ਼ਸਾਨਾ ਏ ਆਜ਼ਾਦ, ਅਬਦੁਲ ਹਲੀਮ ਸ਼ਰਰ ਦੇ ਨਾਵਲ ਆਦਿ। ਇਹ ਸਾਰੀਆਂ ਕਿਤਾਬਾਂ ਪੜ੍ਹ ਮਾਰੀਆਂ, ਫਿਰ ਸ਼ਾਇਰਾਂ ਦਾ ਕਲਾਮ ਪੜ੍ਹਿਆ। ਗ਼ਾਲਿਬ, ਤਾਂ ਉਸ ਵੇਲੇ ਸਾਡੀ ਸਮਝ ਵਿਚ ਬਹੁਤਾ ਨਹੀਂ ਆਇਆ। ਦੂਸਰਿਆਂ ਦਾ ਵੀ ਅੱਧਾ ਕੁ ਸਮਝ ਵਿਚ ਆਉਂਦਾ ਸੀ ਅੱਧਾ ਕੁ ਨਹੀਂ ਵੀ ਆਉਂਦਾ ਸੀ। ਪਰ ਉਨ੍ਹਾਂ ਦਾ ਇੱਕ ਤੇ ਅਜਿਹਾ ਅਸਰ ਹੁੰਦਾ ਸੀ, ਜਿਵੇਂ ਸਾਹ ਰੁਕਣ ਲੱਗਾ ਹੈ। ਇਸ ਅਧਿਅਨ ਦੇ ਕਾਰਨ ਹੀ ਸਾਹਿਤ ਨਾਲ ਲਗਨ ਉਪਜੀ ਅਤੇ ਸਾਹਿਤ ਵਿਚ ਦਿਲਚਸਪੀ ਹੋਣ ਲੱਗੀ।

ਅਸੀਂ ਅੰਗ੍ਰੇਜ਼ੀ ਨਾਵਲ ਪੜ੍ਹਨੇ ਸ਼ੁਰੂ ਕੀਤੇ। ਡਿਕਨਜ਼ ਪੜ੍ਹਿਆ, ਹਾਰਡੀ ਪੜ੍ਹਿਆ, ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਪੜ੍ਹ ਲਿਆ। ਉਹ ਵੀ ਅੱਧਾ ਸਮਝ ਵਿਚ ਆਉਂਦਾ ਸੀ, ਅੱਧਾ ਨਹੀਂ ਵੀ ਆਉਂਦਾ ਸੀ। ਪਰ ਇਸ ਅਧਿਅਨ ਨਾਲ ਸਾਡੀ ਅੰਗ੍ਰੇਜ਼ੀ ਵਧੀਆ ਹੋ ਗਈ। ਉਤਸ਼ਾਹ ਪੈਦਾ ਹੋਣ ਲੱਗਾ। ਦਸਵੀਂ ਜਮਾਤ ਵਿਚ ਪਹੁੰਚਣ ਤੱਕ ਮਹਿਸੂਸ ਹੋਇਆ ਕਿ ਕਈ ਅਧਿਆਪਕ ਪੜ੍ਹਾਉਣ ਵਿਚ ਕੁਝ

ਗ਼ਲਤੀਆਂ ਕਰ ਜਾਂਦੇ ਹਨ। ਅਸੀਂ ਉਨ੍ਹਾਂ ਦੀ ਅੰਗ੍ਰੇਜ਼ੀ ਠੀਕ ਕਰਨ ਲੱਗੇ। ਇਸ ਤੇ ਸਾਡੀ ਪਿਟਾਈ ਤਾਂ ਨਾ ਹੁੰਦੀ। ਹਾਂ ਉਹ ਅਧਿਆਪਕ ਕਦੀ ਗੁੱਸੇ ਹੋ ਜਾਂਦੇ ਤੇ ਕਹਿੰਦੇ ਜੇ ਤੈਨੂੰ ਸਾਥੋਂ ਚੰਗੀ ਅੰਗ੍ਰੇਜ਼ੀ ਆਉਂਦੀ ਹੈ ਤਾਂ ਤੂੰ ਹੀ ਪੜ੍ਹਾਇਆ ਕਰ। ਸਾਥੋਂ ਕਿਉਂ ਪੜ੍ਹਦਾ ਏਂ।

## ਐਬਟਾਬਾਦ ਦੇ ਖਟਮਲ

ਐਬਟਾਬਾਦ ਦੇ ਖਟਮਲ ਬੜੇ ਪ੍ਰਸਿੱਧ ਹਨ। ਮੈਨੂੰ ਇਹ ਉਨ੍ਹਾਂ ਦਿਨਾਂ ਤੋਂ ਯਾਦ ਹਨ, ਜਦ ਮੈਂ ਛੋਟਾ ਹੁੰਦਾ ਇੱਕ ਵਾਰ ਐਬਟਾਬਾਦ ਗਿਆ ਸੀ। ਪਰ ਉਦੋਂ ਤੋਂ ਹੁਣ ਤੱਕ ਕਾਫ਼ੀ ਸਮਾ ਲੰਘ ਗਿਆ ਹੈ। ਪਰ ਅਜੇ ਕੱਲ੍ਹ ਦੀ ਗੱਲ ਲਗਦੀ ਹੈ। ਹਮੀਦ ਭਾਈ ਦੀ ਇਕਲੋਤੀ ਭੈਣ ਜੋ ਬਹੁਤ ਖ਼ੂਬਸੂਰਤ ਸੀ, ਉਸ ਦੀ ਜੁਆਨੀ ਵਿਚ ਮਿਰਤੂ ਹੋ ਗਈ ਸੀ, ਇਸ ਇਲਾਕੇ ਵਿਚ ਵਿਆਹੀ ਹੋਈ ਸੀ। ਮੈਂ ਅਤੇ ਤੁਫ਼ੈਲ ਉਨ੍ਹਾਂ ਕੋਲ ਗਰਮੀਆਂ ਦੀਆ ਛੁੱਟੀਆਂ ਕੱਟਣ ਗਏ ਸਾਂ। ਉਨ੍ਹਾਂ ਦੇ ਪਤੀ ਦੇ ਪੀਰ ਸਾਹਿਬ ਇੱਕ ਦਿਨ ਸਾਨੂੰ ਐਬਟਾਬਾਦ ਦੀ ਸੈਰ ਨੂੰ ਲੈ ਗਏ। ਉਥੇ ਖਟਮਲਾਂ ਨੇ ਏਨਾਂ ਬੁਰੀ ਤਰਾਂ ਕਟਿੱਆ, ਕਿ ਮੈਨੂੰ ਬੁਖ਼ਾਰ ਹੋ ਗਿਆ ਅਤੇ ਕਈ ਦਿਨ ਬਿਸਤਰੇ ਵਿਚ ਰਹਿਣਾ ਪਿਆ। ਮੈਂ ਇਸ ਤੋਂ ਪਹਿਲਾ ਪਹਾੜ, ਪਹਾੜੀ ਨਦੀਆਂ, ਅਤੇ ਚਸ਼ਮੇ ਕਦੀ ਨਹੀਂ ਦੇਖੇ ਸਨ। ਇਹ ਸਭ ਕੁਝ ਕਿੰਨਾ ਆਨੰਦ ਮਈ ਸੀ। ਹੁਜਰੇ ਦੇ ਵਿਹੜੇ ਵਿਚ ਮੇਰੀ ਚਾਚੇ ਦੀ ਧੀ ਭੈਣ ਦਾ ਪਤੀ ਜੋ ਸਥਾਨਕ ਖ਼ਾਨ ਸੀ, ਪਸਤੌਲ ਨਾਲ ਨਿਸ਼ਾਨਾ ਲਾਉਣ ਦੀ ਮਸ਼ਕ ਕਰ ਰਹੇ ਹਨ। ਘਰ ਦੇ ਅੰਦਰ ਲਾਨ ਵਿਚ ਕਈ ਪਰਕਾਰ ਦੀਆਂ ਤਲਵਾਰਾਂ, ਖ਼ੰਜਰ, ਅਤੇ ਛੁਰੇ ਸਜੇ ਹੋਏ ਹਨ। ਪੀਰ ਸਾਹਿਬ ਦੀ ਬੁੱਢੀ ਮਾਂ ਧਾਗੇ ਤਵੀਤ ਕਰ ਰਹੀ ਹੈ। ਅਤੇ ਜਦੋਂ ਬੰਦੇ ਇੱਧਰ ਉਧੱਰ ਹੁੰਦੇ ਹਨ ਤਾਂ ਪਿੰਡ ਦੀਆਂ ਸੁੰਦਰੀਆਂ ਨਦੀ ਵਿਚ ਨੰਗੀਆਂ ਨਹਾਉਂਦੀਆਂ ਹਨ।

## ਇੱਕ ਐਡਵੈਂਚਰ:

ਗੰਨਿਆਂ ਦੇ ਖੇਤਾਂ ਦੀ ਨਸ਼ੀਲੀ ਮਹਿਕ ਨਿੰਬੂਆਂ ਅਤੇ ਸੰਤਰਿਆ ਦੇ ਨਵੇਂ ਖਿੜੇ ਫੁੱਲਾਂ ਦੀ ਯਾਦ, ਅਮਲਤਾਸ ਦੇ ਰੁੱਖਾਂ ਤੇ ਝੂਮਦੀਆਂ ਹੋਈਆਂ ਸੁਨਹਿਰੀ ਫ਼ਲੀਆਂ, ਵਾਨ ਗਾਫ਼ ਦੀਆਂ ਤਸਵੀਰਾਂ ਦੇ ਰੰਗ ਵਰਗੇ, ਕਣਕ ਅਤੇ ਸਰੋਂ ਦੇ ਖੇਤ, ਮੀਂਹ ਪਿੱਛੋਂ ਧੁੱਪ ਦਾ ਨਿੱਖਰਿਆ ਰੂਪ, ਟਾਹਲੀਆਂ ਦੇ ਰੁੱਖਾਂ ਹੇਠ ਤੱਤੀ ਵਾ ਵਿਚ ਠੰਡਕ ਦੀ ਲਹਿਰ, ਹੇਠ ਨਰਮ ਘਾਹ ਦੀ ਛੋਹ, ਉਹ ਵਲਵਲਾ ਜੋ ਰੇਲ ਦੇ ਇੰਜਣ ਦੀ ਸੀਟੀ ਅਤੇ ਛਕ ਛਕ ਤੋਂ ਜਾਂ ਪਾਣੀ ਵਿਚ ਕਾਗ਼ਜ਼ ਦੀਆਂ ਬੇੜੀਆਂ ਬਣਾ ਬਣਾ ਛੱਡਣ ਤੋਂ ਉਠਦਾ ਸੀ, ਅਜਿਹੇ ਦਿਨ ਜਿਨ੍ਹਾਂ ਵਿੱਚ ਖ਼ੁਸ਼ੀ ਨਾਲ ਸਾਹ ਰੁਕਦਾ ਸੀ, ਅਜਿਹੇ ਦਿਨ ਵੀ ਜੋ ਕਦੀ ਡਰ ਅਤੇ ਭੈ ਨਾਲ ਕਾਲੇ ਰੰਗ ਦੇ ਦਿਖਾਈ ਦਿੰਦੇ ਸਨ, ਅਤੇ ਕਦੀ ਦਰਦ ਅਤੇ ਬੀਮਾਰ ਦੀ ਤਲਵਾਰ ਵਾਂਗ ਤਿੱਖੇ ਕੱਟਣ ਵਾਲੇ।

ਮੈਂ ਆਪਣੇ ਵੱਡੇ ਭਰਾ ਹਾਜੀ ਤੁਫ਼ੈਲ ਅਹਿਮਦ ਦੇ ਨਾਲ ਪਹਿਲੀ ਵਾਰ ਇੱਕ ਅਮੀਰ ਲੜਕੇ ਦੀ ਹੈਸੀਅਤ ਵਿਚ ਪਿੰਡ ਗਿਆ। ਤੁਫ਼ੈਲ ਭਾਈ ਆਮ ਤੌਰ ਤੇ ਹਾਜੀ ਕਹਾਉਂਦੇ ਸਨ। ਕਿਉਂਕਿ ਵਾਲਦ ਸਾਹਿਬ ਉਸ ਨੂੰ ਬਚਪਨ ਵਿਚ ਹੀ ਆਪਣੇ ਨਾਲ ਹੱਜ ਨੂੰ ਲੈ ਗਏ ਸਨ। ਭਈ, ਅਸੀਂ ਤਾਂ ਖ਼ਾਨ ਸਾਹਿਬ ਦੇ ਬੱਚੇ ਸਾਂ, ਪਰ ਰਿਸ਼ਤੇਦਾਰ ਤਾਂ ਗ਼ਰੀਬ ਹੀ ਸਨ। ਪਿੰਡ ਵਿਚ ਸਾਰੇ ਖ਼ਾਨ ਬਹਾਦਰ ਥੋੜ੍ਹੇ ਹੁੰਦੇ ਹਨ। ਸਾਡੀ ਅਨੋਖੀ ਸ਼ਾਨ ਸੀ। ਸਾਰੇ ਸਾਨੂੰ ਪਿਆਰ ਅਤੇ ਈਸਾਰ ਦਾ ਨਜ਼ਰਾਨਾ ਪੇਸ਼ ਕਰ ਰਹੇ ਸਨ। ਔਰਤਾਂ ਖ਼ਾਸ ਤੇ, ਇਹ ਵੀ ਇੱਕ ਅਨੋਖਾ ਤਜ਼ਰਬਾ ਸੀ। ਅਸੀਂ ਰਈਸਾਂ ਦੀ ਔਲਾਦ ਠਹਿਰੇ। ਐਸ਼ ਇਸ਼ਰਤ ਵਿਚ ਪਲੇ ਹੋਏ। ਰਿਸ਼ਤੇਦਾਰ ਭੁੱਖਾਂ ਮਾਰੇ ਤੰਗ ਅਤੇ ਹਨ੍ਹੇਰੇ, ਨਾਮ ਅਤੇ ਹੋਂਦ ਤੋਂ ਰਹਿਤ ਮਕਾਨਾਂ ਦੇ ਵਾਸੀ, ਜਿਨ੍ਹਾਂ ਕੋਲ ਤਹਿਮਤ ਅਤੇ ਝੱਗੇ ਦੇ ਸਿਵਾ ਕੁਝ ਵੀ ਨਹੀਂ ਸੀ। ਨੰਗੇ ਪੈਰੀਂ, ਸਿਰ ਤੇ ਪੁਰਾਣੀ ਗਲੀ ਸੜੀ ਪਾਟੀ ਹੋਈ ਪੱਗ, ਜਾਂ ਲੀਰੋ ਲੀਰ ਦੁਪੱਟੇ, ਜਿਨ੍ਹਾਂ ਦੇ ਸਰੀਰਾਂ ਤੋਂ, ਅਸਲੀ ਬੋ ਆ ਰਹੀ ਹੋਵੇ। ਜਿਨ੍ਹਾਂ ਨੇ ਲਕਸ ਦਾ ਨਾਮ ਵੀ ਨਾ ਸੁਣਿਆ ਹੋਵੇ। ਜੋ ਚੁੱਲ੍ਹੇ ਦੀ ਸਵਾਹ ਨਾਲ ਤੌੜੀਆਂ ਅਤੇ ਭਾਡੇ ਮਾਂਜਦੇ ਹੋਣ। ਬਲਕਿ ਬਹੁਤ ਵੱਧ ਆਪਣੇ ਹੱਥ ਵੀ ਸਾਫ਼ ਕਰਦੇ ਹੋਣ। ਜੋ ਸਰਫ਼ ਦੇ ਨਾਮ ਤੋਂ ਵੀ ਅਣਜਾਣ ਹੋਣ। ਇਹ ਲੋਕ ਚਲੇ ਆ ਰਹੇ ਸਨ। ਆਪਣੇ ਦੋਨੋ ਹੱਥ ਜੋ ਮਿਹਨਤ ਨਾਲ ਖ਼ੁਰਦਰੇ ਹੋ ਚੁੱਕੇ ਸਨ, ਸਾਡੀਆਂ ਕੰਨਪਟੀਆਂ ਤੇ ਰੱਖ ਕੇ ਸਾਡੀਆਂ ਅੱਖਾਂ ਵਿਚ ਅੱਖਾਂ ਪਾ ਰਹੇ ਸਨ। ਸਾਡੀ ਉਮਰ ਦੇ ਮੁੰਡੇ ਕੁੜੀਆਂ ਪੀਲੇ ਜ਼ਰਦ, ਮੈਲੇ ਕੁਚੈਲੇ ਕਪੜਿਆਂ ਵਿਚ ਲਿਪਟੇ, ਪੈਰਾਂ ਤੋਂ ਨੰਗੇ ਸਾਨੂੰ ਦੂਰੋਂ ਹੀ ਘੂਰਦੇ ਸਨ। ਅਤੇ ਆਪਸ ਵਿੱਚ ਹਸਦੇ ਸਨ। ਪਤਾ ਨਹੀਂ ਕੀ ਕਹਿੰਦੇ ਸਨ, ਕਿਸ ਗਲ ਤੋਂ ਹਸਦੇ ਸਨ। ਅਸੀਂ ਹੈਰਾਨ ਹੋ ਰਹੇ ਸਾਂ। ਫਿਰ ਡਰ ਅਤੇ ਝਿਜਕ ਯਕਾਯੱਕ ਪਿਆਰ ਮੁਹੱਬਤ ਦਾ ਠਾਠਾਂ ਮਾਰਦਾ ਸਮੁੰਦਰ ਬਣ ਗਿਆ। ਇੱਕ ਔਰਤ ਨੇ ਇਸੇ ਹੀ ਖ਼ੁਸ਼ੀ ਦੇ ਆਲਮ ਅਤੇ ਪਿਆਰ ਦੇ ਜੋਸ਼ ਵਿੱਚ ਇੰਨੇ ਜ਼ੋਰ ਨਾਲ ਮੂੰਹ ਚੁੱਮਿਆਂ, ਕਿ ਉਸ ਦੀ ਆਵਾਜ਼ ਦੂਰ ਤੀਕ ਸੁਣਾਈ ਦਿੱਤੀ। ਅਤੇ ਸਾਨੂੰ ਵੀ ਪਤਾ ਲੱਗਾ, ਕਿ ਕਿਸੇ ਨੇ ਮੂੰਹ ਚੁੰਮਿਆ ਹੈ। ਕਿਸੇ ਨੇ ਕਿਹਾ, ਫ਼ੈਜ਼ ਇਹ ਸਾਡੀ ਭੂਆ ਹੈ। ਅਸੀਂ ਤਾਂ ਇਸ ਤਜ਼ਰਬੇ ਨਾਲ ਲੱਗ ਭੱਗ ਬੇਹੋਸ਼ ਹੋ ਗਏ ਸਾਂ। ਪਹਿਲੀ ਵਾਰ ਜ਼ਿੰਦਗੀ ਵਿਚ ਇਹ ਅਹਿਸਾਸ ਹੋਇਆ, ਕਿ ਬਾਦਸ਼ਾਹ ਲੋਕ ਕਿਉਂ ਬਾਦਸ਼ਾਹ ਹੁੰਦੇ ਹਨ। ਅਤੇ ਬਾਦਸ਼ਾਹ ਲੋਕ ਇਨ੍ਹਾਂ ਸਾਦੇ ਸੁਭਾ ਦੇ ਗ਼ਰੀਬ, ਮੁਹੱਬਤ ਪਿਆਰ ਦੇ ਪੁਤਲੇ ਇਨਸਾਨਾਂ ਨੂੰ ਆਖ਼ਿਰਕਾਰ ਕਿਉਂ ਅਵਾਮ ਬਣਾ ਦਿੰਦੇ ਹਨ। ਮੈਨੂੰ ਇਸ ਛੋਟੀ ਉਮਰ ਵਿਚ ਹੀ ਇਹਸਾਸ ਹੋਇਆ, ਕਿ ਸ਼ਹਿਜ਼ਾਦਾ ਤੇ ਸ਼ਹਿਜ਼ਾਦੀ ਬਣਨਾ ਕਿੰਨਾ ਸੌਖਾ ਹੈ। ਬਸ ਕਿਸੇ ਬਾਦਸ਼ਾਹ ਦੇ ਵੀਰਜ ਦੀ ਲੋੜ ਹੈ। ਪਰ ਇਹ ਮੁਹੱਬਤ ਅਤੇ ਕੁਰਬਾਨੀ ਦੇ ਪੁਤਲੇ ਬਣਨ ਲਈ ਕਿੰਨੀ ਮਿਹਨਤ, ਹਿੰਮਤ ਅਤੇ ਕੋਸ਼ਿਸ਼ ਦੀ ਲੋੜ ਹੇ। ਮੈਨੂੰ ਆਪਣੇ ਬਾਪ ਦੀ ਖਾਨ ਬਹਾਦਰੀ ਤੀਰ ਅਨੁਭਵ ਹੋਣ ਲੱਗੀ ਅਤੇ ਉਸ ਤੋਂ ਉਲਝਣ ਪੈਦਾ ਹੋਣੀ ਆਰੰਭ ਹੋ ਗਈ। ਮੈਨੂੰ ਲੋਕ ਚੰਗੇ ਲੱਗਣ ਲੱਗੇ। ਪਿੰਡ ਵਿਚ ਸਾਡੀਆਂ ਭੂਆਵਾਂ ਨੇ ਸਾਨੂੰ ਘੇਰ ਲਿਆ। ਸਾਨੂੰ ਉਹ ਬਹੁਤ ਚੰਗੀਆਂ ਲੱਗੀਆਂ। ਔਰਤਾਂ ਹਰ ਰੂਪ ਵਿਚ ਮੈਨੂੰ ਸਦਾ ਹੀ ਚੰਗੀਆਂ ਲੱਗਦੀਆਂ ਹਨ। ਔਰਤ ਬੜੀ ਵਧੀਆ ਸ਼ੈ ਹੈ। ਹਾਂ ਪਿੰਡ ਵਿਚ ਅਸੀਂ ਪਹਿਲੀ ਵਾਰ ਚੱਕੀ ਦੇਖੀ। ਅਜੀਬ ਚੀਜ਼ ਸੀ। ਜਿਸ ਵਿਚ ਬਾਜਰੇ ਅਤੇ ਕਣਕ ਦੇ ਦਾਣੇ ਪੀਸੇ ਜਾਂਦੇ ਸਨ ਅਤੇ ਉਹ ਵੀ ਔਰਤ ਦੇ ਹੱਥਾਂ ਦੀ ਤਾਕਤ ਨਾਲ।

ਇੱਕ ਰਾਤ ਅਸੀਂ ਦੋਹਾਂ ਭਰਾਵਾਂ ਨੇ ਸਲਾਹ ਬਣਾਈ ਕਿ ਅਸੀਂ ਵੀ ਚੱਕੀ ਚਲਾਈਏ। ਸਾਨੂੰ ਪਤਾ ਨਹੀਂ ਸੀ, ਕਿ ਦਾਣੇ ਕਿੱਥੇ ਪਾਉਂਦੇ ਹਨ। ਬੱਸ ਮੈਂ ਦਾਣੇ ਹੱਥਾਂ ਵਿੱਚ ਲਏ, ਵੱਡੇ ਭਰਾ ਨੇ ਚੱਕੀ ਦਾ ਉਤਲਾ ਪੁੜ ਚੱਕਿਆ। ਮੈ ਦਾਣੇ ਪਾ ਦਿੱਤੇ। ਇਸ ਤੋਂ ਪਹਿਲਾ ਕਿ ਮੈਂ ਭਰਾ ਦਾ ਹੱਥ ਵਟਾਉਂਦਾ, ਭਰਾ ਦੇ ਹੱਥੋਂ ਉਹ ਪੁੜ ਛੁੱਟ ਗਿਆ ਅਤੇ ਸਾਡੀ ਉਂਗਲੀ ਪੀਚੀ ਗਈ। ਚੱਕੀ ਦੇ ਪੁੜਾਂ ਵਿਚੋਂ ਆਟੇ ਦੀ ਥਾਂ ਮੇਰਾ ਮੇਰਾ ਲਹੂ ਵਗਣ ਲੱਗ ਪਿਆ। ਭਰਾ ਡਰ ਗਿਆ। ਸਾਨੂੰ ਵੀ ਡਰਾਇਆ। ਅਸੀਂ ਮੀਟਿੰਗ ਕਰਕੇ ਇਹ ਫ਼ੈਸਲਾ ਕੀਤਾ ਕਿ ਇਸ ਦੀ ਖ਼ਬਰ ਕਿਸੇ ਨੂੰ ਨਾ ਹੋਣ ਦਿਓ। ਖ਼ਾਸ ਕਰਕੇ ਖ਼ਾਨ ਬਹਾਦਰ ਨੂੰ।

ਅਸੀਂ ਦੋਨੋ ਚੁੱਪ ਚਾਪ ਆਪਨੇ ਬਿਸਤਰਿਆਂ ਵਿਚ ਚਲੇ ਗਏ। ਮੇਰਾ ਖ਼ਿਆਲ ਹੈ, ਕਿ ਭਰਾ ਤਾਂ 'ਸਵੇਰੇ ਕੀ ਹੋਵੇਗਾ' ਦਾ ਹਿਸਾਬ ਕਿਤਾਬ ਕਰਦਾ ਕਰਦਾ ਅਤੇ ਸਕੀਮਾ ਬਣਾਉਂਦਾ ਹੋਇਆ ਸੌਂ ਗਿਆ ਹੋਵੇਗਾ। ਮੈਂ ਕੋਈ ਸਕੀਮ ਨਾ ਬਣਾ ਸਕਿਆ, ਨਾ ਸੋਚ ਸਕਿਆ। ਉਂਗਲੀ ਦੇ ਜ਼ਖ਼ਮ ਦਾ ਦਰਦ ਬਹੁਤ ਜ਼ੋਰ ਦਾ ਸੀ ਅਤੇ ਸਾਰੇ ਸਰੀਰ ਵਿਚ ਪੱਸਰ ਚੁੱਕਾ ਸੀ।ਸਾਰੀ ਰਾਤ ਉਨੀਂਦਰੇ ਕੱਟੀ। ਸਵੇਰੇ ਉੱਠੇ ਤਾਂ ਦੇਖਿਆ ਕਿ ਉਹ ਸਾਫ਼ ਚਿੱਟੀ ਚਾਦਰ ਜੋ ਸਾਡੀ ਚਾਚੀ ਨੇ ਰਾਤ ਵਿਛਾਈ ਸੀ, ਲਹੂ ਨਾਲ ਲਤਪਤ ਹੋਈ ਪਈ ਸੀ। ਸਾਰੀ ਰਾਤ ਉਂਗਲੀ ਦੇ ਇਸ ਜ਼ਖ਼ਮ ਤੋਂ ਲਹੂ ਵਹਿੰਦਾ ਰਿਹਾ, ਅਤੇ ਮੈਂ ਦਰਦ ਨਾਲ ਸੀ ਕਰਨ ਤੋਂ ਬਿਨਾ ਹੀ ਸਹਿੰਦਾ ਰਿਹਾ। ਪਿਆਰ ਕਰਨ ਵਾਲੀਆਂ ਚਾਚੀਆਂ ਤੇ ਭੂਆਆਂ ਜਦ ਜਗਾਉਣ ਆਈਆਂ, ਤਾਂ ਮੈਂ ਜਾਗ ਰਿਹਾ ਸਾਂ। ਮੈਂ ਕੁਛ ਨਹੀਂ ਕਿਹਾ, ਲਹੂ ਨਾਲ ਭਿੱਜੀ ਚਾਦਰ ਦੇਖ ਕੇ ਉਨ੍ਹਾਂ ਨੂੰ ਚਿੰਤਾ ਹੋਈ, ਕਿ ਕਹਾਣੀ ਕੀ ਹੈ। ਅਸੀਂ ਫੜੇ ਗਏ, ਪੁੱਛਿਆ ਕਿ ਕੀ ਹੋਇਆ, ਅਸੀਂ ਸਭ ਕੁਝ ਸੱਚ ਸੱਚ ਦੱਸ ਦਿੱਤਾ।

## ਬਚਪਨ ਦੀ ਇੱਕ ਹੋਰ ਯਾਦ:

ਈਦਗਾਹ ਵਿੱਚ ਸੰਘਣੇ ਰੁੱਖਾਂ ਹੇਠ ਮੇਰੇ ਅੱਬਾ ਖ਼ਤਬਾ (ਵਿਖਿਆਨ) ਦੇ ਰਹੇ ਸਨ। (ਈਦ ਦੀ ਨਮਾਜ਼ ਤੋਂ ਪਹਿਲਾਂ ਉਹ ਸਦਾ ਖ਼ਤਬਾ ਦਿੰਦੇ ਸਨ) ਅਤੇ ਮੈਂ ਦੇਖਿਆ, ਕਿ ਮੋਹਰਲੀ ਕਤਾਰ ਵਿਚ ਮੈਂ ਤੇ ਤੁਫ਼ੈਲ ਮਖ਼ਮਲ ਦੇ ਕੋਟ ਪਾ ਕੇ ਬੈਠੇ ਹਾਂ। ਅਤੇ ਨਮਾਜ਼ ਦੇ ਪਿੱਛੋਂ ਸਾਡੀ ਫ਼ਿਟਨ (ਬੱਘੀ) ਈਦਗਾਹ ਤੋਂ ਚੱਲੀ ਹੈ। ਘੋੜਿਆਂ ਦੇ ਗਲਾਂ ਵਿਚ ਬੱਨ੍ਹੀਆਂ ਟੱਲੀਆਂ ਵੱਜ ਰਹੀਆਂ ਹਨ। ਸਾਈਸ ਸੜਕ ਦੇ ਦੋਹੀਂ ਪਾਸੀਂ ਪੈਸੇ ਸੁੱਟ ਰਿਹਾ ਹੈ ਅਤੇ ਰੌਲਾ ਪਾਉਂਦੇ ਬੱਚੇ ਘਰ ਤੀਕ ਸਾਡੀ ਗੱਡੀ ਦੇ ਨਾਲ ਨਾਲ ਦੌੜੇ ਜਾਂਦੇ ਹਨ। ਫਿਰ ਉਹ ਘੜੀ ਯਾਦ ਆਈ, ਕਿ ਅਸੀਂ ਜ਼ਨਾਨ ਖ਼ਾਨੇ ਤੇ ਵਿਹੜੇ ਵਿੱਚ ਦਾਖ਼ਲ ਹੁੰਦੇ ਹਾਂ। ਜੋ ਬਹੁਤ ਸਾਰੀਆਂ ਔਰਤਾਂ ਨਾਲ ਖਚਾ ਖੱਚ ਭਰਿਆ ਹੋਇਆ ਹੈ। ਮੇਰੀਆਂ ਸਕੀਆਂ ਭੈਣਾਂ ਹਨ, ਉਨ੍ਹਾਂ ਦੇ ਬੱਚੇ ਹਨ, ਨੌਕਰਾਣੀਆਂ ਹਨ, ਆਪਣੇ ਪਿੰਡ ਦੀਆਂ ਗ਼ਰੀਬ ਪਰਾਹੁਣੀਆਂ ਤੀਵੀਆਂ ਹਨ।

ਸਾਡੇ ਅੱਬਾ ਦੇ ਅੰਦਰ ਵੜਦਿਆਂ ਹੀ ਯਕਾਯੱਕ ਵਿਹੜੇ ਵਿੱਚ ਚੁੱਪਚਾਪ ਸਨਾਟਾ ਛਾ ਜਾਂਦਾ ਹੈ। ਵਾਰੀ ਵਾਰੀ ਸਾਰੇ ਉਨ੍ਹਾਂ ਦਾ ਹੱਥ ਚੁੰਮਦੇ ਹਨ। ਫਿਰ ਸਾਡੀ ਦਾਦੀ ਰਸਤਾ ਲਭਦੀ ਲਭਦੀ ਆਪਣੇ ਕਮਰੇ ਵਿਚੋਂ ਨਿਕਲਦੀ ਹੈ। ਅਤੇ ਸਾਡੇ ਅੱਬਾ ਜਾਨ ਅਸੀਸ ਲਈ ਆਪਣਾ ਰੋਅਬ ਵਾਲਾ ਸਿਰ ਉਨ੍ਹਾਂ ਅੱਗੇ ਝੁਕਾ ਦਿੰਦੇ ਹਨ। ਉਹ ਉਨ੍ਹਾਂ ਦੇ ਸਿਰ ਤੇ ਹੱਥ ਫੇਰਦੀ ਹੈ, ਅਸੀਸਾਂ ਦਿੰਦੀ ਹੈ। ਅਤੇ ਫਿਰ ਅੱਬਾ ਬਾਹਰ ਮਰਦਾਨੇ ਵਿਚ ਚਲੇ ਜਾਂਦੇ ਹਨ। ਚੁੱਪ ਟੁੱਟ ਜਾਂਦੀ ਹੈ। ਅਤੇ ਵਿਹੜੇ ਵਿਚ ਸਾਰੇ ਲੋਕ ਹਾਸਾ, ਮਜ਼ਾਕ, ਅਤੇ ਰੌਲੇ ਗੌਲੇ ਨਾਲ ਆਕਾਸ਼ ਸਿਰ ਤੇ ਚੁੱਕ ਲੈਂਦੇ ਹਨ।

## ਨਜ਼ਮ ਕਹਿਣ ਦਾ ਆਰੰਭ:

ਪਹਿਲੀ ਵਾਰ ਮੈਂ ਨਜ਼ਮ ਉਦੋਂ ਕਹੀ ਜਦੋਂ ਅਸੀਂ ਸਤਵੀਂ ਵਿਚ ਸਾਂ। ਉਹ ਇੰਝ ਕਿ ਸਾਡੇ ਵੱਡੇ ਭਰਾ ਸਵਰਗਵਾਸੀ ਜਿਨ੍ਹਾਂ ਦੀ ਮਿਰਤੂ ਹੋ ਚੁੱਕੀ ਹੈ। ਉਨ੍ਹਾਂ ਦੇ ਇੱਕ ਦੋਸਤ ਸਨ, ਜੋ ਬਾਅਦ ਵਿਚ ਜੱਜ ਹੋ ਗਏ ਸਨ, ਹਾਈ ਕੋਰਟ ਦੇ। ਨਜ਼ੀਰ ਅਹਿਮਦ ਮਹਿਮੂਦ ਉਨ੍ਹਾਂ ਦਾ ਨਾਮ ਸੀ। ਇਹ ਦੋਨੋ ਪੜ੍ਹਦੇ ਸਨ ਦੱਸਵੀਂ ਜਮਾਤ ਵਿੱਚ, ਅਸੀਂ ਪੜ੍ਹਦੇ ਸਾਂ ਸਤਵੀਂ ਜਮਾਤ ਵਿਚ। ਉਨ੍ਹਾਂ ਨਜ਼ੀਰ ਅਹਿਮਦ ਸਾਹਿਬ ਨੇ ਸਾਨੂੰ ਇੱਕ ਦਿਨ ਕਿਹਾ, ਭਈ ਤੈਨੂੰ ਉਰਦੂ ਤਾਂ ਬਹੁਤ ਆਉਂਦੀ ਹੈ, ਕਦੀ ਸ਼ਿਅਰ ਤਾਂ ਨਹੀਂ ਬਣਾਇਆ। ਕਹਿਣ ਲੱਗੇ, ਹੁਣ ਬਣਾ। ਮੈਂ ਕਿਹਾ ਕਿ ਕੀ ਕਰਾਂ। ਕਹਿਣ ਲੱਗੇ, ਇੱਕ ਮੁੰਡਾ ਪੜ੍ਹਦਾ ਹੈ ਸਾਡੀ ਜਮਾਤ ਵਿੱਚ, ਉਸਦਾ ਨਾਮ ਹੈ, ਛੱਜੂ ਰਾਮ। ਉਸ ਨੇ ਸਾਨੂੰ ਬਹੁਤ ਤੰਗ ਕਰ ਰਖਿਆ ਹੈ। ਤੂੰ ਉਸਦੇ ਖ਼ਿਲਾਫ਼ ਇੱਕ ਨਜ਼ਮ ਬਣਾ ਦੇ। ਜਿਸ ਵਿਚ ਕੁਛ ਇਸ ਪ੍ਰਕਾਰ ਦੇ ਸ਼ਿਅਰ ਹੋਣ। ਕਿ ਉਸਦਾ ਜੋ ਸਿਰ ਹੈ, ਉਹ ਤੌੜੀ ਵਰਗਾ ਹੈ। ਉਸਦਾ ਜੋ ਢਿਡ ਹੈ ਉਹ ਮਟਕੇ ਵਰਗਾ ਹੈ। ਇਸ ਦੀਆਂ ਜੋ ਲੱਤਾਂ ਹਨ, ਤਿਨਕਿਆਂ ਵਰਗੀਆਂ ਹਨ। ਉਸਦੇ ਜੋ ਹੱਥ ਹਨ, ਉਹ ਅਜਿਹੇ ਹਨ. ਜੋ ਅੱਖਾਂ ਹਨ ਉਹ ਅਜਿਹੀਆਂ ਹਨ। ਇਸ ਤੇ ਅਸੀਂ ਸੱਤਾਂ, ਅੱਠਾਂ, ਦਸਾਂ ਲਾਈਨਾਂ ਦੀ ਇੱਕ ਨਜ਼ਮ ਬਣਾ ਕੇ ਦੇ ਦਿੱਤੀ। ਉਨ੍ਹਾਂ ਨੇ ਉਹ ਕਲਾਸ ਵਿੱਚ ਜਾ ਕੇ ਸੁਣਾ ਦਿੱਤੀ ਅਤੇ ਉਹ ਸਾਰੇ ਸਕੂਲ ਵਿੱਚ ਪਰਸਿੱਧ ਹੋ ਗਈ। ਫਿਰ ਸਾਨੂੰ ਖ਼ਿਆਲ ਆਇਆ ਕਿ ਭਈ ਉਹ ਜੋ ਛੱਜੂ ਰਾਮ ਹੈ, ਉਸ ਨੂੰ ਬਹੁਤ ਬੁਰਾ ਲੱਗਾ ਹੋਵੇਗਾ। ਅਸੀਂ ਉਸਦੇ ਵਿਰੁੱਧ ਏਨੀਆਂ ਗੱਲਾਂ ਲਿਖੀਆਂ ਹਨ। ਅਸੀਂ ਜਾ ਕੇ ਭਰਾ ਨੂੰ ਕਿਹਾ, ਕਿ ਉਹ ਛੱਜੂ ਰਾਮ ਦਾ ਚਿਹਰਾ ਦਿਖਾਉਣ। ਅਸੀਂ ਗਏ ਉਨ੍ਹਾਂ ਕੋਲ, ਅਤੇ ਕਿਹਾ, ਦੇਖੋ ਭਈ ਸਾਨੂੰ ਮਾਫ਼ ਕਰ ਦਿਓ। ਅਸੀਂ ਤਾਂ ਤੁਹਾਨੂੰ ਜਾਣਦੇ ਤੱਕ ਨਹੀਂ ਸੀ ਅਸੀਂ ਆਪਦੇ ਵਿਰੁੱਧ ਏਨਾ ਕੁਛ ਲਿਖ ਦਿੱਤਾ। ਉਹ ਕਹਿਣ ਲੱਗੇ, ਵਾਹ ਜੀ ਵਾਹ, ਅਸੀਂ ਤਾਂ ਬਹੁਤ ਖ਼ੁਸ਼ ਹਾਂ। ਅਸੀਂ ਤਾਂ ਤੁਹਾਡੇ ਕਾਰਨ ਸਾਰੇ ਸਕੂਲ ਵਿਚ ਪ੍ਰਸਿੱਧ ਹੋ ਗਏ ਹਾਂ। ਤੂੰ ਮਾਫ਼ੀ ਕਿਉਂ ਮੰਗਦਾ ਏਂ, ਅਸੀਂ ਤਾਂ ਬਹੁਤ ਖ਼ੁਸ਼ ਹਾਂ ਤੁਹਾਥੋਂ। ਸੋ ਇੰਝ ਅਸੀਂ ਸ਼ਿਅਰ ਕਹਿਣੇ ਆਰੰਭ ਕੀਤੇ।

(ਇੰਝ ਹੀ) ਜਦੋਂ ਅਸੀਂ ਸਕੂਲ ਵਿਚ ਪੜ੍ਹਦੇ ਸਾਂ ਤਾਂ ਸਾਡੇ ਹੈਡਮਾਸਟਰ ਨੂੰ ਖ਼ਿਆਲ ਆਇਆ, ਕਿ ਲੜਕਿਆਂ ਦਾ ਇੱਕ ਮੁਕਾਬਲਾ ਕਰਵਾਉਣਾ ਚਾਹੀਦਾ। ਕਵਿਤਾਵਾਂ ਦਾ ਨਹੀਂ ਕਾਵਿ-ਰਚਨਾ ਦਾ। ਕਿਹਾ ਗਿਆ, ਕਿ ਸਮੱਸਿਆ ਦੀ ਤੁਕ ਤੇ ਤੁਸੀਂ ਸਾਰੇ ਆਪਣਾ ਸ਼ੌਕ

ਪੂਰਾ ਕਰੋ ਤਾਂ ਇਨਾਮ ਦਿੱਤਾ ਜਾਏਗਾ। ਇਸ ਪ੍ਰਕਾਰ ਦਾ ਜੋ ਪਹਿਲਾ ਮੁਕਾਬਲਾ ਹੋਇਆ। ਉਸ ਦੇ ਨਿਆਂਕਾਰ ਅਤੇ ਜੱਜ ਸਨ, ਮਹਾਨ ਵਿਦਵਾਨ ਸ਼ਮਸ਼ਉਲਉਲਮਾ ਮੌਲਵੀ ਮੀਰ ਹਸਨ ਸਾਹਿਬ। ਕੁਦਰਤੀਂ ਇਹ ਇਨਾਮ ਸਾਨੂੰ ਮਿਲ ਗਿਆ। ਇਨਾਮ ਤੋਂ ਵਧੇਰੇ ਉਹ ਤਮਗ਼ਾ ਸੀ ਜੋ ਅਸੀਂ ਵਧੇਰੇ ਪਸੰਦ ਕੀਤਾ ਅਤੇ ਇਨਾਮ ਮੈਨੂੰ ਯਾਦ ਹੈ ਇੱਕ ਰੁਪਈਆ ਮਿਲਿਆ ਸੀ।

ਇਸ ਨਾਲ ਸਾਨੂੰ ਥੋੜ੍ਹੀ ਜਿਹੀ ਗ਼ਲਤੀ ਲੱਗ ਗਈ, ਕਿ ਸ਼ਾਇਦ ਅਸੀਂ ਵੀ ਕੁਝ ਕਹਿ ਸਕਦੇ ਹਾਂ। ਸਾਡੇ ਘਰ ਨਾਲ ਇੱਕ ਬਹੁਤ ਵੱਡਾ ਮਕਾਨ ਸੀ, ਹਵੇਲੀ ਸੀ, ਉਸ ਪੁਰਾਣੇ ਜ਼ਮਾਨੇ ਦੀ, ਜਿੱਥੇ ਮੁਸ਼ਾਇਰੇ ਹੁੰਦੇ ਰਹਿੰਦੇ ਸਨ। ਸਾਰੇ ਸ਼ਾਹਿਰ ਵਿਚ ਮੁਣਸ਼ੀ ਰਾਜ ਨਾਰਾਇਣ ਅਰਮਾਨ ਦਹਿਲਵੀ ਰਹਿੰਦੇ ਸਨ। ਸ਼ਾਇਦ ਤੁਸੀਂ ਉਨ੍ਹਾਂ ਦਾ ਨਾਮ ਸੁਣਿਆ ਹੋਇਆ ਹੋਵੇ, ਇਸ ਲਈ ਕਿ ਉਹ ਪਿੱਛੋਂ ਜਾ ਕੇ ਲਾਹੌਰ ਆ ਗਏ ਸਨ।

ਹਾਂ, ਉਹਨਾਂ ਨੇ ਇੱਕ ਮਹਿਫ਼ਲੇ ਮੁਸ਼ਾਇਰਾ ਸਥਾਪਤ ਕੀਤੀ ਹੋਈ ਸੀ। ਸਾਡੇ ਘਰ ਦੇ ਬਿਲਕੁਲ ਨਾਲ। ਅਤੇ ਇੱਕ ਬਜ਼ੁਰਗ ਹੋਇਆ ਕਰਦੇ ਸਨ, ਮੁਣਸ਼ੀ ਸਰਾਜਦੀਨ ਮਰਹੂਮ ਜੋ ਅਲਾਮਾ ਇਕਬਾਲ ਦੇ ਦੋਸਤਾਂ ਵਿਚੋਂ ਸਨ। ਉਹਨਾਂ ਦਾ ਜ਼ਿਕਰ ਵੀ ਹੈ ਅਲਾਮਾ ਇਕਬਾਲ ਦੀਆਂ ਲਿਖਤਾਂ ਵਿਚ। ਮੁਣਸ਼ੀ ਸਾਹਿਬ ਪ੍ਰਧਾਨਗੀ ਕੀਤਾ ਕਰਦੇ ਸਨ। ਉਹ ਕਸ਼ਮੀਰ ਵਿਚ ਮੁਣਸ਼ੀ ਸਨ।

ਜਦ ਉਨ੍ਹਾਂ ਦੀ ਰੈਜ਼ੀਡੈਂਸੀ ਸਿਆਲਕੋਟ ਵਿੱਚ ਆ ਜਾਂਦੀ ਸੀ, ਤਾਂ ਉਹ ਵੀ ਸਿਆਲਕੋਟ ਵਿੱਚ ਆ ਜਾਂਦੇ ਸਨ। ਅਤੇ ਉਨ੍ਹਾਂ ਦੇ ਨਾਲ ਮੁਸ਼ਾਇਰਾ ਵੀ ਆ ਜਾਂਦਾ ਸੀ। ਪੰਜ ਛੇ ਮਹੀਨੇ ਸ਼ਿਅਰ ਓ ਸ਼ਾਇਰੀ ਦਾ ਬਾਜ਼ਾਰ ਗਰਮ ਰਹਿੰਦਾ। ਸਮੱਸਿਆ ਦੀ ਤੁਕ ਤੇ ਗ਼ਜ਼ਲਾਂ ਪੜ੍ਹੀਆਂ ਜਾਂਦੀਆਂ। ਬਹੁਤ ਦਿਨਾਂ ਤੱਕ ਤਾਂ ਸਾਨੂੰ ਖ਼ੈਰ ਹਿੰਮਤ ਹੀ ਨਾ ਹੋਈ। ਕਿਉਂਕਿ ਮੁਣਸ਼ੀ ਸਾਹਿਬ ਬੜੇ ਫ਼ਿਕਰੇਬਾਜ਼ ਆਦਮੀ ਸਨ।

ਜਦ ਕਿਸੇ ਨੇ ਸ਼ਿਅਰ ਸੁਣਾਉਣ ਲਈ ਆਉਣਾ, ਅਤੇ ਇੱਕ ਸ਼ਿਅਰ ਉਸ ਨੇ ਪੜ੍ਹਨਾ, ਤਾਂ ਮੁਣਸ਼ੀ ਸਾਹਿਬ ਨੇ ਉਸਤਾਦਾਂ ਦੇ ਦਸ ਸ਼ਿਅਰ ਉਸੇ ਮਜ਼ਮੂਨ ਤੇ ਸੁਣਾ ਦੇਣੇ।

ਤਦ ਬਹੁਤ ਦਿਨਾਂ ਦੇ ਪਿੱਛੋਂ ਸਾਨੂੰ ਹਿੰਮਤ ਹੋਈ, ਅਸੀਂ ਵੀ ਇੱਕ ਗ਼ਜ਼ਲ ਪੜ੍ਹ ਦਿੱਤੀ। ਆਸ ਦੇ ਵਿਪਰੀਤ ਮੁਣਸ਼ੀ ਸਾਹਿਬ ਨੇ ਤਾਰੀਫ਼ ਕੀਤੀ। ਕਿਹਾ, ਕਿ ਬਰਖ਼ੁਰਦਾਰ, ਇਹ ਤਾਂ ਬਹੁਤ ਅੱਛੀ ਹੈ। ਪਰ ਇਹ ਸਭ ਤੁਕਬੰਦੀ ਦਾ ਜ਼ਮਾਨਾ ਸੀ।

ਘਰ ਵਿਚ ਉਰਦੂ ਫ਼ਾਰਸੀ ਬੋਲੀ ਜਾਂਦੀ ਸੀ। ਛੋਟੀ ਉਮਰ ਸੀ ਜਦੋਂ ਮੈਂ ਇਹ ਜ਼ਿਹਨੀ ਦੁਨੀਆ ਬਣਾਈ ਅਤੇ ਸ਼ਿਅਰ ਲਿਖਣ ਲੱਗਾ। ਕੰਨਾਂ ਵਿੱਚ ਸ਼ੁਰੂ ਤੋਂ ਹੀ ਪੰਜਾਬੀ ਗੀਤਾਂ ਦੀਆਂ ਆਵਾਜ਼ਾਂ ਰਸ ਘੋਲਦੀਆਂ ਰਹੀਆਂ ਹਨ। ਪਹਿਲੀ ਸੰਸਾਰ ਜੰਗ ਦੇ ਵਿਚਕਾਰ ਲੋਕ ਗਲੀਆਂ ਵਿਚ ਗਾਇਆ ਕਰਦੇ ਸਨ। ਉਸ ਵੇਲੇ ਦੇ ਜੋ ਬੋਲ ਸੀਨੇ ਵਿਚ ਦੱਬੇ ਹੋਏ ਸਨ। ਉਹ ਹੁਣ ਮੈਂ ਆਪਣੀਆਂ ਪੰਜਾਬੀ ਕਵਿਤਾਵਾਂ ਵਿੱਚ ਉਤਾਰੇ ਹਨ। ਮੈਂ ਹਾਂ ਤਾਂ ਸਿਆਲਕੋਟੀਆ, ਪਰ ਪਿਤਾ ਦੀਆ ਜਾਗੀਰਾਂ ਸਰਗੋਧੇ ਵਿਚ ਸਨ। ਉਥੇ ਜ਼ਮੀਨਾਂ ਤੇ ਮੁਜ਼ਾਰੇ ਰਾਤ ਨੂੰ ਮਿਲ ਕੇ ਗਾਉਂਦੇ ਸਨ। ਮੈਂ ਉੱਥੇ ਜਾ ਕੇ ਹੀਰ ਸੁਣੀ ਸੀ, ਜਾਂ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਜਾਂ ਸੋਹਣੀ ਮਹੀਂਵਾਲ ਦਾ ਕਿੱਸਾ ਜਾ ਮਿਰਜ਼ਾ ਸਾਹਿਬਾਂ। ਪੰਜਾਬੀ ਲਿਖਣ ਨੂੰ ਜੀ ਕਰਦਾ ਸੀ ਪਰ ਅਹਿਸਾਸ ਹੋਇਆ ਕਿ ਇਨ੍ਹਾਂ ਉਸਤਾਦ ਕਵੀਆਂ ਦਾ ਮੈਂ ਕਿਵੇਂ ਮੁਕਾਬਲਾ ਕਰ ਸਕਦਾ ਹਾਂ। ਪਰ ਪੰਜਾਬੀ ਕਵੀਆਂ ਦਾ ਮੈਂ ਮੁਤਾਲਿਆ ਨਹੀਂ ਕੀਤਾ ਸੀ। ਜਿੰਨਾ ਕੁਛ ਸੁਣਿਆ ਸੀ, ਲਗਦਾ ਸੀ, ਵਾਰਸ ਸ਼ਾਹ ਵਾਂਗ ਨਹੀਂ ਲਿਖ ਸਕਦਾ।

ਉਸ ਸਮੇਂ ਵਿੱਚ ਕਦੀ ਕਦੀ ਮੇਰੇ ਤੇ ਇੱਕ ਖ਼ਾਸ ਕਿਸਮ ਦੀ ਹਾਲਤ ਗ਼ਲਬਾ ਪਾ ਲੈਂਦੀ ਸੀ, ਜਿਵੇਂ ਯਕਾਯੱਕ ਆਕਾਸ਼ ਦਾ ਰੰਗ ਬਦਲ ਗਿਆ ਹੈ, ਕਈ ਚੀਜ਼ਾਂ ਦੂਰ ਚਲੀਆਂ ਗਈਆਂ ਹਨ, ਧੁੱਪ ਦਾ ਰੰਗ ਮਹਿੰਦੀ ਰੰਗਾ ਹੋ ਗਿਆ ਹੈ। ਪਹਿਲਾਂ ਜੋ ਦੇਖਣ ਵਿੱਚ ਆਇਆ ਸੀ, ਉਸਦਾ ਰੂਪ ਬਿਲਕਲ ਵੱਖਰਾ ਹੋ ਗਿਆ ਹੈ। ਦੁਨੀਆ ਇੱਕ ਪ੍ਰਕਾਰ ਦੀ ਪਰਦੇ ਦੀ ਤਸਵੀਰ ਕਿਸਮ ਦੀ ਚੀਜ਼ ਅਨੁਭਵ ਹੋਣ ਲਗਦੀ ਸੀ। ਅਜਿਹੀ ਅਵਸਥਾ ਦਾ ਬਾਅਦ ਵਿਚ ਵੀ ਕਦੀ ਕਦੀ ਅਹਿਸਾਸ ਹੋਇਆ ਹੈ, ਪਰ ਹੁਣ ਨਹੀਂ ਹੁੰਦਾ।

## ਇਕਬਾਲ ਨਾਲ ਮੁਲਾਕਾਤ:

ਉਨ੍ਹਾਂ ਨਾਲ ਕਈ ਵਾਰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਦੂਸਰੇ ਉਹ ਮੇਰੇ ਵਾਲਦ ਸਾਹਿਬ ਦੇ ਦੋਸਤ ਵੀ ਸਨ। ਦੋਨੋ ਸਮਕਾਲੀ ਸਨ। ਇੱਥੇ ਅਤੇ ਇੰਗਲਿਸਤਾਨ ਵਿੱਚ ਵੀ ਉਹ ਇੱਕ ਦੂਜੇ ਨਾਲ ਰਹੇ ਸਨ। ਇਸ ਲਈ ਉਨ੍ਹਾਂ ਨਾਲ ਪਹਿਲੀ ਮੁਲਾਕਾਤ ਤਾਂ ਮੈਨੂੰ ਯਾਦ ਹੈ, ਬਹੁਤ ਬਚਪਨ ਵਿੱਚ ਹੋਈ ਸੀ, ਜਦ ਕਿ ਮੇਰੀ ਉਮਰ ਛਿਆਂ ਸੱਤਾਂ ਵਰ੍ਹਿਆਂ ਦੀ ਹੋਵੇਗੀ। ਮੈਨੂੰ ਚੰਗੀ ਤਰਾਂ ਯਾਦ ਹੈ, ਕਿ ਸਿਆਲਕੋਟ ਵਿਚ ਇੱਕ ਅੰਜਮਨੇ ਇਸਲਾਮੀਆ ਸੀ। ਉਸ ਦਾ ਹਰ ਸਾਲ ਜਲਸਾ ਹੋਇਆ ਕਰਦਾ ਸੀ। ਅੰਜਮਨੇ ਇਸਲਾਮੀਆ ਦਾ ਸਕੂਲ ਵੀ ਸੀ। ਦੋ ਤਿੰਨ ਹੋਰ ਸਕੂਲ ਸਨ ਅਤੇ ਉਥੇ ਕਦੀ ਕਦੀ ਅਲਾਮਾ ਇਕਬਾਲ ਉਨ੍ਹਾਂ ਦੇ ਸਾਲਾਨਾ ਸਮਾਗਮਾਂ ਤੇ ਭਾਗ ਲੈਣ ਲਈ ਆਉਂਦੇ ਹੁੰਦੇ ਸਨ। ਪਹਿਲੀ ਵਾਰ ਤਾਂ ਮੈਂ ਉਨ੍ਹਾਂ ਨੂੰ ਅੰਜਮਨੇ ਇਸਲਾਮੀਆ ਦੇ ਜਲਸੇ ਵਿੱਚ ਹੀ ਦੇਖਿਆ। ਮੈਨੂੰ ਇਸ ਜਲਸੇ ਵਿਚ ਭਾਗ ਲੈਣ ਦਾ ਅਵਸਰ ਇਸ ਲਈ ਦਿੱਤਾ ਗਿਆ ਸੀ, ਕਿ ਮੈਂ ਨਜ਼ਮ ਸੁਣਾਉਣੀ ਸੀ। ਮੈਨੂੰ ਯਾਦ ਹੈ, ਕਿ ਕਿਸੇ ਨੇ ਮੈਨੂੰ ਚੁੱਕ ਕੇ ਮੇਜ਼ ਤੇ ਖੜਾ ਕਰ ਦਿੱਤਾ ਸੀ। ●

ਲੇਖ

# ਫ਼ੈਜ਼ ਅਹਿਮਦ ਫ਼ੈਜ਼ ਦੀ ਪੰਜਾਬੀ ਕਵਿਤਾ

## ਸਾਧੂ ਬਿਨਿੰਗ

ਇਹ ਗੱਲ ਆਮ ਜਾਣੀ ਜਾਂਦੀ ਹੈ ਕਿ ਫੈਜ਼ ਅਹਿਮਦ ਫੈਜ਼ ਹੋਰਾਂ ਪੰਜਾਬੀ ਵਿਚ ਬਹੁਤ ਥੋੜ੍ਹੀਆਂ ਨਜ਼ਮਾਂ ਲਿਖੀਆਂ। ਇਸ ਬਾਰੇ ਵੀ ਕੋਈ ਭੁਲੇਖਾ ਨਹੀਂ ਹੈ ਕਿ ਉਨ੍ਹਾਂ ਦੀਆਂ ਇਹ ਰਚਨਾਵਾਂ ਉਨ੍ਹਾਂ ਦੀ ਉਰਦੂ ਸ਼ਾਇਰੀ ਦੇ ਬਰਾਬਰ ਦੀਆਂ ਨਹੀਂ । ਪਰ ਫੈਜ਼ ਹੋਰਾਂ ਵਲੋਂ ਪੰਜਾਬੀ ਵਿਚ ਲਿਖਣਾ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਗੱਲ ਹੈ। ਇਸ ਬਾਰੇ ਵਿਚਾਰ ਵਟਾਂਦਰੇ ਨਾਲ ਸਾਨੂੰ ਪੰਜਾਬੀਆਂ ਦੇ ਆਪਣੀ ਮਾਂ ਬੋਲੀ ਨਾਲ ਰਿਸ਼ਤੇ ਵਿਚ ਪਏ ਵਿਗਾੜਾਂ ਬਾਰੇ ਅਤੇ ਯੂਰਪੀਅਨ ਬਸਤੀਵਾਦੀਆਂ ਦੇ ਦੁਨੀਆਂ ਭਰ ਦੇ ਅਤੇ ਵਿਸ਼ੇਸ਼ ਕਰਕੇ ਸਾਡੇ ਆਪਣੇ ਸਭਿਆਚਾਰ ਉੱਪਰ ਪਏ ਮਾਰੂ ਤੇ ਸਦੀਵੀ ਅਸਰਾਂ ਬਾਰੇ ਜਾਨਣ ਵਿਚ ਸਹਾਇਤਾ ਮਿਲ ਸਕਦੀ ਹੈ।

ਫੈਜ਼ ਅਹਿਮਦ ਫੈਜ਼ ਹੋਰੀਂ ਉਸ ਹਾਲਾਤ ਵਿਚ ਜੰਮੇ ਪਲ਼ੇ ਜਿੱਥੇ ਪੰਜਾਬੀ ਬੋਲੀ ਸਕੂਲੀ ਪੜ੍ਹਾਈ ਲਿਖਾਈ ਦਾ ਹਿੱਸਾ ਨਹੀਂ ਸੀ। ਉਰਦੂ ਤੇ ਅੰਗ੍ਰੇਜ਼ੀ ਦਾ ਹਰ ਪਾਸੇ ਦਬ ਦਬਾਅ ਸੀ। ਯੂਰਪੀਅਨ ਬਸਤੀਵਾਦੀਆਂ ਦੀ ਸੋਚੀ ਸਮਝੀ ਚਾਲ ਥੱਲੇ ਲੋਕਾਂ ਨੂੰ ਪੱਕੇ ਤੌਰ ਤੇ ਗੁਲਾਮ ਬਣਾਉਣ ਲਈ ਵਿਦਿਆ ਦਾ ਅਜਿਹਾ ਢਾਂਚਾ ਲਾਗੂ ਕੀਤਾ ਗਿਆ ਕਿ ਜਿੰਨਾ ਵੱਧ ਸਮਾਂ ਕੋਈ ਇਹ ਤਾਲੀਮ ਹਾਸਲ ਕਰਨ ਲਈ ਲਾਵੇ ਉਨਾਂ ਹੀ ਵੱਧ ਉਹ ਆਪਣੇ ਸਭਿਆਚਾਰ ਅਤੇ ਬੋਲੀ ਤੋਂ ਦੂਰ ਹੁੰਦਾ ਜਾਵੇ। ਪਿਛਲੇ 64 - 65 ਸਾਲਾਂ ਦੌਰਾਨ ਨਾ ਹੀ ਭਾਰਤ ਤੇ ਨਾ ਹੀ ਪਾਕਿਸਤਾਨ ਵਿਚ ਇਸ ਢਾਂਚੇ ਵਿਚ ਕੋਈ ਵੱਡੀ ਤਬਦੀਲੀ ਹੋਈ ਹੈ। ਹੈਰਾਨੀ ਦੀ ਗੱਲ ਇਹ ਨਹੀਂ ਕਿ ਫੈਜ਼ ਜਾਂ ਉਨ੍ਹਾਂ ਵਰਗੇ ਹੋਰ ਲੋਕਾਂ ਨੇ ਅੰਗ੍ਰੇਜ਼ੀ ਜਾਂ ਉਰਦੂ ਵਿਚ ਸਾਹਿਤ ਰਚਿਆ ਸਗੋਂ ਹੈਰਾਨੀ ਇਸ ਗੱਲ ਦੀ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਵਿੱਚੋਂ ਕੁਝ ਲੋਕ ਆਪਣੀ ਬੋਲੀ ਤੇ ਵਿਰਸੇ ਨਾਲ ਫਿਰ ਵੀ ਜੁੜੇ ਰਹੇ। ਇਸ ਨਜ਼ਰੀਏ ਨਾਲ ਦੇਖਿਆਂ ਫੈਜ਼ ਹੋਰਾਂ ਵਲੋਂ ਪੰਜਾਬੀ ਵਿਚ ਲਿਖਣ ਦੀ ਕੋਸ਼ਸ਼ ਉਨ੍ਹਾਂ ਨਾਲ ਵਾਪਰੇ ਇਸ ਗੈਰ ਕੁਦਰਤੀ ਵਰਤਾਰੇ ਨੂੰ ਠੀਕ ਕਰਨ ਵਲ ਪੁੱਟਿਆ ਕਦਮ ਜਾਪਦਾ ਹੈ।

ਫੈਜ਼ ਸਾਹਿਬ ਨੂੰ ਜਦੋਂ ਇਸ ਗੱਲ ਬਾਰੇ ਪੁੱਛਿਆ ਜਾਂਦਾ ਸੀ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਵਿਚ ਕਿਉਂ ਨਹੀਂ ਲਿਖਦੇ ਤਾਂ ਉਨ੍ਹਾਂ ਵਲੋਂ ਦਿੱਤੇ ਜਵਾਬ ਸਾਫ ਸਾਫ ਤੇ ਸੁੱਚੇ ਇਰਾਦੇ ਨਾਲ ਇਸ ਸਮੱਸਿਆ ਦਾ ਸਾਹਮਣਾ ਕਰਨ ਅਤੇ ਸਮਝਣ ਦਾ ਯਤਨ ਹੁੰਦੇ ਸਨ। ਉਨ੍ਹਾਂ ਦੀ ਸਾਰੀ ਦੀ ਸਾਰੀ ਪੜ੍ਹਾਈ ਉਰਦੂ ਤੇ ਅੰਗ੍ਰੇਜ਼ੀ ਵਿਚ ਹੋਈ ਹੋਣ ਕਰਕੇ ਉਨ੍ਹਾਂ ਦੀ ਪੰਜਾਬੀ ਵਿਚ ਯੋਗਤਾ ਵਿਕਸਤ ਨਹੀਂ ਸੀ ਹੋ ਸਕੀ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ:

> ਕੰਨਾਂ ਵਿੱਚ ਸ਼ੁਰੂ ਤੋਂ ਹੀ ਪੰਜਾਬੀ ਗੀਤਾਂ ਦੀਆਂ ਆਵਾਜ਼ਾਂ ਰਸ ਘੋਲਦੀਆਂ ਰਹੀਆਂ। ਪਹਿਲੀ ਸੰਸਾਰ ਜੰਗ ਦੇ ਵਿਚਕਾਰ ਲੋਕ ਗਲੀਆਂ ਵਿਚ ਗਾਇਆ ਕਰਦੇ ਸਨ। ਉਸ ਵੇਲੇ ਦੇ ਜੋ ਬੋਲ ਸੀਨੇ ਵਿਚ ਦੱਬੇ ਹੋਏ ਸਨ, ਉਹ ਹੁਣ ਮੈਂ ਆਪਣੀਆਂ ਪੰਜਾਬੀ ਕਵਿਤਾਵਾਂ ਵਿੱਚ ਉਤਾਰੇ ਹਨ। ਮੈਂ ਹਾਂ ਤਾਂ ਸਿਆਲਕੋਟੀਆ, ਪਰ ਪਿਤਾ ਦੀਆ ਜਾਗੀਰਾਂ ਸਰਗੋਧੇ ਵਿਚ ਸਨ। ਉਥੇ ਜ਼ਮੀਨਾਂ ਤੇ ਮਜ਼ਾਰੇ ਰਾਤ ਨੂੰ ਮਿਲ ਕੇ ਗਾਉਂਦੇ। ਮੈਂ ਉੱਥੇ ਜਾ ਕੇ ਹੀਰ ਸੁਣੀ ਸੀ, ਜਾਂ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਜਾਂ ਸੋਹਣੀ ਮਹੀਂਵਾਲ ਦਾ ਕਿੱਸਾ ਜਾ ਮਿਰਜ਼ਾ ਸਾਹਿਬਾਂ। ਪੰਜਾਬੀ ਲਿਖਣ ਨੂੰ ਜੀ ਕਰਦਾ ਸੀ ਪਰ ਅਹਿਸਾਸ ਹੋਇਆ ਕਿ ਇਨ੍ਹਾਂ ਉਸਤਾਦ ਕਵੀਆਂ ਦਾ ਮੈਂ ਕਿਵੇਂ ਮੁਕਾਬਲਾ ਕਰ ਸਕਦਾ ਹਾਂ। ਪਰ ਪੰਜਾਬੀ ਕਵੀਆਂ ਦਾ ਮੈਂ ਮੁਤਾਲਿਆ ਨਹੀਂ ਕੀਤਾ ਸੀ। ਜਿੰਨਾ ਕੁਛ ਸੁਣਿਆ ਸੀ, ਲਗਦਾ ਸੀ, ਵਾਰਸ ਸ਼ਾਹ ਵਾਂਗ ਨਹੀਂ ਲਿਖ ਸਕਦਾ।

ਇਸੇ ਤਰ੍ਹਾਂ ਉਹ ਇਕ ਹੋਰ ਇੰਟਰਵਿਊ ਵਿਚ ਕਹਿੰਦੇ ਹਨ:

> ਸ਼ੇਅਰ ਲਿਖਨੇ ਕੇ ਲੀਏ ਬੋਲ ਚਾਲ ਕੀ ਜ਼ਬਾਨ ਜਾਨਨਾ ਕਾਫੀ ਨਹੀਂ। ਇਸ ਜ਼ਬਾਨ ਮੇਂ ਕਿਸੀ ਭੀ ਖਿਆਲ ਕਾ ਇਜ਼ਹਾਰ ਕਰਨੇ ਕੇ ਸਬ ਤਰਕੀਬ ਪਰ ਮੁਕੰਮਲ ਕਦਰਤ ਹਾਸਲ ਜ਼ਰੂਰੀ ਹੈ ਔਰ ਇਸ ਕੇ ਲੀਏ ਬਹੁਤ ਕੁਛ ਔਰ ਬਹੁਤ ਦੇਰ ਤੱਕ ਸੀਖਨੇ ਕੀ ਜ਼ਰੂਰਤ ਹੈ। ਹਮ ਨੇ ਪੰਜਾਬੀ ਜ਼ਬਾਨ ਮੇਂ ਕੋਈ ਤਾਲੀਮ ਹਾਸਲ ਨਹੀਂ ਕੀ, ਨਾ ਹੀ ਹਮੇਂ ਇਸ ਜ਼ਬਾਨ ਮੇਂ ਸ਼ੇਅਰ ਕਹਿਨਾ ਆਤਾ ਹੈ।

ਉਨ੍ਹਾਂ ਦੀ ਗੱਲਬਾਤ ਤੋਂ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਦੇ ਮਨ ਵਿਚ ਆਪਣੀ ਮਾਂ ਬੋਲੀ ਲਈ ਬੇਹੱਦ ਪਿਆਰ, ਸਤਿਕਾਰ ਸੀ ਤੇ ਉਹ ਚਾਹੁੰਦੇ ਸਨ ਕਿ ਉਹ ਪੰਜਾਬੀ ਵਿਚ ਲਿਖਣ। ਪਰ ਨਾਲ ਹੀ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਸੀ ਕਿ ਉਨ੍ਹਾਂ ਦੀ ਤਾਲੀਮ ਪੰਜਾਬੀ ਵਿਚ ਨਾ ਹੋਈ ਹੋਣ ਕਰਕੇ ਉਹ ਅਜਿਹਾ ਸ਼ਕਤੀਸ਼ਾਲੀ ਸਾਹਿਤ ਨਹੀਂ ਰਚ ਸਕਦੇ ਜਿਹੜਾ ਵਾਰਸ ਸ਼ਾਹ, ਬੁਲ੍ਹੇ ਸ਼ਾਹ, ਬਾਬਾ ਫਰੀਦ, ਤੇ ਸੁਲਤਾਨ ਬਾਹੂ ਹੋਰਾਂ ਵਰਗੇ ਕਵੀ ਪਹਿਲਾਂ ਹੀ ਰਚ ਚੁੱਕੇ ਸਨ।

ਏਥੇ ਇਹ ਗੱਲ ਕਹਿਣੀ ਜ਼ਰੂਰੀ ਹੈ ਕਿ ਇਸ ਕਿਸਮ ਦੀ ਪਹੁੰਚ ਵਾਸਤੇ ਇਕ ਵਿਸ਼ੇਸ਼ ਸੂਝ ਦੀ ਲੋੜ ਹੁੰਦੀ ਹੈ ਜੋ ਫੈਜ਼ ਹੋਰਾਂ ਕੋਲ ਸੀ। ਉਹ ਸਮਾਜ ਨੂੰ ਤੇ ਜੀਵਨ ਨੂੰ ਵਿਗਿਆਨਕ ਨਜ਼ਰੀਏ ਤੋਂ ਦੇਖਣ ਦੀ ਜਾਚ ਰੱਖਦੇ ਸਨ। ਇੱਦਾਂ ਦੀ ਇਕ ਉਦਾਹਰਨ, ਹਿੰਦੀ ਫਿਲਮਾਂ ਦੇ ਬਹੁਤ ਹੀ ਸਤਿਕਾਰਤ ਅਦਾਕਾਰ ਬਲਰਾਜ ਸਾਹਨੀ ਹੋਰਾਂ ਦੀ ਵੀ ਸੀ। ਉਹ ਵੀ ਸਮਾਜ ਨੂੰ ਦੇਖਣ ਤੇ ਸਮਝਣ ਦੀ ਇਹੋ ਜਿਹੀ ਸੂਝ ਰੱਖਦੇ ਸਨ ਤੇ ਉਨ੍ਹਾਂ ਹਿੰਦੀ ਵਿਚ ਲਿਖਣਾ ਛੱਡ ਕੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। ਇਨ੍ਹਾਂ ਵਧੀਆ ਇਨਸਾਨਾਂ ਤੇ ਵੱਡੇ ਕਲਾਕਾਰਾਂ ਨੇ ਮਾਂ ਬੋਲੀ ਦੀ ਮਹੱਤਤਾ ਤੇ ਪੰਜਾਬੀ ਬੋਲੀ ਦੀ ਮਹਾਨਤਾ ਨੂੰ ਜਾਣਿਆਂ ਤੇ ਸਵੀਕਾਰ ਕੀਤਾ।

ਬਹੁਤ ਸਾਰੇ ਪੰਜਾਬੀ ਹਨ ਜਿਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਦੂਜੀਆਂ ਬੋਲੀਆਂ ਵਿਚ ਲਿਖਿਆ ਹੈ ਅਤੇ ਲਿਖਦੇ ਹਨ। ਇਹ ਸਾਰੇ ਫੈਜ਼ ਹੋਰਾਂ ਵਾਲੀ ਸੂਝ ਰੱਖਣ ਵਾਲੇ ਅਤੇ ਉਨ੍ਹਾਂ ਵਾਂਗ ਮਹਿਸੂਸ ਕਰਨ ਵਾਲੇ ਨਹੀਂ । ਉਦਾਹਰਨ ਵਜੋਂ, ਪ੍ਰਕਾਸ਼ ਟੰਡਨ ਨਾਂਅ ਦੇ ਇਕ ਸ਼ਖਸ ਨੇ 1961ਵਿਚ ਲਿਖੀ ਆਪਣੀ ਅੰਗ੍ਰੇਜ਼ੀ ਪੁਸਤਕ 'ਪੰਜਾਬੀ ਸੈਂਚਰੀ 1847-1947' ਵਿਚ ਸਾਫ ਸਾਫ ਸ਼ਬਦਾਂ ਵਿਚ ਲਿਖਿਆ ਹੈ ਕਿ ਪੰਜਾਬੀ ਬੋਲੀ ਦੀ ਨਾ

ਕੋਈ ਲਿਪੀ ਹੈ ਤੇ ਨਾ ਕੋਈ ਸਾਹਿਤ। ਉਨ੍ਹਾਂ ਅਨੁਸਾਰ ਇਸ ਬੋਲੀ ਦੀ ਸਭ ਤੋਂ ਵੱਡੀ ਸਿਫਤ ਗਾਲ੍ਹਾਂ ਹਨ। ਸਮਾਜ, ਸਭਿਆਚਾਰ, ਇਤਿਹਾਸ ਆਦਿ ਬਾਰੇ ਸਹੀ ਸੂਝ ਨਾ ਹੋਣ ਕਾਰਨ ਇਹੋ ਜਿਹੇ ਲੋਕ ਆਪਣੀ ਮਾਂ ਬੋਲੀ ਪ੍ਰਤਿ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਕਰਕੇ ਜਦੋਂ ਅਸੀਂ ਫ਼ੈਜ਼ ਹੋਰਾਂ ਦੇ ਪੰਜਾਬੀ ਬਾਰੇ ਵਿਚਾਰ ਸੁਣਦੇ ਹਾਂ ਅਤੇ ਉਨ੍ਹਾਂ ਵਲੋਂ ਇਸ ਵਿਚ ਲਿਖਣ ਦੀ ਕੋਸ਼ਸ਼ ਬਾਰੇ ਜਾਣਦੇ ਹਾਂ ਤਾਂ ਸਾਡੇ ਮਨਾਂ ਵਿਚ ਜਿੱਥੇ ਉਨ੍ਹਾਂ ਲਈ ਸਤਿਕਾਰ ਤੇ ਪਿਆਰ ਵਧਦਾ ਹੈ ਉੱਥੇ ਪੰਜਾਬੀ ਬੋਲੀ ਲਈ ਵੀ ਮਾਣ ਵਧਦਾ ਹੈ।

ਮੈਨੂੰ ਫ਼ੈਜ਼ ਹੋਰਾਂ ਦੀਆਂ ਪੰਜਾਬੀ ਵਿਚ ਰਚੀਆਂ ਸੱਤ ਕਵਿਤਾਵਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਇਹ ਹਨ: 1) ਇਕ ਨਗਮਾ, 2) ਇਕ ਤਰਾਨਾ, 3) ਰੱਬਾ ਸੱਚਿਆ, 4) ਮੇਰੀ ਡੋਲੀ ਸ਼ਹੁ ਦਰਿਆ, 5) ਇਕ ਗੀਤ, 6) ਇਕ ਕਵਿਤਾ ਤੇ 7) ਇਕ ਕੱਤਾਅ।

ਫ਼ੈਜ਼ ਸਾਹਿਬ ਦੀ ਪੰਜਾਬੀ ਸ਼ਾਇਰੀ ਬਾਰੇ ਗੱਲ ਕਰਨ ਲੱਗਿਆਂ ਡਰ ਇਸ ਗੱਲ ਦਾ ਲਗਦਾ ਹੈ ਕਿ ਉਨ੍ਹਾਂ ਦੀਆਂ ਇਨ੍ਹਾਂ ਕਵਿਤਾਵਾਂ ਬਾਰੇ ਕੀਤੀ ਕੋਈ ਗੱਲ ਉਨ੍ਹਾਂ ਦੀ ਲਿਖਣ ਯੋਗਤਾ ਬਾਰੇ ਨਾ ਸਮਝ ਲਈ ਜਾਵੇ। ਉਹ ਬਹੁਤ ਵੱਡੇ ਲੇਖਕ ਸਨ। ਉਨ੍ਹਾਂ ਦੀ ਉਰਦੂ ਸ਼ਾਇਰੀ ਸਦਾ ਕਾਇਮ ਰਹਿਣ ਵਾਲੀ ਹੈ। ਉਨ੍ਹਾਂ ਦੀਆਂ ਪੰਜਾਬੀ ਕਵਿਤਾਵਾਂ ਨੂੰ ਪੜ੍ਹਨ ਵੇਲੇ ਸਾਨੂੰ ਦੋ ਵਿਸ਼ੇਸ਼ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇਹ ਮੰਨ ਕੇ ਕਿ ਉਨ੍ਹਾਂ ਦੀ ਪੰਜਾਬੀ ਵਿਚ ਸ਼ਾਇਰੀ ਕਰਨ ਦੀ ਯੋਗਤਾ ਵਿਕਸਤ ਨਹੀਂ ਹੋ ਸਕੀ, ਫੇਰ ਵੀ ਉਨ੍ਹਾਂ ਨੇ ਪੰਜਾਬੀ ਵਿਚ ਕਵਿਤਾ ਕਿਉਂ ਲਿਖੀ ਅਤੇ ਦੂਜੀ ਗੱਲ ਕਿ ਇਹ ਕਵਿਤਾ ਉਨ੍ਹਾਂ ਕਿਨ੍ਹਾਂ ਲੋਕਾਂ ਵਾਸਤੇ ਅਤੇ ਕਿਸ ਮਕਸਦ ਨਾਲ ਲਿਖੀ।

ਉਨ੍ਹਾਂ ਦੀਆਂ ਕਵਿਤਾਵਾਂ ਵਿਚੋਂ 'ਲੰਮੀ ਰਾਤ ਸੀ ਦਰਦ ਫਿਰਾਕ ਵਾਲੀ' ਅਤੇ ਇਕ 'ਕੱਤਾਅ' ਕੁਝ ਵੱਖਰੀਆਂ ਹਨ ਜੋ ਦੂਜੀਆਂ ਕਵਿਤਾਵਾਂ ਵਾਂਗ ਕਿਸੇ ਵਿਸ਼ੇਸ਼ ਮਕਸਦ ਲਈ ਲਿਖੀਆਂ ਨਹੀਂ ਜਾਪਦੀਆਂ। ਉਨ੍ਹਾਂ ਦਾ ਕੱਤਾਅ ਬੜਾ ਖੂਬਸੂਰਤ ਹੈ:

ਅੱਜ ਰਾਤ ਇੱਕ ਰਾਤ ਦੀ ਰਾਤ ਜੀ ਕੇ
ਅਸਾਂ ਜੁਗ ਹਜ਼ਾਰਾਂ ਜੀ ਲੀਤਾ ਏ
ਅੱਜ ਰਾਤ ਅੰਮ੍ਰਿਤ ਦੇ ਜਾਮ ਵਾਂਗੂੰ
ਇਨ੍ਹਾਂ ਹੱਥਾਂ ਨੇ ਯਾਰ ਨੂੰ ਪੀ ਲੀਤਾ ਏ

ਉਨ੍ਹਾਂ ਦਾ ਇਕ ਬਹੁਤ ਮਸ਼ਹੂਰ ਗੀਤ ਹੈ 'ਕਿੱਧਰੇ ਨਾ ਪੈਂਦੀਆਂ ਦੱਸਾਂ/ ਵੇ ਪ੍ਰਦੇਸੀਆ ਤੇਰੀਆਂ'। ਇਹ ਗੀਤ ਉਨ੍ਹਾਂ ਬੰਗਲਾ ਦੇਸ਼ ਬਣਨ ਵੇਲੇ ਲਿਖਿਆ ਜਦੋਂ ਵੱਡੀ ਗਿਣਤੀ ਵਿਚ ਪਾਕਿਸਤਾਨੀ ਫੌਜੀ ਭਾਰਤ ਦੇ ਕੈਦੀ ਸਨ। ਆਪਣੇ ਦੇਸ਼ ਵਾਸੀਆਂ ਦੇ ਦੁੱਖਾਂ ਤਕਲੀਫਾਂ ਬਾਰੇ ਉਨ੍ਹਾਂ ਦੇ ਮਨ ਵਿਚ ਅਥਾਹ ਫਿਕਰ ਸੀ ਜੋ ਇਸ ਗੀਤ ਰਾਹੀਂ ਉਨ੍ਹਾਂ ਜ਼ਾਹਿਰ ਕੀਤਾ। ਇਹ ਗੀਤ ਇਕ ਔਰਤ ਵਲੋਂ ਆਪਣੇ ਸਾਥੀ ਦੀ ਯਾਦ ਵਿਚ ਹੈ। ਦੱਸਦੇ ਹਨ ਕਿ ਜਦੋਂ ਇਹ ਗੀਤ ਰੇਡੀਓ 'ਤੇ ਗਾਇਆ ਗਿਆ ਤਾਂ ਹਰ ਸੁਣਨ ਵਾਲੇ ਦੀਆਂ ਅੱਖਾਂ ਵਿਚ ਹੰਝੂ ਦੇਖੇ ਜਾ ਸਕਦੇ ਸਨ।

ਕਿਸਾਨਾਂ ਦੇ ਨਾਮ ਇਕ ਤਰਾਨਾ ਬਹੁਤ ਦਿਲਚਸਪ ਰਚਨਾ ਹੈ:

ਉੱਠ ਉਤਾਂਹ ਨੂੰ ਜੱਟਾ
ਮਰਦਾ ਕਿਉਂ ਜਾਏਂ

ਭਲਿਆ ! ਤੂੰ ਜਗ ਦਾ ਅੰਨ ਦਾਤਾ
ਤੇਰੀ ਬਾਂਦੀ ਧਰਤੀ ਮਾਤਾ
ਤੂੰ ਜਗ ਦਾ ਪਾਲਣਹਾਰ
ਤੇ ਮਰਦਾ ਕਿਉਂ ਜਾਏਂ
ਉੱਠ ਉਤਾਂਹ ਨੂੰ ਜੱਟਾ
ਮਰਦਾ ਕਿਉਂ ਜਾਏਂ

ਜਰਨਲ, ਕਰਨਲ, ਸੂਬੇਦਾਰ
ਡਿਪਟੀ , ਡੀ ਸੀ, ਥਾਨੇਦਾਰ
ਸਾਰੇ ਤੇਰਾ ਦਿੱਤਾ ਖਾਣ
ਤੂੰ ਜੇ ਨਾ ਬੀਜੇਂ, ਤੂੰ ਜੇ ਨਾ ਗਾਹਵੇਂ
ਭੁੱਖੇ ਭਾਣੇ ਸਭ ਮਰ ਜਾਣ
ਇਹ ਚਾਕਰ ਤੂੰ ਸਰਕਾਰ।

ਕਿਸਾਨਾਂ ਨੂੰ ਮੁਖ਼ਾਤਬ ਉਨ੍ਹਾਂ ਦੀ ਇਹ ਕਵਿਤਾ ਲੋਕਾਂ ਦੀ ਬੋਲੀ ਵਿਚ ਤੇ ਉਨ੍ਹਾਂ ਦੀ ਪੱਧਰ ਤੇ ਕੀਤੀ ਗੱਲ ਹੈ। ਸਾਫ ਹੈ ਕਿ ਫ਼ੈਜ਼ ਹੋਰਾਂ ਦਾ ਮਕਸਦ ਸੀ ਕਿ ਜਿਨ੍ਹਾਂ ਵਾਸਤੇ ਉਹ ਕਵਿਤਾ ਲਿਖ ਰਹੇ ਹਨ ਉਹ ਇਸ ਨੂੰ ਸੌਖਿਆਂ ਸਮਝ ਸਕਣ। ਕਵਿਤਾ ਵਿਚ ਉਹ ਕਿਸਾਨ ਨੂੰ ਸੁਨੇਹਾ ਦੇ ਰਹੇ ਹਨ ਕਿ ਜਾਗ ਤੇ ਆਪਣੀ ਅਸਲੀਅਤ ਪਛਾਣ ਤੇ ਆਪਣੇ ਹੱਕ ਹਾਸਲ ਕਰ। ਸੋ ਇਸ ਤਰ੍ਹਾਂ ਇਹ ਕਵਿਤਾ ਵਿਸ਼ੇਸ਼ ਪਾਠਕਾਂ ਤੇ ਸ੍ਰੋਤਿਆਂ ਲਈ ਵਿਸ਼ੇਸ਼ ਮਕਸਦ ਨਾਲ ਲਿਖੀ ਕਵਿਤਾ ਹੈ। ਅਤੇ ਇਹ ਆਪਣੇ ਇਰਾਦੇ ਵਿਚ ਹਰ ਪੱਖੋਂ ਕਾਮਯਾਬ ਹੈ। ਇਸ ਗੱਲ ਬਾਰੇ ਵੱਖਰੀਆਂ ਰਾਵਾਂ ਹੋ ਸਕਦੀਆਂ ਹਨ ਤੇ ਬਹਿਸ ਵੀ ਹੋ ਸਕਦੀ ਹੈ ਕਿ ਉਹ ਕਿਸਾਨਾਂ ਨੂੰ ਸੂਝ ਪੱਖੋਂ ਆਪਣੇ ਉਰਦੂ ਪਾਠਕਾਂ ਤੋਂ ਵੱਖਰੀ ਪੱਧਰ ਤੇ ਕਿਉਂ ਦੇਖਦੇ ਜਾਂ ਸਮਝਦੇ ਸਨ।

'ਮੇਰੀ ਡੋਲੀ ਸ਼ਹੁ ਦਰਿਆ' ਉਨ੍ਹਾਂ 1974 ਦੇ ਹੜ ਪੀੜਤ ਲੋਕਾਂ ਦੇ ਸਹਾਇਤਾ ਫੰਡ ਲਈ ਲਿਖੀ ਸੀ। ਕਵਿਤਾ ਵਿਚ ਉਹ ਇਕ ਕੁੜੀ ਨੂੰ ਚਿੰਨ ਵਜੋਂ ਵਰਤ ਕੇ ਬਾਬਲ/ਰੱਬ ਅੱਗੇ ਵਾਸਤਾ ਪਾਉਂਦੇ ਹਨ ਕਿ ਅੱਗੇ ਤੂੰ ਮੈਨੂੰ ਹਿੱਕ ਨਾਲ ਲਾ ਕੇ ਰੱਖਦਾ ਸੀ ਤੇ ਹੁਣ ਬਾਹਰ ਧੱਕ ਰਿਹਾ ਏਂ। ਹੜ ਨਾਲ ਲੋਕਾਂ ਨੂੰ ਆਈਆਂ ਮੁਸ਼ਕਲਾਂ ਨੂੰ ਫੈਜ਼ ਸਾਹਿਬ ਬਹੁਤ ਹੀ ਕਲਾਤਮਕ ਤਰੀਕੇ ਨਾਲ ਪੇਸ਼ ਕਰਦੇ ਹਨ।

ਇਕ ਨਗਮਾ ਨਾਂਅ ਦੀ ਕਵਿਤਾ ਵਿਚ ਉਹ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਆਪਣਾ ਦੇਸ ਛੱਡ ਕੇ ਨਾ ਜਾਓ। ਉਹ ਕਹਿੰਦੇ ਹਨ:

ਵਤਨ ਦੀਆਂ ਠੰਡੀਆਂ ਛਾਈਂ ਓ ਯਾਰ
ਟਿਕ ਰਹੋ ਥਾਈਂ ਓ ਯਾਰ
ਰੋਜ਼ੀ ਦੇਵੇਗਾ ਸਾਈਂ ਓ ਯਾਰ
ਟਿਕ ਰਹੋ ਥਾਈਂ ਓ ਯਾਰ।

'ਰੱਬਾ ਸੱਚਿਆ' ਨਾਂ ਦੀ ਕਵਿਤਾ ਵਿਚ ਉਹ ਰੱਬ ਨੂੰ ਮੁਖਾਤਬ ਹੁੰਦੇ ਹਨ ਕਿ:

ਰੱਬਾ ਸੱਚਿਆ ਤੂੰ ਤੇ ਆਖਿਆ ਸੀ
ਜਾ ਓਏ ਬੰਦਿਆ ਜੱਗ ਦਾ ਸ਼ਾਹ ਏਂ ਤੂੰ
ਸਾਡੀਆਂ ਨਿਅਮਤਾਂ ਤੇਰੀਆਂ ਦੌਲਤਾਂ ਨੇ
ਸਾਡਾ ਨੈਬ ਤੇ ਅਲੀਜਾਹ ਏਂ ਤੂੰ।

ਬਾਕੀ ਦੀ ਕਵਿਤਾ 'ਚ ਉਹ ਬੰਦੇ ਦੀ ਅਸਲੀ ਹਾਲਤ ਬਿਆਨ ਕਰਦੇ ਹਨ ਤੇ ਅਖੀਰ ਵਿਚ ਰੱਬ ਨੂੰ ਮਿਹਣਾ ਮਾਰਦੇ ਹਨ:

ਜੇ ਇਹ ਮੰਗ ਨਹੀਂ ਪੁੱਜਦੀ ਰੱਬ ਮੇਰੇ
ਫੇਰ ਮੈਂ ਜਾਵਾਂ ਤੇ ਰੱਬ ਕੋਈ ਹੋਰ ਲੋੜਾਂ।

ਕਲਾ ਦੇ ਸਬੰਧ ਵਿਚ ਜਿਹੜੀ ਇਕ ਬਹਿਸ ਹਮੇਸ਼ਾ ਚਲਦੀ ਰਹਿੰਦੀ ਹੈ, ਉਹ ਹੈ ਕਿ ਕੀ ਕਲਾ ਜੀਵਨ ਵਾਸਤੇ ਹੈ ਜਾਂ ਕਲਾ ਕਲਾ ਲਈ ਹੈ? ਫੈਜ਼ ਦੀਆਂ ਪੰਜਾਬੀ ਕਵਿਤਾਵਾਂ ਇਸ ਬਹਿਸ ਪੱਖੋਂ ਵੀ ਮਹੱਤਤਾ ਰੱਖਦੀਆਂ ਹਨ। ਬਿਨਾਂ ਸ਼ੱਕ ਫੈਜ਼ ਹੋਰਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਉਨ੍ਹਾਂ ਦੀਆਂ ਇਹ ਕਵਿਤਾਵਾਂ ਕਲਾ ਪੱਖੋਂ ਉਨ੍ਹਾਂ ਦੀਆਂ ਉਰਦੂ ਨਜ਼ਮਾਂ ਦੇ ਬਰਾਬਰ ਦੀਆਂ ਨਹੀਂ। ਉਨ੍ਹਾਂ ਨੇ ਇਹ ਗੱਲ ਕਿਤੇ ਖੁਦ ਵੀ ਕਹੀ ਹੈ। ਪਰ ਫੇਰ ਵੀ ਉਨ੍ਹਾਂ ਵੱਖਰੇ ਵੱਖਰੇ ਕਾਰਨਾਂ ਵਸ ਵੱਖਰੇ ਵੱਖਰੇ ਸਮੇਂ ਇਹ ਕਵਿਤਾਵਾਂ ਲੋਕਾਂ ਦੀ ਸਮਝ ਆਉਣ ਵਾਲੀ ਬੋਲੀ ਵਿਚ ਲਿਖੀਆਂ। ਇਸ ਤੋਂ ਇਹ ਗੱਲ ਸਾਫ ਜ਼ਾਹਿਰ ਹੁੰਦੀ ਹੈ ਕਿ ਫੈਜ਼ ਹੋਰਾਂ ਲਈ ਕਲਾ ਜੀਵਨ ਲਈ ਦਾ ਨਜ਼ਰੀਆ ਮਹੱਤਤਾ ਰੱਖਦਾ ਸੀ ਨਾ ਕਿ ਕਲਾ ਕਲਾ ਲਈ। ਜੇ ਉਨ੍ਹਾਂ ਲਈ ਕਲਾ ਹੀ ਸਭ ਕੁਝ ਹੁੰਦੀ ਤਾਂ ਸ਼ਾਇਦ ਉਹ ਵੀ ਪੰਜਾਬੀ ਪਿਛੋਕੜ ਦੇ ਹੋਰ ਲੇਖਕਾਂ ਵਾਂਗ ਪੰਜਾਬੀ ਵਿਚ ਲਿਖਣ ਦੀ ਕੋਸ਼ਸ਼ ਨਾ ਕਰਦੇ।

ਫੈਜ਼ ਹੋਰਾਂ ਦੀਆਂ ਇਹ ਕਵਿਤਾਵਾਂ ਪੜ੍ਹਦਿਆਂ ਇਕ ਗੱਲ ਜਿਹੜੀ ਨੋਟ ਕੀਤੇ ਬਿਨਾਂ ਨਹੀਂ ਰਿਹਾ ਜਾਂਦਾ ਉਹ ਹੈ ਇਨ੍ਹਾਂ ਵਿਚ ਹਰ ਪਾਸੇ ਰੱਬ ਦੀ ਭਰਮਾਰ। ਆਪਣੇ 'ਨਗਮੇ' ਵਿਚ ਉਹ ਕਹਿੰਦੇ ਹਨ, "ਵਤਨ ਦੀਆਂ ਠੰਡੀਆਂ ਛਾਈ ਓ ਯਾਰ/ਟਿਕ ਰਹੋ ਥਾਈਂ ਓ ਯਾਰ/ ਰੋਜ਼ੀ ਦੇਵੇਗਾ ਸਾਈਂ ਓ ਯਾਰ ।" ਮੇਰੀ ਡੋਲੀ ਸ਼ਹੁ ਦਰਿਆ ਵਿਚ ਕਹਿੰਦੇ ਹਨ, "ਰੱਬਾ ਪੂਰਾ ਕਰ ਸੁਆਲ।" ਤੇ "ਰੱਬਾ ਸੱਚਿਆ" ਤਾਂ ਹੈ ਹੀ ਸਾਰੀ ਕਵਿਤਾ ਰੱਬ ਨੂੰ ਮੁਖਾਤਬ। ਜੇ ਮੈਂ ਗਲਤ ਨਾ ਹੋਵਾਂ ਤਾਂ ਰੱਬ ਵਲ ਇਸ ਕਿਸਮ ਦਾ ਧਿਆਨ ਉਹ ਆਪਣੀ ਉਰਦੂ ਸ਼ਾਇਰੀ ਵਿਚ ਨਹੀਂ ਦਿੰਦੇ। ਉਹ ਵਿਗਿਆਨਕ ਸੋਚ ਵਾਲੇ ਅਗਾਂਹਵਧੂ ਮਾਰਕਸਵਾਦੀ ਇਨਸਾਨ ਸਨ। ਬੰਦੇ ਦੀਆਂ ਮੁਸ਼ਕਲਾਂ, ਖਾਸ ਕਰ ਪਾਕਿਸਤਾਨ ਵਿਚ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਮੇਰੇ ਖਿਆਲ ਵਿਚ ਉਹ ਰੱਬ ਤੇ ਭਰੋਸਾ ਕਰਨ ਵਾਲੇ ਨਹੀਂ ਸਨ। ਜੇ ਇਹ ਗੱਲ ਹੁੰਦੀ ਤਾਂ ਫੇਰ ਨਾ ਉਹ ਜੇਲ੍ਹਾਂ 'ਚ ਧੱਕੇ ਖਾਂਦੇ ਤੇ ਨਾ ਹੀ ਆਪਣੇ ਜੀਵਨ ਵਿਚ ਏਨੀਆਂ ਹੋਰ ਮੁਸ਼ਕਲਾਂ ਦਾ ਸਾਹਮਣਾ ਕਰਦੇ।

ਇਹ ਗੱਲ ਸਮਝਣੀ ਮੁਸ਼ਕਲ ਨਹੀਂ ਹੈ ਕਿ ਉਨ੍ਹਾਂ ਏਦਾਂ ਕਿਉਂ ਕੀਤਾ। ਉਹ ਲੋਕਾਂ ਦੀ ਬੋਲੀ, ਉਨ੍ਹਾਂ ਦੇ ਮੁਹਾਵਰੇ ਵਿਚ ਗੱਲ ਕਰਨੀ ਚਾਹੁੰਦੇ ਸਨ ਤੇ ਇਹੀ ਕਾਰਨ ਜਾਪਦਾ ਹੈ ਕਿ ਉਨ੍ਹਾਂ ਆਮ ਲੋਕਾਂ ਦੀ ਜੀਵਨ ਜਾਚ ਨੂੰ ਧਿਆਨ ਵਿਚ ਰੱਖ ਕੇ ਰੱਬ ਦੇ ਸਬੰਧ ਵਿਚ ਵੀ ਇਸ ਕਿਸਮ ਦੀਆਂ ਗੱਲਾਂ ਕੀਤੀਆਂ। ਮੈਨੂੰ ਇਸ ਗੱਲ ਦਾ ਵੀ ਪੂਰਾ ਅਹਿਸਾਸ ਹੈ ਕਿ ਲੋਕਾਂ ਵਿਚ ਰੱਬ ਦਾ ਵਿਸ਼ਵਾਸ ਕਿੰਨਾ ਪੱਕਾ ਹੈ ਤੇ ਇਸ ਵਿਸ਼ਵਾਸ ਦੇ ਉਲਟ ਗੱਲ ਕਰਨੀ ਕਿੰਨੀ ਔਖੀ। ਇਸ ਦੇ ਬਾਵਜੂਦ ਮੈਨੂੰ ਲਗਦਾ ਹੈ ਫੈਜ਼ ਸਾਹਿਬ ਹੋਰਾਂ ਜਿਸ ਤਰ੍ਹਾਂ ਸਰਕਾਰ ਅਤੇ ਕਾਬਜ਼ ਜਮਾਤਾਂ ਦੀਆਂ ਵਧੀਕੀਆਂ ਤੋਂ ਲੋਕਾਂ ਨੂੰ ਚੇਤਨ ਹੋਣ ਦਾ ਸੁਨੇਹਾ ਦਿੱਤਾ ਇਸੇ ਤਰ੍ਹਾਂ ਉਨ੍ਹਾਂ ਨੂੰ ਇਹ ਸੁਨੇਹਾ ਵੀ ਦੇਣਾ ਚਾਹੀਦਾ ਸੀ ਕਿ ਉਹ ਆਪਣੇ ਜੀਵਨ ਵਿਚ ਸੁਧਾਰ ਲਿਆਉਣ ਲਈ ਇਸ ਖਿਆਲੀ ਰੱਬ ਤੇ ਆਸ ਨਾ ਰੱਖਣ। ਉਨ੍ਹਾਂ ਨੂੰ ਸਾਫ ਸਾਫ ਦੱਸਣਾ ਚਾਹੀਦਾ ਸੀ ਕਿ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ ਹੈ।

ਫੈਜ਼ ਹੋਰਾਂ ਪੰਜਾਬੀ ਵਿਚ ਭਾਵੇਂ ਥੋੜ੍ਹਾ ਹੀ ਲਿਖਿਆ ਪਰ ਉਨ੍ਹਾਂ ਵਲੋਂ ਏਨਾ ਲਿਖਣਾ ਹੀ ਆਪਣੇ ਆਪ ਵਿਚ ਬਹੁਤ ਮਹੱਤਤਾ ਰੱਖਦਾ ਹੈ। ਇਸ ਨਾਲ ਉਹ ਸਹੀ ਅਰਥਾਂ ਵਿਚ ਆਪਣੀ ਮਾਂ ਬੋਲੀ 'ਤੇ ਮਾਣ ਕਰਨ ਵਾਲੇ ਸੱਚੇ ਸੁੱਚੇ ਪੰਜਾਬੀ ਵਜੋਂ ਪੇਸ਼ ਹੁੰਦੇ ਹਨ। ਉਨ੍ਹਾਂ ਦੀਆਂ ਇਨ੍ਹਾਂ ਕਵਿਤਾਵਾਂ ਨਾਲ ਨਿਰਸੰਦੇਹ ਪੰਜਾਬੀ ਬੋਲੀ ਦਾ ਮਾਣ ਵਧਿਆ ਹੈ। ●

ਸ਼ਰਧਾਂਜਲੀ

# ਕਰਿਸਟੋਫਰ ਹਿਚਨਜ਼



## ਸਾਧੂ ਬਿਨਿੰਗ

ਦਸੰਬਰ 15, 2011 ਵਾਲੇ ਦਿਨ ਉੱਘੇ ਨਾਸਤਿਕ ਲੇਖਕ ਅਤੇ ਪੱਤਰਕਾਰ ਕਰਿਸਟੋਫਰ ਹਿਚਨਜ਼ ਦੀ ਮੌਤ ਹੋ ਗਈ। ਉਹ 62 ਸਾਲ ਦੇ ਸਨ ਤੇ ਪਿਛਲੇ ਦੋ ਕੁ ਸਾਲਾਂ ਤੋਂ ਕੈਂਸਰ ਨਾਲ ਲੜ ਰਹੇ ਸਨ। ਹਿਚਨਜ਼ ਪੱਛਮ ਵਿਚਲੇ ਨਾਸਤਿਕਤਾ ਦੇ ਅਜੋਕੇ ਚਾਰ ਵੱਡੇ ਝੰਡਾਬਰਦਾਰਾਂ –ਰਿਚਰਡ ਡਾਕਿਨਜ਼, ਸੈਮ ਹੈਰਿਸ ਤੇ ਡੈਨੀਅਲ ਡੈਨਿੱਟ – ਵਿੱਚੋਂ ਇਕ ਸੀ। ਉਹ ਸਹੀ ਅਰਥਾਂ ਵਿਚ ਅਜ਼ਾਦ ਸੋਚ ਵਾਲਾ ਤੇ ਬਹੁਤ ਰੰਗੀਲੀ ਸ਼ਕਸੀਅਤ ਦਾ ਵਿਅਕਤੀ ਸੀ। ਹਿਚਨਜ਼ ਇੰਗਲੈਂਡ ਦਾ ਜੰਮਿਆ ਅਮਰੀਕਨ ਸ਼ਹਿਰੀ ਸੀ। ਆਪਣੀ ਖੂਬਸੂਰਤ ਤੇ ਤਿੱਖੀ ਚੋਭ ਵਾਲੀ ਅੰਗ੍ਰੇਜ਼ੀ ਲਿਖਣ ਦੀ ਯੋਗਤਾ ਕਰਕੇ ਉਹ ਵੱਖਰੀ ਪਛਾਣ ਰੱਖਦਾ ਸੀ।

ਉਹਨੇ ਦਰਜਨ ਤੋਂ ਵੱਧ ਕਿਤਾਬਾਂ ਲਿਖੀਆਂ ਪਰ ਉਹਦੀ 2007 ਵਿਚ ਛਪੀ ਪੁਸਤਕ 'ਗੌਡ ਇਜ਼ ਨਾਟ ਗ੍ਰੇਟ: ਹਾਓ ਰਿਲਿਜਨ ਪੋਇਜ਼ਨ ਐਵਰੀਥਿੰਗ' ਨਾਲ ਉਹਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਮਿਲੀ। ਭਾਵੇਂ ਇਸ ਕਿਤਾਬ ਤੋਂ ਪਹਿਲਾਂ ਰਿਚਰਡ ਡਾਕਿਨਜ਼ ਦੀ ਪੁਤਸਕ ਦੀ 'ਗੌਡ ਡਿਲੂਜ਼ਨ' ਅਤੇ ਸੈਮ ਹੈਰਿਸ ਦੀ ਪੁਸਤਕ 'ਦੀ ਇੰਡ ਆਫ ਫੇਥ' ਨਾਸਤਿਕਤਾ ਦੇ ਖੇਤਰ ਵਿਚ ਕਾਫੀ ਚਰਚਿਤ ਸਨ ਪਰ ਹਿਚਨਜ਼ ਦੀ ਕਿਤਾਬ ਉਨ੍ਹਾਂ ਤੋਂ ਵੀ ਵੱਧ ਵਿਕੀ ਅਤੇ ਨਿਊ ਯਾਰਕ ਟਾਈਮਜ਼ ਦੀ ਬੈੱਸਟ ਸੈਲਰਜ਼ ਲਿਸਟ 'ਤੇ ਪਹਿਲੇ ਨੰਬਰ 'ਤੇ ਪਹੁੰਚੀ।

ਆਪਣੀ ਇਸ ਪੁਸਤਕ ਵਿਚ ਕਰਿਸਟੋਫਰ ਹਿਚਨਜ਼ ਨੇ ਬਹੁਤ ਸ਼ਕਤੀਸ਼ਾਲੀ ਤਰੀਕੇ ਨਾਲ ਨਾਸਤਿਕਤਾ ਦੇ ਹੱਕ ਵਿਚ ਦਲੀਲਾਂ ਪੇਸ਼ ਕੀਤੀਆਂ ਅਤੇ ਨਾਲ ਹੀ ਦਿਖਾਇਆ ਕਿ ਕਿਸ ਤਰ੍ਹਾਂ ਧਰਮ ਮਨੁੱਖਤਾ ਲਈ ਹਾਨੀਕਾਰਕ ਹੈ। ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰੀ ਦੂਜੇ ਚਿੰਤਕਾਂ ਵਾਂਗ ਹਿਚਨਜ਼ ਨੇ ਵੀ ਇਹ ਵਿਚਾਰ ਪੇਸ਼ ਕੀਤੇ ਕਿ ਪ੍ਰਮਾਤਮਾ ਨੇ ਮਨੁੱਖ ਜਾਂ ਕੁਦਰਤ ਦੀ ਉਤਪਤੀ ਨਹੀਂ ਕੀਤੀ ਸਗੋਂ ਇਸ ਤੋਂ ਉਲਟ ਮਨੁੱਖ ਨੇ ਪ੍ਰਮਾਤਮਾ ਪੈਦਾ ਕੀਤਾ, ਸਗੋਂ ਪੈਦਾ ਕੀਤੇ ਹਨ। ਇਹੀ ਕਾਰਨ ਹੈ ਕਿ ਹਰ ਕੋਈ ਆਪੋ ਆਪਣਾ ਵੱਖਰਾ ਰੱਬ ਤੇ ਉਹਨੂੰ ਮੰਨਾਉਣ ਪਰਚਾਉਣ ਦਾ ਵੱਖਰਾ ਵੱਖਰਾ ਤਰੀਕਾ ਚੁੱਕੀ ਫਿਰਦਾ ਹੈ। ਧਾਰਮਿਕ ਲੋਕਾਂ ਵਲੋਂ ਦਿੱਤੀ ਜਾਂਦੀ ਦਲੀਲ ਕਿ ਰੱਬ ਦੇ ਡਰ ਬਿਨਾਂ ਬੰਦਾ ਚੰਗਾ ਨਹੀਂ ਬਣ ਸਕਦਾ ਨੂੰ ਵੀ ਹਿਚਨਜ਼ ਨੇ ਜ਼ੋਰਦਾਰ ਸ਼ਬਦਾਂ ਵਿਚ ਰੱਦ ਕੀਤਾ। ਉਹਨੇ ਕਿਹਾ ਕਿ ਧਰਮ ਦੁਨੀਆਂ ਵਿਚ ਨਫਰਤ ਦਾ ਸਭ ਤੋਂ ਵੱਡਾ ਸੋਮਾ ਹੈ।


ਹਿਚਨਜ਼ ਬਹੁਤ ਵਿਵਾਦਗ੍ਰਸਤ ਸ਼ਖਸੀਅਤ ਸੀ। ਉਹ ਬਹਿਸ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਸੀ ਹਟਦਾ। ਲਿਖਤੀ ਰੂਪ ਵਿਚ ਵੀ ਤੇ ਟੈਲੀਵਿਯਨ ਉੱਤੇ ਵੀ ਉਹਦੀਆਂ ਬਹਿਸਾਂ ਜਿੱਥੇ ਨਵੇਂ ਵਿਚਾਰਾਂ ਨਾਲ ਭਰਪੂਰ ਹੁੰਦੀਆਂ ਸਨ ਉੱਥੇ ਦਿਲਚਸਪ ਵੀ ਹੁੰਦੀਆਂ। ਉਹਦੀਆਂ ਬਹੁਤ ਸਾਰੀਆਂ ਬਹਿਸਾਂ ਯੂ-ਟਿਊਬ 'ਤੇ ਦੇਖੀਆਂ ਜਾ ਸਕਦੀਆਂ ਹਨ। ਆਪਣੇ ਸਿਆਸੀ ਵਿਚਾਰਾਂ ਵਿਚ ਉਹ ਪਹਿਲਾਂ ਕਮਿਊਨਿਸਟ ਵੀ ਰਿਹਾ ਪਰ ਬਾਅਦ ਵਿਚ ਇਕ ਅਮਰੀਕਨ ਕੌਮਵਾਦੀ (ਨੈਸ਼ਨਲਿਸਟ) ਬਣ ਕੇ ਬੁਸ਼ ਦੀ ਇਰਾਕ ਜੰਗ ਦਾ ਹਿਮਾਇਤੀ ਬਣਿਆ ਰਿਹਾ। ਪਰ ਜਿਹੜੀ ਇਕ ਗੱਲ ਕਰਕੇ ਉਹਦੇ ਵਿਰੋਧੀ ਵੀ ਉਹਦਾ ਸਤਿਕਾਰ ਕਰਦੇ ਸਨ, ਉਹ ਸੀ ਉਹਦੇ ਵਲੋਂ ਆਪਣੇ ਵਿਚਾਰਾਂ ਨੂੰ ਬਿਨਾਂ ਕਿਸੇ ਹਿਚਕਚਾਹਟ ਦੇ, ਬਿਨਾਂ ਕਿਸੇ ਡਰ ਭੌਅ ਦੇ ਜਾਂ ਲੁਕ ਲੁਕਾ ਦੇ, ਇਮਾਨਦਾਰੀ ਨਾਲ ਤੇ ਧੜੱਲੇਦਾਰ ਤਰੀਕੇ ਨਾਲ ਦੂਜਿਆਂ ਦੇ ਸਾਹਮਣੇ ਰੱਖਣਾ। ਆਪਣੀਆਂ ਲਿਖਤਾਂ ਵਿਚ ਉਹਨੇ ਇੰਗਲੈਂਡ ਦੀ ਰੌਇਲ ਫੈਮਲੀ, ਅਮਰੀਕਨ ਪ੍ਰੈਜ਼ੀਡੈਂਟ ਕਲਿੰਟਨ, ਮਦਰ ਟੈਰੇਸਾ ਵਰਗੇ ਲੋਕਾਂ ਦੀ ਬਹੁਤ ਸਖਤ ਸ਼ਬਦਾਂ ਵਿਚ ਅਲੋਚਨਾ ਕੀਤੀ। ਮਦਰ ਟੈਰੇਸਾ ਬਾਰੇ ਲਿਖੀ ਆਪਣੀ ਕਿਤਾਬ "ਦਾ ਮਿਸ਼ਨਰੀ ਪੁਜ਼ੀਸ਼ਨ: ਮਦਰ ਟੈਰੇਸਾ ਇਨ ਥਿਊਰੀ ਐਂਡ ਪ੍ਰੈਕਟਿਸ" ਵਿਚ ਉਹਨੇ ਲਿਖਿਆ ਕਿ ਮਦਰ ਟੈਰੇਸਾ "ਕੱਟੜ, ਮੂਲਵਾਦੀ ਅਤੇ ਧੋਖੇਬਾਜ਼" ਹੈ ਜੋ ਗਰੀਬਾਂ ਦੀ ਦੇਖਭਾਲ ਕਰਨ ਨਾਲੋਂ ਆਪਣੇ ਕੈਥੋਲਿਕ ਧਰਮ ਨੂੰ ਫੈਲਾਉਣ ਵਿਚ ਜ਼ਿਆਦਾ ਦਿਲਚਸਪੀ ਰੱਖਦੀ ਹੈ।

ਹਿਚਨਜ਼ ਦੇ ਅਲੋਚਕ ਵੀ ਉਹਨੂੰ ਮਾਫ ਨਹੀਂ ਸੀ ਕਰਦੇ। ਉਨ੍ਹਾਂ ਅਨੁਸਾਰ ਉਹ 'ਪੇਸ਼ਾਵਰ ਝਗੜਾਲੂ' ਸੀ ਜਿਹੜਾ ਲੋਕਾਂ ਦਾ 'ਦਿਲਪਰਚਾਵਾ' ਕਰਦਾ ਸੀ। ਖੱਬੀ ਧਿਰ ਦੇ ਲੋਕ ਵਿਸ਼ੇਸ਼ ਤੌਰ 'ਤੇ ਉਹਦੀ ਤਿੱਖੀ ਆਲੋਚਨਾ ਕਰਦੇ ਸਨ। ਅਜਿਹੇ ਇਕ ਆਲੋਚਕ ਅਲੈਗਜ਼ੈਂਡਰ ਕੌਕਬਰਨ ਵਲੋਂ ਉਸ ਬਾਰੇ ਇਕ ਖੱਤ ਲਿਖਿਆ ਗਿਆ ਸੀ ਜਿਸ ਦਾ ਨਾਂ ਸੀ: "ਇਕ ਝੂਠੇ, ਖੁਦਰਗਰਜ਼, ਮੋਟੇ, ਤਮਾਖੂਪੀਣੇ, ਸ਼ਰਾਬੀ, ਮੌਕਾਪ੍ਰਸਤ, ਸਨਕੀ ਕੱਬੇ ਬੰਦੇ ਦੇ ਨਾਂਅ ਖੱਤ"। ਹਿਚਨਜ਼ ਦਾ ਆਪਣੇ ਬਾਰੇ ਕਹਿਣਾ ਸੀ ਕਿ ਮੈਂ, "ਕਿਸੇ ਪਾਰਟੀ ਦਾ ਮੈਂਬਰ ਨਹੀਂ। ਮੇਰੀ ਕੋਈ ਵਿਚਾਰਧਾਰਾ ਨਹੀਂ। ਮੈਂ ਤਰਕਵਾਦੀ ਹਾਂ।" "ਮੈਂ ਅੰਤਰਰਾਸ਼ਟਰੀ ਪੱਧਰ 'ਤੇ ਜਹਾਲਤ, ਅੰਧਵਿਸ਼ਵਾਸ ਅਤੇ ਮੂਰਖਤਾ, ਜਿਹੜੀ ਸਾਡੇ ਹਰ ਪਾਸੇ ਛਾਈ ਹੋਈ ਹੈ, ਨਾਲ ਚਲਦੀ ਵਿਗਿਆਨ ਅਤੇ ਤਰਕ ਦੀ ਜੱਦੋਜਿਹਦ ਵਿਚ ਜੋ ਕੁਛ ਕਰ ਸਕਦਾ ਹਾਂ ਕਰਦਾ ਹਾਂ।"

ਜਿਹੜੀ ਚੀਜ਼ ਹਿਚਨਜ਼ ਨੂੰ ਪੰਜਾਬੀ ਨਜ਼ਰੀਏ ਤੋਂ ਦਿਲਕਸ਼ ਬਣਾਉਂਦੀ ਹੈ, ਉਹ ਹੈ ਉਹਦੀ ਫੱਕਰ ਸ਼ਖਸੀਅਤ। ਉਹ ਅਕਸਰ ਕੈਮਰੇ ਦੇ ਸਾਹਮਣੇ ਹੱਥ ਵਿਚ ਸ਼ਰਾਬ ਦਾ ਗਲਾਸ ਤੇ ਸਿਗਰਟ ਫੜੀ ਬੈਠਾ ਬਹਿਸ ਕਰਦਾ ਦਿਖਾਈ ਦਿੰਦਾ ਤੇ ਸਵਾਲ ਪੁੱਛਣ ਵਾਲੇ ਨੂੰ ਸਿੱਧਾ ਕਹਿ ਦਿੰਦਾ ਕਿ ਤੇਰਾ ਸਵਾਲ ਬੇਵਕੂਫੀ ਨਾਲ ਭਰਿਆ ਪਿਆ ਹੈ। ਅਜਿਹੀ ਸ਼ਖਸੀਅਤ ਅਜੋਕੇ ਪੰਜਾਬੀ ਭਾਈਚਾਰੇ ਵਿਚ ਸਗੋਂ ਵੱਡੇ ਭਾਰਤੀ ਭਾਈਚਾਰੇ ਵਿਚ ਵੀ ਸੰਭਵ ਨਹੀਂ ਜਾਪਦੀ। ਸਾਡੇ ਹਰ ਕਿਸਮ ਦੇ ਆਲੋਚਕ ਵੀ ਲੋਕਾਂ ਸਾਹਮਣੇ ਇਕ ਵਿਸ਼ੇਸ਼ ਕਿਸਮ ਦਾ ਪ੍ਰਤੀਬਿੰਬ ਹੀ ਪੇਸ਼ ਕਰਦੇ ਹਨ, ਪ੍ਰਾਈਵੇਟ ਮਹਿਫਲਾਂ ਵਿਚ ਤਾਂ ਹਿਚਨਜ਼ ਵਰਗੇ ਪੰਜਾਬੀ ਵੀ ਅਨੇਕਾਂ ਹੋਣਗੇ ਪਰ ਸਾਹਮਣੇ ਲੋਕਾਂ ਵਿਚ ਵਿਚਰਨ ਵਾਲਾ ਸ਼ਾਇਦ ਕੁਝ ਹੱਦ ਤੱਕ ਖੁਸ਼ਵੰਤ ਸਿੰਘ ਹੀ ਹੋਵੇ। ਨੁਕਤਾ ਇਹ ਨਹੀਂ ਕਿ ਆਮ ਬੰਦੇ ਨੂੰ ਹਿਚਨਜ਼ ਵਰਗਾ ਬਣਨਾ ਚਾਹੀਦਾ ਹੈ, ਨੁਕਤਾ ਇਹ ਹੈ ਕਿ ਇਸ ਕਿਸਮ ਦੀ ਸ਼ਖਸੀਅਤ ਲਈ ਵੀ ਸਮਾਜ ਵਿਚ ਥਾਂ ਹੋਣੀ ਚਾਹੀਦੀ ਹੈ। ਪੰਜਾਬੀ ਤੇ ਭਾਰਤੀ ਸਮਾਜ ਵਿਚ ਵਿਆਪਕ ਪੱਧਰ ਤੇ ਫੈਲੇ ਪਖੰਡ ਨੂੰ ਵੰਗਾਰਨ ਲਈ ਸ਼ਾਇਦ ਇਹ ਜ਼ਰੂਰੀ ਹੈ। ●

ਫਿਲਮ ਰਿਵੀਊ

# ਬੋਲ




**ਸਾਧੂ ਬਿਨਿੰਗ**

ਬੋਲ ਪਾਕਿਸਤਾਨ ਵਿਚ ਬਣੀ ਬਹੁਤ ਹੀ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਫਿਲਮ ਹੈ। ਇਹ ਪਾਕਿਸਤਾਨੀ ਸਮਾਜ ਦੇ ਬਹੁਤ ਸਾਰੇ ਮਸਲਿਆਂ ਨੂੰ ਸਾਹਮਣੇ ਲਿਆਉਂਦੀ ਹੈ ਅਤੇ ਆਮ ਦੇਖਣ ਵਾਲੇ ਨੂੰ ਵੀ ਸੋਚਣ ਵਾਸਤੇ ਮਜਬੂਰ ਕਰਦੀ ਹੈ। ਬੋਲ ਸ਼ਬਦ ਸੁਣਦਿਆਂ ਹੀ ਫੈਜ਼ ਅਹਿਮਦ ਫੈਜ਼ ਦੀ ਇਨਕਲਾਬੀ ਕਵਿਤਾ ਯਾਦ ਆ ਜਾਂਦੀ ਹੈ – 'ਬੋਲ ਕਿ ਲਬ ਆਜ਼ਾਦ ਹੈਂ ਤੇਰੇ, ਬੋਲ ਕਿ ਜ਼ੁਬਾਂ ਅਬ ਤੱਕ ਤੇਰੀ ਹੈ।' ਇਸ ਫਿਲਮ ਦੀ ਸ਼ੁਰੂਆਤ ਵੀ ਇਸੇ ਵਿਚਾਰ ਨਾਲ ਹੁੰਦੀ ਹੈ। ਜ਼ੈਨਬ (ਹੁਮੇਮਾ ਮਲਿਕ) ਫਾਂਸੀ ਦੀ ਉਡੀਕ ਕਰ ਰਹੀ ਹੈ ਤੇ ਚੁੱਪ ਚਾਪ ਆਪਣੇ ਕੀਤੇ ਜ਼ੁਰਮ ਲਈ ਸਜ਼ਾ ਪਾਉਣਾ ਚਾਹੁੰਦੀ ਹੈ। ਉਹਦਾ ਗੁਆਂਢੀ ਤੇ ਹਮਦਰਦ ਨੌਜਵਾਨ ਮੁੰਡਾ ਮੁਸਤਫਾ (ਆਤਿਫ ਅਸਲਮ) ਜੋ ਇਕ ਡਾਕਟਰ ਹੈ, ਉਸ ਨੂੰ ਕਹਿੰਦਾ ਹੈ ਕਿ ਉਹ ਆਪਣੀ ਕਹਾਣੀ ਦੱਸੇ, ਬੋਲੇ। ਉਹਦਾ ਕਹਿਣਾ ਹੈ ਕਿ 'ਹਮਾਰੀਆਂ ਬੁਰਾਈਆਂ ਇਸ ਲੀਏ ਖਤਮ ਨਹੀਂ ਹੋ ਰਹੀ ਕਿ ਹਮ ਬੋਲਤੇ ਨਹੀਂ ਹੈਂ – ਖਾਮੋਸ਼ ਹੋ ਜਾਤੇ ਹੈਂ – ਜ਼ਰਾ ਸੋਚੋ ਆਪ ਕੀ ਕਹਾਨੀ ਸੁਨ ਕਰ ਅਗਰ ਏਕ ਭੀ ਘਰ ਬਦਲ ਗਿਆ ਤੋ ਕਿਤਨੀ ਲੜਕੀਓਂ ਕੀ ਜ਼ਿੰਦਗੀਆਂ ਬਦਲ ਜਾਏਂਗੀ।' ਇਸ ਤਰ੍ਹਾਂ ਫਾਂਸੀ ਲੱਗਣ ਤੋਂ ਕੁਝ ਪਲ ਪਹਿਲਾਂ ਜ਼ੈਨਬ ਆਪਣੇ ਪਰਵਾਰ ਦੀ ਕਹਾਣੀ ਮੀਡੀਏ ਨੂੰ ਦੱਸਦੀ ਹੈ।

ਲੇਖਕ ਤੇ ਡਾਇਰੈਕਟਰ ਸ਼ੋਇਬ ਮਨਸੂਰ ਨੇ 2007 ਵਿਚ ਫਿਲਮ 'ਖੁਦਾ ਕੇ ਲੀਏ' ਨਾਲ ਮਸ਼ਹੂਰੀ ਪ੍ਰਾਪਤ ਕੀਤੀ ਸੀ। ਹੁਣ ਉਸ ਨੇ ਬੋਲ ਰਾਹੀਂ ਕਈ ਗੰਭੀਰ ਸਮਾਜਿਕ ਮਸਲੇ ਬਹੁਤ ਕਲਾਤਮਕ ਤਰੀਕੇ ਨਾਲ ਉਭਾਰੇ ਹਨ ਅਤੇ ਸੋਚ ਨੂੰ ਹਲੂਣਾ ਦੇਣ ਵਾਲੀ ਇਕ ਹੋਰ ਅਸਰਦਾਰ ਕਿਰਤ ਦਰਸ਼ਕਾਂ ਅੱਗੇ ਪੇਸ਼ ਕੀਤੀ ਹੈ।

ਜ਼ੈਨਬ ਇਕ ਆਮ ਗਰੀਬ ਪਰਵਾਰ ਦੀ ਵੱਡੀ ਲੜਕੀ ਹੈ। ਉਸ ਦਾ ਪਿਓ ਜੱਦੀ-ਪੁਸ਼ਤੀ ਹਕੀਮੀ ਕਰਦਾ ਹੈ ਪਰ ਸਮੇਂ ਦੇ ਬਦਲਣ ਨਾਲ ਹੁਣ ਉਸ ਦਾ ਕੰਮ ਏਨਾ ਕਮਾਈ ਵਾਲਾ ਨਹੀਂ ਰਿਹਾ। ਹਕੀਮ (ਮਨਜ਼ਰ ਸਹਿਬਾਈ) ਬੜਾ ਧਾਰਮਿਕ ਤੇ ਇਮਾਨਦਾਰ ਮੁਸਲਮਾਨ ਹੈ ਅਤੇ ਹਰ ਕੰਮ ਧਰਮ, ਸਭਿਆਚਾਰ ਅਤੇ ਆਪਣੇ ਖਾਨਦਾਨੀ ਵਿਰਸੇ ਵਿੱਚੋਂ ਮਿਲੀ ਸਿੱਖਿਆ ਅਨੁਸਾਰ ਕਰਦਾ ਹੈ। ਉਹ ਆਪਣੀ ਵਲੋਂ ਹਰ ਕੰਮ ਸੋਚ ਸਮਝ ਕੇ ਇਮਾਨਦਾਰੀ ਨਾਲ ਸਹੀ ਕਰਦਾ ਹੈ ਤੇ ਉਹਨੂੰ ਆਪਣੇ ਆਪ 'ਤੇ ਏਨਾ ਵਿਸ਼ਵਾਸ ਹੈ ਕਿ ਆਪਣੇ ਕੀਤੇ ਕਿਸੇ ਵੀ ਕੰਮ ਲਈ ਉਸ ਦੇ ਮਨ ਵਿਚ ਕੋਈ ਸ਼ੰਕਾ ਨਹੀਂ ਉੱਭਰਦੀ। ਉਹ ਪੁੱਤ ਦੀ ਖਾਹਿਸ਼ ਵਿਚ ਧੀ ਤੇ ਧੀ ਪੈਦਾ ਕਰੀ ਜਾ ਰਿਹਾ ਹੈ। ਫਿਲਮ ਵਿਚ ਇਹ ਨੁਕਤਾ ਕਾਫੀ ਜ਼ੋਰਦਾਰ ਤਰੀਕੇ ਨਾਲ ਉਭਾਰਿਆ ਗਿਆ ਹੈ। ਜ਼ੈਨਬ ਦੇ ਬਾਪ ਦੀ ਸੋਚ ਅਨੁਸਾਰ ਜੋ ਕੁਝ ਹੁੰਦਾ ਹੈ ਅੱਲਾ ਦੀ ਮਰਜ਼ੀ ਨਾਲ ਹੁੰਦਾ ਹੈ – 'ਜਿਸ ਨੇ ਚੋਂਜ ਦੀ ਹੈ ਵੋ ਚੋਗਾ ਵੀ ਦੇਤਾ ਹੈ।' ਇਸ ਦੇ ਵਿਰੋਧ ਵਿਚ ਜ਼ੈਨਬ ਦਾ ਕਹਿਣਾ ਹੈ ਕਿ ਜੇ ਤੁਸੀਂ ਬੱਚਿਆਂ ਨੂੰ ਚੰਗੀ ਤਰ੍ਹਾਂ ਪਾਲ਼ ਨਹੀਂ ਸਕਦੇ ਤਾਂ ਪੈਦਾ ਨਹੀਂ ਕਰਨੇ ਚਾਹੀਦੇ। ਫਿਲਮ ਦੇ ਐਨ ਅਖੀਰ ਵਿਚ ਜ਼ੈਨਬ ਕਹਿੰਦੀ ਹੈ ਕਿ ਇਸ ਤਰੀਕੇ ਨਾਲ ਬੱਚੇ ਪੈਦਾ ਕਰਨਾ ਵੀ ਜ਼ੁਰਮ ਹੋਣਾ ਚਾਹੀਦਾ ਹੈ ਤੇ ਦੋਸ਼ੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਸ ਦਾ ਇਹ ਸਵਾਲ ਕਿ ਜਦ 'ਖਿਲਾ ਨਹੀਂ ਸਕਦੇ ਤੋ ਪੈਦਾ ਕਿਓਂ ਕਰਤੇ ਹੋ?' ਥੋੜ੍ਹੇ ਕੀਤੇ ਤੁਹਾਡਾ ਪਿੱਛਾ ਨਹੀਂ ਛੱਡਦਾ।

ਹਕੀਮ ਸਾਹਿਬ ਦੀਆਂ ਪੈਦਾ ਕੀਤੀਆਂ ਕੁਲ ਚੌਦਾਂ ਧੀਆਂ ਵਿੱਚੋਂ ਸੱਤ ਬਚ ਰਹਿੰਦੀਆਂ ਹਨ ਤੇ ਅੱਠਵੀਂ ਵਾਰ ਉਸ ਦੇ ਘਰ ਪੁੱਤ ਜੰਮਦਾ ਹੈ ਪਰ ਉਹ ਖੁਸਰਾ ਹੈ। ਹਕੀਮ ਸਮਾਜ ਦੇ ਡਰੋਂ ਉਸ ਨੂੰ ਜਨਮ ਸਮੇਂ ਮਾਰਨ ਦੀ ਕੋਸ਼ਸ਼ ਕਰਦਾ ਹੈ। ਮੁੰਡੇ ਦੀ ਮਾਂ ਉਹਨੂੰ ਇਹ ਕੰਮ ਕਰਨ ਨਹੀਂ ਦਿੰਦੀ। ਇਸ ਪਾਤਰ ਰਾਹੀਂ ਸ਼ੋਇਬ ਮਨਸੂਰ ਨੇ ਪਾਕਿਸਤਾਨੀ (ਭਾਰਤੀ ਵੀ) ਸਮਾਜ ਦੇ ਲਿੰਗ ਅਤੇ ਕਾਮਿਕਤਾ ਨਾਲ ਸਬੰਧਤ ਮਸਲੇ ਦੇ ਕਈ ਘਿਨਾਉਣੇ ਪੱਖ ਇਸ ਤਰ੍ਹਾਂ ਉਘਾੜੇ ਹਨ ਕਿ ਦੇਖਣ ਵਾਲੇ ਨੂੰ ਹਰ ਹਾਲਤ ਵਿਚ ਇਸ ਬਾਰੇ ਸੋਚਣ ਲਈ ਮਜਬੂਰ

ਹੋਣਾ ਪੈਂਦਾ ਹੈ ਕਿ ਜੋ ਹੈ ਉਹ ਠੀਕ ਨਹੀਂ ਹੈ, ਇਸ ਦਾ ਕੋਈ ਹੱਲ ਹੋਣਾ ਚਾਹੀਦਾ ਹੈ। ਫਿਲਮ ਵਿਚ ਇਸੇ ਕਿਸਮ ਦਾ ਇਕ ਹੋਰ ਮਸਲਾ ਸਾਹਮਣੇ ਲਿਆਂਦਾ ਗਿਆ ਹੈ ਕਿ ਸਮਾਜ ਵਿਚਲੇ ਜਿਨ੍ਹਾਂ ਲੋਕਾਂ ਦਾ ਜੱਦੀ-ਪੁਸ਼ਤੀ ਕੰਮ ਵੇਸਵਾਗਿਰੀ ਹੈ ਉਹ ਸਮਾਜ ਨੂੰ ਕਿਸ ਤਰੀਕੇ ਨਾਲ ਦੇਖਦੇ ਹਨ। ਜਿੱਥੇ ਬਾਕੀ ਦੇ ਪਾਕਿਸਤਾਨੀ ਤੇ ਭਾਰਤੀ ਸਮਾਜ ਵਿਚ ਕੁੜੀ ਦਾ ਪੈਦਾ ਹੋਣਾ ਇਕ ਬਹੁਤ ਘਾਟੇ ਵਾਲੀ ਘਟਨਾ ਹੈ ਉੱਥੇ ਇਸ ਕਿੱਤੇ ਦੇ ਲੋਕਾਂ ਵਾਸਤੇ ਇਹ ਬਹੁਤ ਵੱਡੀ ਫਾਇਦੇ ਵਾਲੀ ਗੱਲ ਹੈ। ਹਕੀਮ ਆਪਣੀ ਕੁੜੀਆਂ ਪੈਦਾ ਕਰਨ ਦੀ ਯੋਗਤਾ (ਓਦਾਂ ਆਪਣੇ ਘਰ ਜੰਮੀਆਂ ਕੁੜੀਆਂ ਲਈ ਉਹ ਆਪਣੀ ਘਰ ਵਾਲੀ ਨੂੰ ਹੀ ਕਸੂਰਵਾਰ ਮੰਨਦਾ ਹੈ) ਦੀ ਵਰਤੋਂ ਕਰ ਕੇ ਲੋੜ ਸਮੇਂ ਇਨ੍ਹਾਂ ਲੋਕਾਂ ਤੋਂ ਪੈਸੇ ਕਮਾਉਂਦਾ ਹੈ। ਫੇਰ 'ਗੰਦੇ ਥਾਂ' ਤੋਂ ਆਏ ਨੋਟਾਂ ਨੂੰ ਸਾਬਣ ਨਾਲ ਧੋਂਦਾ ਹੈ। ਇਕ ਧਾਰਮਿਕ ਇਨਸਾਨ ਆਪਣੀ ਲੋੜ ਲਈ ਅਜੀਬ ਕਿਸਮ ਦੀ ਗੱਲ ਕਰਦਾ ਹੈ ਪਰ ਉਸ ਨੂੰ ਇਹ ਕਿਸੇ ਤਰ੍ਹਾਂ ਵੀ ਗਲਤ ਨਹੀਂਜਾਪਦੀ।

ਹਕੀਮ ਆਪਣੀਆਂ ਲੜਕੀਆਂ ਨੂੰ ਵਿਦਿਆ ਦੇਣ ਦੇ ਖਿਲਾਫ ਹੈ ਭਾਵੇਂ ਸਕੂਲ ਉਹਦੇ ਘਰ ਦੇ ਬਿਲਕੁਲ ਨਾਲ ਹੈ। ਇਸ ਪਿਛਾਂਹ ਖਿੱਚੂ ਸੋਚ ਨੂੰ ਉਘਾੜਨ ਲਈ ਗੁਆਂਢ ਵਿਚ ਰਹਿੰਦਾ ਪਰਵਾਰ ਦਿਖਾਇਆ ਗਿਆ ਹੈ ਜਿਨ੍ਹਾਂ ਦੇ ਮੁੰਡਾ ਤੇ ਕੁੜੀ ਦੋਵੇਂ ਪੜ੍ਹ ਰਹੇ ਹਨ। ਮੁਸਤਫਾ ਨਾਅ ਦਾ ਉਹ ਮੁੰਡਾ ਗਾਉਣ ਦਾ ਸ਼ੌਕ ਵੀ ਰੱਖਦਾ ਹੈ ਤੇ ਡਾਕਟਰੀ ਦੀ ਸਿੱਖਿਆ ਲੈ ਰਿਹਾ ਹੈ। ਹਕੀਮ ਦੀ ਇਕ ਕੁੜੀ ਜੋ ਗਾਇਕ ਬਣਨ ਦੀ ਚਾਹਵੰਦ ਹੈ ਮੁਸਤਫਾ ਨਾਲ ਰਲ਼ ਕੇ ਆਪਣੇ ਬਾਪ ਤੋਂ ਚੋਰੀਂ ਬਾਹਰ ਗਾਉਣ ਵੀ ਜਾਂਦੀ ਹੈ। ਮੁਸਲਮਾਨ ਧਰਮ ਵਿਚਲੇ ਸ਼ੀਆ ਤੇ ਸੁੰਨੀ ਦੇ ਫਰਕ ਕਰ ਕੇ ਹਕੀਮ ਆਪਣੀ ਇਸ ਲੜਕੀ ਦਾ ਵਿਆਹ ਮੁਸਤਫਾ ਨਾਲ ਕਰਨ ਦੀ ਥਾਂ ਕੁੜੀ ਨਾਲੋਂ ਤਿੱਗਣੀ ਉਮਰ ਦੇ ਬੰਦੇ ਨਾਲ ਕਰਨ ਨੂੰ ਤਿਆਰ ਹੈ।

ਹਕੀਮ ਦੀ ਵੱਡੀ ਲੜਕੀ ਜ਼ੈਨਬ ਆਪਣੇ ਪਤੀ ਨੂੰ ਛੱਡ ਕੇ ਮੁੜ ਆਪਣੇ ਬਾਪ ਦੇ ਘਰ ਰਹਿੰਦੀ ਹੈ। ਹਕੀਮ ਦੇ ਘਰ ਵਾਲੀ ਨੂੰ ਕਿਸੇ ਵੀ ਮਸਲੇ ਬਾਰੇ ਬੋਲਣ ਦਾ ਜਾਂ ਕੋਈ ਰਾਇ ਰੱਖਣ ਦਾ ਬਿਲਕੁਲ ਹੱਕ ਨਹੀਂ ਹੈ। ਘਰ ਵਿਚ ਬਾਪ ਦੇ ਕੰਮਾਂ ਵਿਰੁੱਧ ਪੈਰ ਪੈਰ 'ਤੇ ਜ਼ੈਨਬ ਆਵਾਜ਼ ਉਠਾਉਂਦੀ ਹੈ ਅਤੇ ਉਸ ਦੇ ਦਕਿਆਨੂਸੀ ਵਿਚਾਰਾਂ ਨੂੰ ਨਵੀਂ ਸੇਧ ਦੇਣ ਦੀ ਕੋਸ਼ਸ਼ ਕਰਦੀ ਹੈ। ਉਸ ਦੀਆਂ ਇਹ ਕੋਸ਼ਸ਼ਾਂ ਕੋਈ ਸਾਰਥਕ ਨਤੀਜਾ ਨਹੀਂ ਕੱਢਦੀਆਂ ਸਗੋਂ ਸਿੱਟਾ ਹਿੰਸਾ ਵਿਚ ਨਿਕਲਦਾ ਹੈ। ਏਥੇ ਸ਼ੋਇਬ ਮਨਸੂਰ ਜ਼ੈਨਬ ਕੋਲੋਂ ਉਹ ਹੀ ਵਿਚਾਰ ਪੇਸ਼ ਕਰਵਾਉਂਦਾ ਹੈ ਜੋ ਇਸਲਾਮ ਦੇ ਘੇਰੇ ਵਿਚ ਆਉਂਦੇ ਹਨ। ਉਸ ਦੀ ਮਜਬੂਰੀ ਸਮਝ ਪੈਂਦੀ ਹੈ। ਪਰ ਦਰਸ਼ਕ ਸਹਿਜੇ ਹੀ ਇਸ ਤੋਂ ਅੱਗੇ ਸੋਚ ਸਕਦੇ ਹਨ ਕਿ ਜੇ ਇਹ ਹਕੀਮ ਬਾਪ ਆਪਣੇ ਫੈਸਲੇ ਧਰਮ, ਸਭਿਆਚਾਰ ਤੇ ਖਾਨਦਾਨ ਦਾ ਕੂੜਾ ਛੱਡ ਕੇ ਤੇ ਇਨਸਾਨੀਅਤ ਨੂੰ ਸਾਹਮਣੇ ਰੱਖ ਕੇ ਤਰਕ ਨਾਲ ਕਰੇ ਤਾਂ ਉਹ ਕਦੇ ਵੀ ਇਸ ਕਿਸਮ ਦੇ ਅਣਮਨੁੱਖੀ ਤੇ ਗੈਰ-ਕੁਦਰਤੀ ਕੰਮ ਨਾ ਕਰੇ। ਇਸ ਫਿਲਮ ਵਿਚ ਦਰਸ਼ਕ ਨੂੰ ਇਸ ਸੋਚ ਵਲ ਮੋੜਨ ਦੀ ਸ਼ਕਤੀ ਹੈ।

ਕਲਾਤਮਕ ਪੱਖੋਂ ਬੋਲ ਪੂਰੀ ਕਾਮਯਾਬ ਫਿਲਮ ਹੈ। ਹਰ ਪਲ ਦਰਸ਼ਕ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਸਮਾਜ ਦੇ ਵੱਖਰੇ ਵੱਖਰੇ ਗੰਭੀਰ ਮਸਲਿਆਂ ਨੂੰ ਸ਼ਾਨਦਾਰ ਤਰੀਕੇ ਨਾਲ ਇਕ ਪਰਵਾਰ ਦੇ ਜੀਆਂ ਦੀਆਂ ਜ਼ਿੰਦਗੀਆਂ ਨਾਲ ਬੁਣ ਕੇ ਪੇਸ਼ ਕੀਤਾ ਗਿਆ ਹੈ। ਫਿਲਮ ਕਹਾਣੀ ਦੇ ਪੱਖੋਂ ਤਾਂ ਦੇਖਣਯੋਗ ਹੈ ਹੀ ਨਾਲ ਹੀ ਇਸ ਵਿਚ ਹਰ ਕਲਾਕਾਰ ਵਲੋਂ ਕਮਾਲ ਦੀ ਅਦਾਕਾਰੀ ਪੇਸ਼ ਕੀਤੀ ਗਈ ਹੈ। ਸਿਰਫ ਮੁੱਖ ਭੂਮਕਾਵਾਂ ਨਿਭਾਅ ਰਹੇ ਅਦਾਕਾਰ ਹੀ ਕਮਾਲ ਨਹੀਂ ਕਰਦੇ ਸਗੋਂ ਕਈ ਅਦਾਕਾਰ ਜਿਹੜੇ ਛੋਟੇ ਛੋਟੇ ਰੋਲਾਂ ਵਿਚ ਕੁਝ ਪਲ ਹੀ ਸਾਹਮਣੇ ਆਉਂਦੇ ਹਨ ਉਹ ਵੀ ਚੇਤੇ 'ਚ ਖੁੱਭ ਜਾਂਦੇ ਹਨ। ਫਿਲਮ ਵਿਚ ਪਾਤਰ ਉਰਦੂ, ਪੰਜਾਬੀ ਤੇ ਕਿਤੇ ਕਿਤੇ ਅੰਗ੍ਰੇਜ਼ੀ ਬੋਲਦੇ ਹਨ। ਬੋਲੀਆਂ ਦੀ ਇਹ ਢੁੱਕਵੀਂ ਵਰਤੋਂ ਫਿਲਮ ਨੂੰ ਮੌਲਿਕਤਾ ਬਖਸ਼ਦੀ ਹੈ। ਨਿਰਦੇਸ਼ਕ ਸ਼ੋਇਬ ਮਨਸੂਰ ਇਸ ਉਤਮ ਕਿਰਤ ਲਈ ਵਧਾਈ ਦਾ ਹੱਕਦਾਰ ਹੈ।●

# ਨੀਰੋਜ਼ ਗੈੱਸਟ (ਨੀਰੋ ਦੇ ਮਹਿਮਾਨ): ਹਿੰਦੁਸਤਾਨ ਵਿੱਚ ਹੋ ਰਹੀਆਂ ਕਿਸਾਨਾਂ ਦੀਆਂ ਖੁਦਕਸ਼ੀਆਂ ਬਾਰੇ ਡਾਕੂਮੈਂਟਰੀ

**ਡਾਇਰੈਕਟਰ: ਦੀਪਾ ਭਾਟੀਆ**

-ਰਿਵੀਊਕਾਰ: ਸੁਖਵੰਤ ਹੁੰਦਲ-

ਹਿੰਦੁਸਤਾਨ ਦੇ ਪੇਂਡੂ ਖੇਤਰ ਬਾਰੇ ਸ਼ਿੱਦਤ, ਇਮਾਨਦਾਰੀ ਅਤੇ ਦ੍ਰਿੜਤਾ ਨਾਲ ਲਿਖਣ ਵਾਲੇ ਪੱਤਰਕਾਰ ਪੀ ਸਾਈਨਾਥ ਦੇ ਕੰਮ ਉੱਤੇ ਬਣੀ ਇਹ ਡਾਕੂਮੈਂਟਰੀ ਹਿੰਦੁਸਤਾਨ ਵਿੱਚ ਪੈਦਾ ਹੋਏ ਖੇਤੀਬਾੜੀ ਸੰਕਟ ਕਾਰਨ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕਸ਼ੀਆਂ ਬਾਰੇ ਬਹੁਪੱਖੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਡਾਕੂਮੈਂਟਰੀ ਵਿੱਚ ਸਾਈਨਾਥ ਬਹੁਤ ਹੀ ਸਪਸ਼ਟ ਅਤੇ ਸ਼ਕਤੀਸ਼ਾਲੀ ਢੰਗ ਨਾਲ ਇਹ

ਦਰਸਾਉਂਦਾ ਹੈ ਕਿ ਹਿੰਦੁਸਤਾਨ ਦੇ ਪੇਂਡੂ ਇਲਾਕਿਆਂ ਵਿੱਚ ਵਾਪਰ ਰਹੀਆਂ ਇਹਨਾਂ ਖੁਦਕਸ਼ੀਆਂ ਦੀ ਅਸਲ ਜੜ੍ਹ ਵਿਸ਼ਵ ਪੱਧਰ 'ਤੇ ਕੰਮ ਕਰ ਰਿਹਾ ਆਰਥਿਕ ਅਤੇ ਸਿਆਸੀ ਪ੍ਰਬੰਧ ਹੈ।

ਮਹਾਰਾਸ਼ਟਰ ਦੇ ਪੇਂਡੂ ਇਲਾਕਿਆਂ ਵਿੱਚ ਖੁਦਕਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨਾਲ ਕੀਤੀਆਂ ਮੁਲਾਕਾਤਾਂ ਉਹਨਾਂ ਪਰਿਵਾਰਾਂ ਦੇ ਦੁੱਖ ਦਰਦ ਨੂੰ ਪੇਸ਼ ਕਰਨ ਦੇ ਨਾਲ ਨਾਲ ਹਿੰਦੁਸਤਾਨ ਦੇ ਪੇਂਡੂ ਇਲਾਕਿਆਂ ਵਿਚਲੀ ਬੇਵਸੀ, ਮਜ਼ਬੂਰੀ ਅਤੇ ਲਾਚਾਰੀ ਨੂੰ ਵੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀਆਂ ਹਨ। ਪੇਂਡੂ ਖੇਤਰ ਦੀ ਪੱਤਰਕਾਰੀ ਦੇ ਆਪਣੇ ਲੰਮੇ ਤਜਰਬੇ ਦੇ ਆਧਾਰ 'ਤੇ ਪੀ ਸਾਈਨਾਥ ਵਲੋਂ ਇਹਨਾਂ ਖੁਦਕਸ਼ੀਆਂ ਬਾਰੇ ਕੀਤਾ ਵਿਸ਼ਲੇਸ਼ਣ ਇਹਨਾਂ ਖੁਦਕਸ਼ੀਆਂ ਨੂੰ ਵੱਡੇ ਸੰਦਰਭ ਵਿੱਚ ਦੇਖਣ ਵਿੱਚ ਸਹਾਈ ਹੁੰਦਾ ਹੈ।

ਸਾਈਨਾਥ ਆਪਣੀਆਂ ਟਿੱਪਣੀਆਂ ਵਿੱਚ ਪੇਂਡੂ ਖੇਤਰ ਦੇ ਸੰਕਟ ਦੇ ਨਾਲ ਨਾਲ ਹਿੰਦੁਸਤਾਨ ਦੇ ਵਸ਼ਿਸ਼ਟ ਅਤੇ ਅਮੀਰ ਵਰਗ ਅਤੇ ਸਰਕਾਰ ਦੀਆਂ ਨੀਤੀਆਂ ਉੱਪਰ ਵੀ ਵਿਅੰਗਮਈ ਅਤੇ ਕਰਾਰੀਆਂ ਚੋਟਾਂ ਕਰਦਾ ਹੈ। ਉਹ ਕਹਿੰਦਾ ਹੈ ਕਿ ਹਿੰਦੁਸਤਾਨ ਦੇ ਅਮੀਰ ਲੋਕਾਂ ਦੇ ਨੁਮਾਇੰਦੇ ਸਰਕਾਰ ਨੂੰ ਇਹ ਸੁਝਾਅ ਦਿੰਦੇ ਹਨ, ਕਿ ਜੇ ਉਸ ਨੇ "ਕਮਜ਼ੋਰਾਂ ਦੀ ਮਦਦ ਕਰਨੀ ਹੈ ਤਾਂ ਉਸ ਨੂੰ ਤੱਕੜਿਆਂ ਦੀ ਮਦਦ ਕਰਨੀ ਚਾਹੀਦੀ ਹੈ।" ਉਸ ਦਾ ਵਿਚਾਰ ਹੈ ਕਿ ਸਰਕਾਰ ਉਹਨਾਂ ਦੀ ਇਹ ਗੱਲ ਸੁਣ ਰਹੀ ਹੈ। ਨਤੀਜੇ ਵਜੋਂ ਸਰਕਾਰ ਦੀਆਂ ਅਜੋਕੀਆਂ ਨੀਤੀਆਂ ਹਿੰਦੁਸਤਾਨ ਵਿੱਚ ਅਮੀਰ ਅਤੇ ਗਰੀਬ ਵਿੱਚ ਪਾੜਾ ਵਧਾ ਰਹੀਆਂ ਹਨ।

ਹੁਣ ਸਵਾਲ ਉੱਠ ਸਕਦਾ ਹੈ ਕਿ ਜੇ ਹਿੰਦੁਸਤਾਨ ਵਿੱਚ ਅਜਿਹੇ ਹਾਲਤ ਹਨ ਤਾਂ ਇਹ ਗੱਲ ਮੀਡੀਏ ਰਾਹੀਂ ਲੋਕਾਂ ਦੇ ਸਾਹਮਣੇ ਕਿਉਂ ਨਹੀਂ ਆ ਰਹੀ? ਮੀਡੀਏ ਵਲੋਂ ਹਿੰਦੁਸਤਾਨ ਬਾਰੇ ਪੇਸ਼ ਕੀਤੀ ਜਾ ਰਹੀ ਤਸਵੀਰ ਵਿੱਚ ਤਾਂ ਇਹ ਦੱਸਿਆ ਜਾ ਰਿਹਾ ਹੈ ਕਿ ਪਿਛਲੇ ਕੁਝ ਦਹਾਕਿਆਂ ਦੌਰਾਨ ਹਿੰਦੁਸਤਾਨ ਵਿੱਚ ਬਹੁਤ ਖੁਸ਼ਹਾਲੀ ਆਈ ਹੈ। ਸਾਈਨਾਥ ਅਨੁਸਾਰ ਇਸ ਦਾ ਕਾਰਨ ਇਹ ਹੈ ਕਿ, ਦੁਨੀਆ ਵਿੱਚ ਸਭ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਿਕਾਸ ਕਰ ਰਿਹਾ ਹਿੰਦੁਸਤਾਨ ਦਾ ਮੀਡੀਆ ਬੇਸ਼ੱਕ ਸਿਆਸੀ ਤੌਰ 'ਤੇ ਤਾਂ ਅਜ਼ਾਦ ਹੈ ਪਰ ਉਹ ਮੁਨਾਫੇ ਦੀ ਕੈਦ ਵਿੱਚ ਹੈ। ਇਸ ਲਈ ਇਸ ਮੀਡੀਏ ਵਿੱਚ ਫੈਸ਼ਨ ਅਤੇ ਗਲੈਮਰ ਨੂੰ ਤਾਂ ਕਵਰ ਕੀਤਾ ਜਾਂਦਾ ਹੈ ਪਰ ਹਿੰਦੁਸਤਾਨ ਦੀ ਗਰੀਬੀ ਨੂੰ ਨਹੀਂ।

ਇਸ ਡਾਕੂਮੈਂਟਰੀ ਦਾ ਮੁੱਖ ਸੁਨੇਹਾ ਮੱਧਵਰਗੀ ਜਮਾਤ ਨਾਲ ਸੰਬਧਤ ਲੋਕਾਂ ਵਲ ਸੇਧਿਤ ਹੈ। ਸਾਈਨਾਥ ਦਾ ਕਹਿਣਾ ਹੈ ਕਿ ਹਿੰਦੁਸਤਾਨ ਦੇ ਪੇਂਡੂ ਖੇਤਰ ਦੀ ਸਥਿਤੀ ਇਸ ਲਈ ਕਾਇਮ ਰਹਿ ਰਹੀ ਹੈ ਕਿਉਂਕਿ ਹਿੰਦੁਸਤਾਨ ਦੇ ਅਮੀਰ ਲੋਕਾਂ ਦੇ ਨਾਲ ਨਾਲ ਹਿੰਦੁਸਤਾਨ ਦੇ ਸ਼ਹਿਰੀ ਮੱਧਵਰਗ ਨੂੰ ਵੀ ਇਸ ਸਥਿਤੀ ਤੋਂ ਕੁਝ ਫਾਇਦਾ ਹੋ ਰਿਹਾ ਹੈ। ਨਤੀਜੇ ਵਜੋਂ ਇਹ ਸ਼ਹਿਰੀ ਮੱਧਵਰਗ ਨਾ ਇਸ ਸਥਿਤੀ ਬਾਰੇ ਕੁਝ ਜਾਣਨਾ ਚਾਹੁੰਦਾ ਹੈ ਅਤੇ ਨਾ ਹੀ ਇਸ ਬਾਰੇ ਕੁਝ ਕਰਨਾ ਚਾਹੁੰਦਾ ਹੈ। ਸਾਈਨਾਥ ਬਹੁਤ ਹੀ ਦਲੀਲ ਨਾਲ ਕਹਿੰਦਾ ਹੈ ਕਿ ਇਸ ਸਮੇਂ ਹਿੰਦੁਸਤਾਨ ਦਾ ਸ਼ਹਿਰੀ ਮੱਧਵਰਗ ਉਸ ਤਰ੍ਹਾਂ ਦੀ ਭੂਮਿਕਾ ਨਿਭਾ ਰਿਹਾ ਹੈ ਜਿਸ ਤਰ੍ਹਾਂ ਦੀ ਭੂਮਿਕਾ ਕਿਸੇ ਸਮੇਂ ਰੋਮ ਦੇ ਬਾਦਸ਼ਾਹ ਨੀਰੋ ਦੇ ਮਹਿਮਾਨਾਂ ਨੇ ਨਿਭਾਈ ਸੀ। ਸਾਈਨਾਥ ਦਾ ਕਹਿਣਾ ਹੈ ਕਿ ਮੱਧਵਰਗ ਨੂੰ ਇਸ ਸਥਿਤੀ ਤੋਂ ਬਾਹਰ ਨਿਕਲਣਾ ਚਾਹੀਦਾ ਹੈ।

ਜੇ ਤੁਸੀਂ ਹਿੰਦੁਸਤਾਨ ਵਿੱਚ ਕਿਸਾਨਾਂ ਦੀਆਂ ਦੀਆਂ ਖੁਦਕਸ਼ੀਆਂ ਨਾਲ ਸੰਬੰਧਤ ਸੰਕਟ ਨੂੰ ਸਮਝਣਾ ਚਾਹੁੰਦੇ ਹੋ ਤਾਂ ਇਹ ਡਾਕੂਮੈਂਟਰੀ ਤੁਹਾਡੀ ਮਦਦ ਕਰ ਸਕਦੀ ਹੈ। ਇਸ ਡਾਕੂਮੈਂਟਰੀ ਨੂੰ ਆਪ ਦੇਖੋ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਡਾਕੂਮੈਂਟਰੀ ਨੂੰ ਦੇਖਣ ਲਈ ਪ੍ਰੇਰਿਤ ਕਰੋ। ਮੈਨੂੰ ਯਕੀਨ ਹੈ ਕਿ ਇਸ ਡਾਕੂਮੈਂਟਰੀ ਨੂੰ ਆਪ ਦੇਖਣਾ ਅਤੇ ਦੂਸਰੇ ਲੋਕਾਂ ਨੂੰ ਇਹ ਡਾਕੂਮੈਂਟਰੀ ਦੇਖਣ ਲਈ ਪ੍ਰੇਰਿਤ ਕਰਨਾ ਬਾਦਸ਼ਾਹ ਨੀਰੋ ਦੇ ਮਹਿਮਾਨ ਨਾ ਬਣਨ ਦੇ ਅਮਲ ਵੱਲ ਪੁੱਟਿਆ ਜਾਣ ਵਾਲਾ ਇਕ ਮਹੱਤਵਪੂਰਨ ਪਹਿਲਾ ਕਦਮ ਹੋਵੇਗਾ। ●

